Watch
PUNJAB MAIL USA
TV Channel
On IP box, App, Website
For Advertisement
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ
ਯੂ. ਐੱਸ. ਏ.

# ਪੰਜਾਬ ਮੇਲ

Chief Editor: Gurjatinder Singh Randhawa
Punjab Mail USA




Vol. 17, Issue- 744, 06 to 12 Apr. 2023, Ph: 916-320-9444, E-mail: punjabmailusa@yahoo.com, Web: punjabmailusa.com

## ਇੰਗਲੈਂਡ ਦੇ ਮੈਂਬਰ ਪਾਰਲੀਮੈਂਟ ਤਨਮਨਜੀਤ ਸਿੰਘ ਢੇਸੀ ਦਾ ਕੈਲੀਫੋਰਨੀਆ 'ਚ ਨਿੱਘਾ ਸਵਾਗਤ

■ ਵੱਖ-ਵੱਖ ਗੁਰਦੁਆਰਾ ਸਾਹਿਬ ਦੀਆਂ ਪ੍ਰਬੰਧਕ ਕਮੇਟੀਆਂ ਵੱਲੋਂ ਸਿਰਪੋਾਓ ਦੇ ਕੇ ਕੀਤਾ ਗਿਆ ਸਨਮਾਨਿਤ





ਅਮਰੀਕੀ ਦੌਰੇ ਦੌਰਾਨ ਇੰਗਲੈਂਡ ਦੇ ਮੈਂਬਰ ਪਾਰਲੀਮੈਂਟ ਤਨਮਨਜੀਤ ਸਿੰਘ ਢੇਸੀ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕਰਦੇ ਹੋਏ ਵੱਖ-ਵੱਖ ਗੁਰੂਘਰਾਂ ਦੇ ਮੈਂਬਰ।

ਸੈਕਰਾਮੈਂਟੋ, (ਪੰਜਾਬ ਮੇਲ)- ਇੰਗਲੈਂਡ ਦੇ ਪਹਿਲੇ ਚੁਣੇ ਹੋਏ ਦਸਤਾਰਧਾਰੀ ਸਿੱਖ ਮੈਂਬਰ ਪਾਰਲੀਮੈਂਟ ਤਨਮਨਜੀਤ ਸਿੰਘ ਢੇਸੀ ਕੈਲੀਫੋਰਨੀਆ ਪਹੁੰਚੇ, ਜਿੱਥੇ ਉਨ੍ਹਾਂ ਦਾ ਵੱਖ-ਵੱਖ ਥਾਂਵਾਂ 'ਤੇ ਭਰਵਾਂ ਸਵਾਗਤ ਕੀਤਾ ਗਿਆ ਅਤੇ ਸਮਾਗਮਾਂ ਦਾ ਆਯੋਜਨ ਕੀਤਾ ਗਿਆ। ਇਸ ਦੌਰੇ ਦੌਰਾਨ ਉਹ ਗੁਰਦੁਆਰਾ ਸਾਹਿਬ ਫਰੀਮਾਂਟ ਪਹੁੰਚੇ, ਜਿੱਥੇ ਉਨ੍ਹਾਂ ਨੂੰ ਗੁਰਦੁਆਰਾ ਸਾਹਿਬ ਦੀ ਕਮੇਟੀ ਵੱਲੋਂ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਦੌਰਾਨ ਬੋਲਦਿਆਂ ਮੈਂਬਰ ਪਾਰਲੀਮੈਂਟ ਤਨਮਨਜੀਤ ਸਿੰਘ ਢੇਸੀ ਨੇ ਕਿਹਾ ਕਿ ਮੈਂ ਸਿੱਖ ਮਸਲਿਆਂ ਬਾਰੇ ਇੰਗਲੈਂਡ ਦੀ ਪਾਰਲੀਮੈਂਟ ਵਿਚ ਅਕਸਰ ਆਵਾਜ਼ ਉਠਾਉਂਦਾ ਰਹਿੰਦਾ ਹਾਂ, ਉਹ ਚਾਹੇ ਕਿਸਾਨ ਮੋਰਚੇ ਸੰਬੰਧੀ ਹੋਵੇ, ਸ੍ਰੀ ਗੁਰੂ ਰਾਮਦਾਸ ਏਅਰਪੋਰਟ ਅੰਮ੍ਰਿਤਸਰ ਤੋਂ ਸਿੱਧੀਆਂ ਫਲਾਈਟਾਂ ਸੰਬੰਧੀ ਹੋਵੇ, ਮਨੁੱਖੀ ਅਧਿਕਾਰਾਂ ਸੰਬੰਧੀ ਹੋਵੇ ਜਾਂ ਐੱਨ.ਆਰ.ਆਈ. ਸੰਬੰਧੀ ਮਸਲੇ ਹੋਣ। ਇਸ ਉਪਰੰਤ ਉਨ੍ਹਾਂ ਗੁਰਦੁਆਰਾ ਸਾਹਿਬ ਦੀ ਕਮੇਟੀ ਨਾਲ ਲੰਮੀ ਮੀਟਿੰਗ ਕੀਤੀ ਅਤੇ ਸਿੱਖ ਮਸਲਿਆਂ ਬਾਰੇ ਵਿਚਾਰ-ਵਟਾਂਦਰੇ ਕੀਤੇ।

ਅਮਰੀਕਨ ਸਿੱਖ ਕਾਕਸ ਕਮੇਟੀ ਦੇ ਚੇਅਰਮੈਨ ਡਾ. ਪ੍ਰਿਤਪਾਲ ਸਿੰਘ ਦੇ ਗ੍ਰਹਿ ਵਿਖੇ ਹੋਏ ਇਕ ਪ੍ਰਭਾਵਸ਼ਾਲੀ ਸਮਾਗਮ ਵਿਚ ਤਨਮਨਜੀਤ ਸਿੰਘ ਢੇਸੀ ਨੇ ਕਿਹਾ ਕਿ ਸਾਡੀ ਅਗਲੀ ਨਸਲ ਨੂੰ ਵਿਦੇਸ਼ਾਂ ਵਿਚ ਮੁੱਖ ਧਾਰਾ ਵਿਚ ਸ਼ਾਮਲ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਾਡੇ ਬੱਚੇ ਭਾਵੇਂ ਪੜ੍ਹਾਈ ਵਿਚ ਬਹੁਤ ਅੱਗੇ ਹਨ, ਇਸ ਦੇ ਨਾਲ-ਨਾਲ ਉਨ੍ਹਾਂ ਨੂੰ ਸਥਾਨਕ ਰਾਜਨੀਤੀ, ਖੇਡਾਂ, ਮੀਡੀਆ ਆਦਿ ਖੇਤਰਾਂ ਵਿਚ ਵੱਧ-ਚੜ੍ਹ ਕੇ ਹਿੱਸਾ ਪਾਉਣਾ ਚਾਹੀਦਾ ਹੈ, ਤਾਂ ਕਿ ਸਿੱਖਾਂ ਦੀ ਪਛਾਣ ਵਿਦੇਸ਼ਾਂ ਵਿਚ ਵੀ ਬਣ ਸਕੇ।

ਗਦਰੀ ਬਾਬਿਆਂ ਦੇ ਇਸ ਇਤਿਹਾਸਕ ਗੁਰਦੁਆਰਾ ਸਾਹਿਬ ਸਟਾਕਟਨ ਵਿਖੇ ਵੀ ਤਨਮਨਜੀਤ ਸਿੰਘ ਢੇਸੀ ਨੂੰ ਕਮੇਟੀ ਵੱਲੋਂ ਸਿਰੋਪਾਓ ਦੇ ਕੇ ਸਨਮਾਨ ਕੀਤਾ ਗਿਆ। ਇਸ ਦੌਰਾਨ ਸ. ਢੇਸੀ ਨੇ ਸਟੇਜ ਤੋਂ ਬੋਲਦਿਆਂ ਕਿਹਾ ਕਿ ਸਾਨੂੰ ਗਦਰੀ ਬਾਬਿਆਂ ਦੀਆਂ ਕੁਰਬਾਨੀਆਂ ਹਮੇਸ਼ਾ ਯਾਦ ਰੱਖਣੀਆਂ ਚਾਹੀਦੀਆਂ ਹਨ। ਉਨ੍ਹਾਂ ਕਿਹਾ ਕਿ ਮੈਨੂੰ ਬੜੀ ਖੁਸ਼ੀ ਹੈ ਕਿ ਮੈਨੂੰ ਇਸ ਪਵਿੱਤਰ ਅਸਥਾਨ ਦੇ ਦਰਸ਼ਨ ਕਰਨ ਦਾ ਮੌਕਾ ਮਿਲਿਆ ਹੈ। ਸ. ਤਨਮਨਜੀਤ ਸਿੰਘ ਢੇਸੀ ਕੈਲੀਫੋਰਨੀਆ ਦੀ ਰਾਜਧਾਨੀ ਸੈਕਰਾਮੈਂਟੋ ਵੀ ਵਿਸ਼ੇਸ਼ ਤੌਰ 'ਤੇ ਗਏ।

ਜ਼ਿਕਰਯੋਗ ਹੈ ਕਿ ਇਸ ਸਾਰੇ ਦੌਰੇ ਦੌਰਾਨ ਉਨ੍ਹਾਂ ਦੇ ਨਜ਼ਦੀਕੀ ਰਿਸ਼ਤੇਦਾਰ ਸ. ਮੱਖਣ ਸਿੰਘ ਝੱਟੂ ਅਤੇ ਐਲਕ ਗਰੋਵ ਸਿਟੀ ਦੇ ਕਮਿਸ਼ਨਰ ਗੁਰਜਤਿੰਦਰ ਸਿੰਘ ਰੰਧਾਵਾ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

■ ਬਾਕੀ ਫੋਟੋਆਂ ਸਫਾ 3 'ਤੇ ਦੇਖੋ

## ਸੈਕਰਾਮੈਂਟੋ ਵਿਖੇ ਯੂ.ਕੇ. ਦੇ ਪਾਰਲੀਮੈਂਟ ਮੈਂਬਰ ਤਨਮਨਜੀਤ ਸਿੰਘ ਢੇਸੀ ਦਾ ਅਮਰੀਕੀ ਆਗੂਆਂ ਵੱਲੋਂ ਸਨਮਾਨ



ਸੈਕਰਾਮੈਂਟੋ, (ਪੰਜਾਬ ਮੇਲ)- ਕੈਲੀਫੋਰਨੀਆ ਦੌਰੇ 'ਤੇ ਆਏ ਇੰਗਲੈਂਡ ਦੇ ਪਹਿਲੇ ਸਿੱਖ ਦਸਤਾਰਧਾਰੀ ਮੈਂਬਰ ਪਾਰਲੀਮੈਂਟ ਤਨਮਨਜੀਤ ਸਿੰਘ ਢੇਸੀ ਦਾ ਕੈਲੀਫੋਰਨੀਆ ਦੀ ਰਾਜਧਾਨੀ ਸੈਕਰਾਮੈਂਟੋ ਵਿਖੇ ਅਮਰੀਕਾ ਦੇ ਵੱਖ-ਵੱਖ ਚੁਣੇ ਹੋਏ ਆਗੂਆਂ ਵੱਲੋਂ ਸਨਮਾਨ ਕੀਤਾ ਗਿਆ। ਮਿਰਾਜ ਪੈਲੇਸ ਵਿਖੇ ਹੋਏ ਇਸ ਪ੍ਰਭਾਵਸ਼ਾਲੀ ਸਮਾਗਮ ਵਿਚ ਅਸੈਂਬਲੀ ਮੈਂਬਰ ਸਟੈਫਨੀ ਵਿਨ, ਐਲਕ ਗਰੋਵ ਸਿਟੀ ਦੀ ਮੇਅਰ ਬੌਬੀ ਸਿੰਘ ਐਲਨ, ਸਟਰ ਕਾਊਂਟੀ ਦੇ ਸੁਪਰਵਾਈਜ਼ਰ ਕਰਮ ਬੈਂਸ, ਗਾਲਟ ਸਿਟੀ ਦੇ ਮੇਅਰ ਪਰਗਟ ਸਿੰਘ ਸੰਧੂ, ਕੌਂਸਲ ਮੈਂਬਰ ਰਾਡ ਬਰਿਊਅਰ, ਕੌਂਸਲ ਮੈਂਬਰ ਡੈਰੇਨ ਸਿਊਨ, ਕੌਂਸਲ ਮੈਂਬਰ ਅਮਿਤ ਪਾਲ ਤੋਂ ਇਲਾਵਾ ਚੜ੍ਹਦਾ ਪੰਜਾਬ ਕਲੱਬ, ਕੋਹਿਨੂਰ ਕਲੱਬ, ਇੰਡੀਅਨ ਕੇਅਰ ਐਸੋਸੀਏਸ਼ਨ ਫੇਅਰਫੀਲਡ, ਪੰਜਾਬ ਪ੍ਰੋਡਕਸ਼ਨਜ਼

■ ਸਾਨੂੰ ਵਿਦੇਸ਼ਾਂ ਵਿਚ ਰਹਿੰਦਿਆਂ ਆਪਣੀ ਪਛਾਣ ਬਣਾਉਣ ਦੀ ਬਹੁਤ ਲੋੜ : ਸ. ਤਨਮਨਜੀਤ ਸਿੰਘ ਢੇਸੀ

ਅਤੇ ਹੋਰ ਵੀ ਬਹੁਤ ਸਾਰੀਆਂ ਸੰਸਥਾਵਾਂ ਤੇ ਉਨ੍ਹਾਂ ਦੇ ਮੈਂਬਰ ਪਹੁੰਚੇ ਹੋਏ ਸਨ। ਇਸ ਦੌਰਾਨ ਅਸੈਂਬਲੀ ਮੈਂਬਰ ਸਟੈਫਨੀ ਵਿਨ, ਐਲਕ ਗਰੋਵ ਮੇਅਰ ਬੌਬੀ ਸਿੰਘ ਐਲਨ, ਕਾਊਂਟੀ ਸੁਪਰਵਾਈਜ਼ਰ ਕਰਮ ਸਿੰਘ ਬੈਂਸ ਨੇ ਮੈਂਬਰ ਪਾਰਲੀਮੈਂਟ ਤਨਮਨਜੀਤ ਸਿੰਘ ਢੇਸੀ ਨੂੰ ਆਪਣੇ ਵੱਲੋਂ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ।

ਕਮਿਸ਼ਨਰ ਗੁਰਜਤਿੰਦਰ ਸਿੰਘ ਰੰਧਾਵਾ ਨੇ ਸਟੇਜ ਸਕੱਤਰ ਦੀ ਸੇਵਾ ਨਿਭਾਈ। ਇਸ ਮੌਕੇ ਬੋਲਦਿਆਂ ਮੈਂਬਰ ਪਾਰਲੀਮੈਂਟ ਸ. ਤਨਮਨਜੀਤ ਸਿੰਘ ਢੇਸੀ ਨੇ ਕਿਹਾ ਕਿ ਸਾਨੂੰ ਵਿਦੇਸ਼ਾਂ ਵਿਚ ਰਹਿੰਦਿਆਂ ਆਪਣੀ ਪਛਾਣ ਬਣਾਉਣ ਦੀ ਬਹੁਤ ਲੋੜ ਹੈ। ਅਸੀਂ ਲੰਮੇਂ ਸਮੇਂ ਤੋਂ ਵਿਦੇਸ਼ਾਂ ਵਿਚ ਰਹਿ ਰਹੇ ਹਾਂ। ਪਰ ਹਾਲੇ ਵੀ ਸਾਨੂੰ ਕਈ ਤਰ੍ਹਾਂ ਦੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਸਾਡੀ ਨੌਜਵਾਨ ਪੀੜ੍ਹੀ ਨੂੰ ਮੁੱਖ ਧਾਰਾ ਵਿਚ ਆ ਕੇ ਰਾਜਨੀਤੀ 'ਚ ਸ਼ਾਮਲ ਹੋਣਾ ਚਾਹੀਦਾ ਹੈ। ਸ. ਢੇਸੀ ਨੇ ਕਿਹਾ ਕਿ ਮੈਨੂੰ ਬੜੀ ਖੁਸ਼ੀ ਹੈ ਕਿ ਇਥੋਂ ਦੀਆਂ ਸੰਸਥਾਵਾਂ ਖੇਡ ਜਗਤ ਵਿਚ ਅਮਰੀਕਾ ਅਤੇ ਪੰਜਾਬ 'ਚ ਕਾਫੀ ਵੱਡਾ ਯੋਗਦਾਨ ਪਾ ਰਹੀਆਂ ਹਨ। ਉਨ੍ਹਾਂ ਸੰਸਥਾਵਾਂ ਨੂੰ ਅਪੀਲ ਕੀਤੀ ਕਿ ਉਹ ਆਪੋ-ਆਪਣੇ ਪਿੰਡਾਂ ਵਿਚ ਵੀ ਜ਼ਰੂਰਤਮੰਦ ਲੋਕਾਂ ਦੀ ਮਦਦ ਕਰਨ, ਤਾਂ ਕਿ ਉਨ੍ਹਾਂ ਦਾ ਜੀਵਨ ਪੱਧਰ ਉੱਚਾ ਹੋ ਸਕੇ।

ਜ਼ਿਕਰਯੋਗ ਹੈ ਕਿ ਸ. ਢੇਸੀ ਆਪਣੇ ਨਜ਼ਦੀਕੀ ਰਿਸ਼ਤੇਦਾਰ ਮੱਖਣ ਸਿੰਘ ਝੱਟੂ ਦੇ ਸਪੁੱਤਰ ਦੇ ਵਿਆਹ ਮੌਕੇ ਕੈਲੀਫੋਰਨੀਆ ਆਏ ਹੋਏ ਸਨ।

■ ਬਾਕੀ ਫੋਟੋਆਂ ਸਫਾ 2 'ਤੇ ਦੇਖੋ

## ਅਮਰੀਕੀ ਸੰਸਦ 'ਚ 14 ਅਪ੍ਰੈਲ ਨੂੰ 'ਰਾਸ਼ਟਰੀ ਸਿੱਖ ਦਿਵਸ' ਵਜੋਂ ਮਨਾਉਣ ਦਾ ਪ੍ਰਸਤਾਵ ਪੇਸ਼

■ ਸਿੱਖ ਕਾਕਸ ਵੱਲੋਂ ਕੀਤੀ ਗਈ ਸ਼ਲਾਘਾ



ਡਾ. ਪ੍ਰਿਤਪਾਲ ਸਿੰਘ
ਕੋਆਰਡੀਨੇਟਰ, ਏਜੀਪੀਸੀ


ਵਸ਼ਿੰਗਟਨ, (ਪੰਜਾਬ ਮੇਲ)- ਅਮਰੀਕਨ ਸਿੱਖ ਕਾਕਸ ਕਮੇਟੀ ਨੇ ਅਮਰੀਕੀ ਸੰਸਦ ਵੱਲੋਂ 14 ਅਪ੍ਰੈਲ ਨੂੰ ਅਮਰੀਕਾ ਵਿਚ ਰਾਸ਼ਟਰੀ ਸਿੱਖ ਦਿਵਸ ਵਜੋਂ ਮਨਾਉਣ ਲਈ ਪ੍ਰਸਤਾਵ ਪੇਸ਼ ਕਰਨ 'ਤੇ ਸਮੂਹ ਸੰਸਦ ਦਾ ਧੰਨਵਾਦ ਕੀਤਾ ਹੈ। ਕਾਕਸ ਦੇ ਚੇਅਰਮੈਨ ਡਾ. ਪ੍ਰਿਤਪਾਲ ਸਿੰਘ ਨੇ ਕਿਹਾ ਕਿ ਇਸ ਨਾਲ ਅਮਰੀਕਾ ਵਿਚ ਸਿੱਖ ਪਹਿਚਾਣ ਬਣਾਉਣ ਲਈ ਹੋਰ ਵੀ ਮਦਦ ਮਿਲੇਗੀ।

ਜ਼ਿਕਰਯੋਗ ਹੈ ਕਿ ਅਮਰੀਕਾ ਦੇ ਦੋ ਸੰਸਦ ਮੈਂਬਰਾਂ ਨੇ 14 ਅਪ੍ਰੈਲ ਨੂੰ ਰਾਸ਼ਟਰੀ ਸਿੱਖ ਦਿਵਸ (ਨੈਸ਼ਨਲ ਸਿੱਖ ਡੇਅ) ਦੇ ਰੂਪ 'ਚ ਮਨਾਉਣ ਦੇ ਲਈ ਸੰਸਦ ਦੇ ਹੇਠਲੇ ਸਦਨ ਹਾਊਸ ਆਫ ਰਿਪ੍ਰੈਜ਼ੈਂਟਿਵਸ (ਪ੍ਰਤੀਨਿਧੀ ਸਭਾ) 'ਚ ਪ੍ਰਸਤਾਵ ਪੇਸ਼ ਕੀਤਾ ਹੈ। ਅਮਰੀਕਾ 'ਚ ਲੋਕਾਂ ਨੂੰ ਮਜ਼ਬੂਤ ਅਤੇ ਪ੍ਰੇਰਿਤ ਕਰਨ 'ਚ ਸਿੱਖ ਭਾਈਚਾਰੇ ਦੇ ਯੋਗਦਾਨ ਦਾ ਸਨਮਾਨ ਕਰਦਿਆਂ ਹੋਇਆਂ ਇਹ ਪ੍ਰਸਤਾਵ ਪੇਸ਼ ਕੀਤਾ ਗਿਆ ਹੈ। ਪ੍ਰਸਤਾਵ 'ਚ ਲਿਖਿਆ ਹੈ ਕਿ 14 ਅਪ੍ਰੈਲ ਨੂੰ ਸਿੱਖ ਵਿਸਾਖੀ ਦੇ ਰੂਪ 'ਚ ਮਨਾਉਂਦੇ ਹਨ। ਉਹ ਇਸ ਦਿਨ ਨੂੰ ਖਾਲਸਾ ਸਾਜਨਾ ਦਿਵਸ ਦੇ ਰੂਪ 'ਚ ਮਨਾਉਂਦੇ ਹਨ। ਵਿਸਾਖੀ ਧਰਮ ਦੇ ਇਤਿਹਾਸ ਅਤੇ ਸਿੱਖਾਂ ਦੀ ਪਹਿਚਾਣ ਬਣਾਏ ਰੱਖਣ 'ਚ ਅਹਿਮ ਭੂਮਿਕਾ ਨਿਭਾਉਂਦੀ ਹੈ। ਅਮਰੀਕੀ ਸੰਸਦ ਮੈਂਬਰ ਮੈਰੀ ਗੇ ਸਕੈਨਲੋਨ ਨੇ ਪ੍ਰਸਤਾਵ ਪੇਸ਼ ਕਰਦਿਆਂ ਹੋਇਆਂ ਕਿਹਾ ਕਿ ਅਮਰੀਕਾ ਦੇ ਸਿਧਾਂਤਾਂ ਦੀ ਤਰ੍ਹਾਂ ਹੀ ਸਿੱਖ ਭਾਈਚਾਰਾ ਧਾਰਮਿਕ ਪ੍ਰੋਗਰਾਮਾਂ ਨਾਲ ਜਨਤਕ ਸੇਵਾ ਕਰਦਾ ਹੈ। ਮੈਰੀ ਨੇ ਕਿਹਾ ਕਿ ਅਮਰੀਕਾ ਦੀ ਜਨਤਾ ਦੇਸ਼ ਨੂੰ ਖ਼ੁਸ਼ਹਾਲ ਬਣਾਉਣ ਲਈ ਸਿੱਖ ਭਾਈਚਾਰੇ ਦਾ ਸਨਮਾਨ ਕਰਦੀ ਹੈ। ਪ੍ਰਸਤਾਵ 'ਚ ਕਿਹਾ ਗਿਆ ਹੈ ਕਿ ਵਿਸਾਖੀ ਦੇ ਦਿਨ ਸਿੱਖ ਸੰਨ 1699 ਦੇ ਖਾਲਸਾ ਸਾਜਨਾ

■ ਬਾਕੀ ਖਬਰ ਸਫਾ 13 'ਤੇ

## ਮੈਨਹਟਨ ਕੋਰਟ 'ਚ ਟਰੰਪ ਦੀ ਹੋਈ ਪੇਸ਼ੀ; ਸੁਣਵਾਈ ਦੌਰਾਨ ਖ਼ੁਦ ਨੂੰ ਦੱਸਿਆ ਬੇਕਸੂਰ

■ ਟਰੰਪ ਨੂੰ ਅਦਾਲਤ ਪਹੁੰਚਦਿਆਂ ਹੀ ਪੁਲਿਸ ਨੇ ਹਿਰਾਸਤ 'ਚ ਲਿਆ



ਨਿਊਯਾਰਕ, (ਪੰਜਾਬ ਮੇਲ)- ਸਾਬਕਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਪੋਰਨ ਸਟਾਰ ਨੂੰ ਗੁਪਤ ਭੁਗਤਾਨ ਦੇ ਮਾਮਲੇ 'ਚ ਮੈਨਹਟਨ ਦੀ ਅਦਾਲਤ 'ਚ ਪੇਸ਼ ਹੋਏ। ਇਸ ਦੌਰਾਨ ਅਦਾਲਤ ਦੀ ਚਾਰਦੀਵਾਰੀ 'ਚ ਪਹੁੰਚਦਿਆਂ ਹੀ ਉਸ ਨੂੰ ਹਿਰਾਸਤ 'ਚ ਲੈ ਲਿਆ ਗਿਆ, ਜਿਸ ਤੋਂ ਬਾਅਦ ਉਹ ਅਦਾਲਤ 'ਚ ਸੁਣਵਾਈ ਲਈ ਪੇਸ਼ ਹੋਏ। ਉਨ੍ਹਾਂ ਅਦਾਲਤ ਵਿਚ ਕਿਹਾ ਕਿ ਮੈਂ ਵਿਸ਼ਵਾਸ ਨਹੀਂ ਕਰ ਸਕਦਾ ਕਿ ਇਹ ਸਭ ਕੁਝ ਅਮਰੀਕਾ ਵਿਚ ਹੋ ਰਿਹਾ ਹੈ। ਜੱਜ ਸਾਹਮਣੇ ਪੇਸ਼ ਹੋਣ ਤੋਂ ਬਾਅਦ ਟਰੰਪ ਅਦਾਲਤ 'ਚੋਂ ਬਾਹਰ ਚਲੇ ਗਏ। ਸੁਣਵਾਈ ਦੌਰਾਨ ਜੱਜ ਨੇ ਕਿਹਾ ਕਿ ਅਜਿਹੀਆਂ ਗੱਲਾਂ ਬੋਲਣ ਤੋਂ ਗੁਰੇਜ਼ ਕਰੋ, ਜਿਸ ਨਾਲ ਮਾਹੌਲ ਖਰਾਬ ਹੋਵੇ। ਕੋਰਟ ਰੂਮ 'ਚ ਸੁਣਵਾਈ ਦੌਰਾਨ ਟਰੰਪ ਨੇ ਖੁਦ ਨੂੰ ਬੇਕਸੂਰ ਦੱਸਿਆ ਤੇ ਕਿਹਾ ਕਿ ਉਨ੍ਹਾਂ ਖ਼ਿਲਾਫ਼ ਧੋਖਾਧੜੀ ਦੇ 34 ਮਾਮਲੇ ਗਲਤ ਹਨ।

ਅਦਾਲਤ ਨੇ ਦਲੀਲਾਂ ਸੁਣਨ ਤੋਂ ਬਾਅਦ ਟਰੰਪ ਨੂੰ ਕਰੀਬ 1 ਲੱਖ 22 ਹਜ਼ਾਰ ਡਾਲਰ ਦਾ ਜੁਰਮਾਨਾ ਅਦਾ ਕਰਨ ਦਾ ਹੁਕਮ ਦਿੱਤਾ ਹੈ। ਸਟੋਰਮੀ ਡੇਨੀਅਲਸ ਨੂੰ ਇਹ ਜੁਰਮਾਨਾ ਭਰਨਾ ਪਵੇਗਾ। ਸੁਣਵਾਈ ਤੋਂ ਬਾਅਦ ਟਰੰਪ ਅਦਾਲਤ ਤੋਂ ਚਲੇ ਗਏ। ਇਸ ਤੋਂ ਪਹਿਲਾਂ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਟਰੰਪ ਨੇ ਮੈਨਹਟਨ ਦੀ ਅਪਰਾਧਿਕ ਅਦਾਲਤ ਵਿਚ ਆਤਮ-ਸਮਰਪਣ ਕਰ ਦਿੱਤਾ ਸੀ। ਇਸ ਤੋਂ ਬਾਅਦ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਕੇ ਅਪਰਾਧਿਕ ਅਦਾਲਤ ਵਿਚ ਪੇਸ਼ ਕੀਤਾ ਗਿਆ।

ਅਦਾਲਤ ਵਿਚ ਪੇਸ਼ ਹੋਣ ਤੋਂ ਕੁਝ ਘੰਟੇ ਪਹਿਲਾਂ ਟਰੰਪ ਨੇ ਆਪਣੇ ਸਮਰਥਕਾਂ ਨੂੰ ਇਕ ਈਮੇਲ ਵੀ ਭੇਜੀ ਸੀ। ਉਨ੍ਹਾਂ ਇਸ ਈਮੇਲ ਦੇ ਵਿਸ਼ੇ ਵਿਚ ਲਿਖਿਆ ਕਿ ਮੇਰੀ ਗ੍ਰਿਫ਼ਤਾਰੀ ਤੋਂ ਪਹਿਲਾਂ ਮੇਰੀ ਆਖਰੀ ਈਮੇਲ। ਡੋਨਾਲਡ ਟਰੰਪ ਅਮਰੀਕਾ ਦੇ

■ ਬਾਕੀ ਖਬਰ ਸਫਾ 13 'ਤੇ

## ਅਮਰੀਕਾ ਵੱਲੋਂ ਪਾਸਪੋਰਟ ਅਪਲਾਈ ਕਰਨ ਵਾਲਿਆਂ ਲਈ ਨਵੇਂ ਦਿਸ਼ਾ-ਨਿਰਦੇਸ਼ ਜਾਰੀ


■ ਅੰਤਰਰਾਸ਼ਟਰੀ ਪੱਧਰ 'ਤੇ ਯਾਤਰਾ ਕਰਨ ਦੇ ਕਾਰਨ ਪਾਸਪੋਰਟ ਦੀ ਬੇਮਿਸਾਲ ਮੰਗ



ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਵਿਦੇਸ਼ ਵਿਭਾਗ ਨੇ ਗਰਮੀਆਂ 'ਚ ਅੰਤਰਰਾਸ਼ਟਰੀ ਯਾਤਰਾ ਲਈ ਆਪਣੇ ਪਾਸਪੋਰਟ ਬਣਵਾਉਣ ਵਾਲਿਆਂ ਦੀਆਂ ਪ੍ਰੇਸ਼ਾਨੀਆਂ ਨੂੰ ਹੱਲ ਕਰਨ ਲਈ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ। ਵਿਭਾਗ ਨੇ ਇਕ ਬਿਆਨ 'ਚ ਕਿਹਾ ਕਿ ਅਸੀਂ ਪਾਸਪੋਰਟ ਬਣਵਾਉਣ ਵਾਲਿਆਂ ਲਈ ਸਰਵੋਤਮ ਸੰਭਵ ਸੇਵਾ ਪ੍ਰਦਾਨ ਕਰਨ ਲਈ ਵਚਨਬੱਧ ਹਾਂ। ਕੋਵਿਡ ਮਹਾਮਾਰੀ ਦੇ ਮੱਦੇਨਜ਼ਰ ਅੰਤਰਰਾਸ਼ਟਰੀ ਪੱਧਰ 'ਤੇ ਯਾਤਰਾ ਕਰਨ ਦੇ ਕਾਰਨ ਪਾਸਪੋਰਟ ਦੀ ਬੇਮਿਸਾਲ ਮੰਗ ਹੈ। 2022 'ਚ ਰਿਕਾਰਡ 22 ਮਿਲੀਅਨ ਪਾਸਪੋਰਟ ਪ੍ਰਕਿਰਿਆ 'ਚ ਰੱਖੇ ਗਏ ਹਨ। ਵਿਦੇਸ਼ ਵਿਭਾਗ ਨੇ ਕਿਹਾ ਕਿ ਉਹ ਇਸ ਵਿੱਤੀ ਸਾਲ 'ਚ ਫਿਰ ਤੋਂ ਉਸ ਰਿਕਾਰਡ ਨੂੰ ਤੋੜਣ ਲਈ ਤਿਆਰ ਹੈ। ਅੱਜ ਤੱਕ ਵਿਦੇਸ਼ ਵਿਭਾਗ ਨੂੰ ਪਾਸਪੋਰਟ ਲਈ ਪ੍ਰਤੀ ਹਫ਼ਤਾ 5,00,000 ਤੋਂ ਜ਼ਿਆਦਾ ਅਰਜ਼ੀਆਂ ਪ੍ਰਾਪਤ ਹੋਈਆਂ ਹਨ, ਜੋ ਪਿਛਲੇ ਸਾਲ ਦੀ ਇਸੇ ਮਿਆਦ ਦੇ ਮੁਕਾਬਲੇ ਔਸਤ ਨਾਲੋਂ 30 ਤੋਂ 40 ਫ਼ੀਸਦੀ ਵੱਧ ਹੈ।

ਵਿਭਾਗ ਨੇ ਆਪਣੇ ਕਰਮਚਾਰੀਆਂ ਦੇ ਪੱਧਰ 'ਚ ਵੀ ਵਾਧਾ ਕੀਤਾ ਹੈ, ਜਿਸ ਨਾਲ ਸੈਂਕੜੇ ਨਵੇਂ ਕਰਮਚਾਰੀਆਂ ਨੂੰ ਜੋੜਿਆ ਜਾ ਰਿਹਾ ਹੈ, ਤਾਂ ਕਿ ਮੌਜੂਦਾ ਕਰਮਚਾਰੀਆਂ ਦੇ ਓਵਰ ਟਾਈਮ ਕੰਮ ਕਰਨ ਦੀ ਸਮਰੱਥਾ ਨੂੰ ਵਧਾਉਣ 'ਚ ਮਦਦ ਮਿਲ ਸਕੇ। ਵਿਭਾਗ ਨੇ ਬਾਅਦ 'ਚ ਕਾਲਾਂ ਦੀ ਆਮਦ ਨੂੰ ਸੰਭਾਲਣ 'ਚ ਮਦਦ ਕਰਨ ਲਈ ਰਾਸ਼ਟਰੀ ਪਾਸਪੋਰਟ ਸੂਚਨਾ ਕੇਂਦਰ 'ਤੇ ਉਪਲੱਬਧ ਲਾਈਨਾਂ ਅਤੇ ਲੋਕਾਂ ਦੀ ਗਿਣਤੀ 'ਚ ਵਾਧਾ ਕੀਤਾ ਹੈ। ਯਾਤਰਾ ਮਾਹਰ ਅਤੇ ਗੋਇੰਗ

■ ਬਾਕੀ ਖਬਰ ਸਫਾ 13 'ਤੇ



# ਸੈਕਰਾਮੈਂਟੋ ਵਿਖੇ ਯੂ.ਕੇ. ਦੇ ਪਾਰਲੀਮੈਂਟ ਮੈਂਬਰ ਤਨਮਨਜੀਤ ਢੇਸੀ ਦਾ ਅਮਰੀਕੀ ਆਗੂਆਂ ਵੱਲੋਂ ਸਨਮਾਨ























# ਫਰੀਮਾਂਟ ਵਿਖੇ ਮੈਂਬਰ ਪਾਰਲੀਮੈਂਟ ਤਨਮਨਜੀਤ ਸਿੰਘ ਢੇਸੀ ਦੇ ਸਨਮਾਨ ਦੀਆਂ ਵੱਖ-ਵੱਖ ਝਲਕੀਆਂ











# ਗਦਰੀ ਬਾਬਿਆਂ ਦੇ ਇਤਿਹਾਸਕ ਸਥਾਨ ਗੁਰਦੁਆਰਾ ਸਾਹਿਬ ਸਟਾਕਟਨ ਵਿਖੇ ਤਨਮਨਜੀਤ ਸਿੰਘ ਢੇਸੀ ਦੇ ਹੋਏ ਸਨਮਾਨ ਦੀਆਂ ਝਲਕੀਆਂ













Open Invitation

ਬਾਬਾ ਬਿਧੀ ਚੰਦ ਛੀਨਾ, ਗੁਰੂ ਦਾ ਸ਼ੀਨਾ

ਖੁੱਲ੍ਹਾ ਸੱਦਾ



ਸੰਤ ਬਾਬਾ ਸੋਹਣ ਸਿੰਘ ਜੀ



ਬਾਬਾ ਦਯਾ ਸਿੰਘ ਜੀ



ਸੰਤ ਬਾਬਾ ਅਵਤਾਰ ਸਿੰਘ ਜੀ
(ਬਾਬਾ ਸੋਹਣ ਸਿੰਘ ਜੀ ਦੇ ਪੋਤੇ)
ਬਿਧੀ ਚੰਦੀਏ (ਸੁਰਸਿੰਘ ਵਾਲੇ)

## ਬਾਬਾ ਬਿਧੀ ਚੰਦ ਜੀ ਦੀ ਅੰਸ਼-ਬੰਸ਼ 'ਚੋਂ ਬਾਰ੍ਹਵੇਂ ਗੱਦੀ ਨਸ਼ੀਨ

# ਸੰਤ ਬਾਬਾ ਅਵਤਾਰ ਸਿੰਘ ਜੀ ਬਿੱਧੀਚੰਦੀਏ (ਸੁਰਸਿੰਘ)

## ਬੇਕਰਜ਼ਫੀਲਡ, ਮਨਟੀਕਾ, ਫਰਿਜ਼ਨੋ ਤੇ ਫਰੀਮਾਂਟ ਪਹੁੰਚ ਰਹੇ ਹਨ।

## ਬੇਕਰਜ਼ਫੀਲਡ ਦੇ ਜਗਦੀਸ਼ ਸਿੰਘ ਢਿੱਲੋਂ (ਸੁਰਸਿੰਘ) ਦੇ ਗ੍ਰਹਿ 3335 Wet Zel Way Bakersfield, CA-93307 ਵਿਖੇ 8 ਅਪ੍ਰੈਲ, ਦਿਨ ਸ਼ਨਿਚਰਵਾਰ, ਦੁਪਹਿਰ 2 ਵਜੇ ਪਹੁੰਚਣਗੇ।

ਸਤਿਕਾਰਯੋਗ ਗੁਰੂ ਪਿਆਰੀ ਸਾਧ ਸੰਗਤ ਜੀਓ, ਆਪ ਜੀ ਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ **ਬਾਬਾ ਅਵਤਾਰ ਸਿੰਘ ਜੀ ਬਿਧੀ ਚੰਦੀਏ (ਸੁਰਸਿੰਘ ਵਾਲੇ)** ਬੇਕਰਜ਼ਫੀਲਡ ਦੇ ਜਗਦੀਸ਼ ਸਿੰਘ ਢਿੱਲੋਂ (ਸੁਰਸਿੰਘ) ਦੇ ਗ੍ਰਹਿ ਵਿਖੇ 8 ਅਪ੍ਰੈਲ, ਦਿਨ ਸ਼ਨਿਚਰਵਾਰ, ਦੁਪਹਿਰ 2 ਤੋਂ 5 ਵਜੇ ਪਹੁੰਚ ਰਹੇ ਹਨ। ਬਾਬਾ ਅਵਤਾਰ ਸਿੰਘ ਜੀ ਸੰਗਤ ਦੇ ਰੂਬਰੂ ਹੋਣਗੇ ਅਤੇ 5 ਵਜੇ ਸਰਬੱਤ ਦੇ ਭਲੇ ਲਈ ਅਰਦਾਸ ਕਰਨਗੇ। ਉਪਰੰਤ ਗੁਰੂ ਕਾ ਅਟੁੱਟ ਲੰਗਰ ਵਰਤੇਗਾ।

### ਪ੍ਰੋਗਰਾਮ

ਪ੍ਰਿੰਸੀਪਲ ਸੁਖਚੈਨ ਸਿੰਘ ਢਿੱਲੋਂ ਦੇ ਸਪੁੱਤਰ ਅਰਜਨ ਸਿੰਘ ਢਿੱਲੋਂ (ਜਿੰਦੂ) : 510-375-3775
ਪਤਾ: 3732, Castellino- Mantica, CA-95337
7 ਅਪ੍ਰੈਲ, ਦਿਨ ਸ਼ੁੱਕਰਵਾਰ,
ਸਮਾਂ: ਸ਼ਾਮ 5 ਤੋਂ 7 ਵਜੇ

ਬਿਕਰਮ ਸਿੰਘ : 510-557-6907
ਪਤਾ: 38095 Archer, Fremont
9 ਅਪ੍ਰੈਲ, ਦਿਨ ਐਤਵਾਰ,
ਸਮਾਂ: ਸ਼ਾਮ 5 ਤੋਂ 6 ਵਜੇ

### ਸਵਾਗਤ ਕਰਤਾ

| | | | |
|---|---|---|---|
| ਜਗਦੀਸ਼ ਸਿੰਘ ਢਿੱਲੋਂ | : 661-345-0250 | ਰਵਿੰਦਰ ਸਿੰਘ | : 925-525-7653 |
| ਕੁਲਦੀਪ ਸਿੰਘ ਢਿੱਲੋਂ | : 510-460-8316 | ਗੁਰਚਰਨ ਸਿੰਘ ਢਿੱਲੋਂ (ਸਿਆਟਲ) | : 206-412-1559 |

Designed By Punjab Mail USA

APCA is excited to announce its

# 9TH ANNUAL BUYER'S TRADE SHOW IN MODESTO

on
Thursday, April 27th, 2023
From 12:30pm to 5:30pm
at Modesto Centre Plaza 1010, L Street, Modesto, CA 95354

## FREE ADMISSION

*Special Vendor Deals + New Items*

- 80+Vendor Booths and 400+ Retailers From All Over California.
- Cash Prizes A GRAND PRIZE and free Raffle Prizes are being given Away

10 YEARS ANNIVERSARY

# APCA
AMERICAN PETROLEUM AND CONVENIENCE STORE ASSOCIATION

*APCA has always been committed in offering both our exhibitors and attendees the best possible avenue to ensure a successful experience at our Trade Show events.*

## April 27th, From 12:30pm to 5:30pm
at Modesto Centre Plaza 1010, L Street, Modesto, CA 95354

## ਅਮਰੀਕਨ ਪੈਟਰੋਲੀਅਮ ਐਂਡ ਕੰਨਵੀਨਿਐਂਸ ਸਟੋਰ ਐਸੋਸੀਏਸ਼ਨ ਵੱਲੋਂ

# ੯ਵਾਂ ਸਾਲਾਨਾ ਖਰੀਦਦਾਰਾਂ ਦਾ ਟਰੇਡ ਸ਼ੋਅ

## 27 ਅਪ੍ਰੈਲ 2023, 12.30 ਤੋਂ 5.30 ਵਜੇ ਤੱਕ

## ਜੇ ਆਪਣੇ ਬਿਜਨੈਸ ਦਾ ਫਾਇਦਾ ਕਰਨਾ ਚਾਹੁੰਦੇ ਹੋ ਤਾਂ ਇਸ ਟਰੇਡ ਸ਼ੋਅ ਵਿਚ ਹਿੱਸਾ ਲਵੋ।

ਅਮਰੀਕਨ ਪੈਟਰੋਲੀਅਮ ਐਂਡ ਕੰਨਵੀਨਿਐਂਸ ਸਟੋਰ ਐਸੋਸੀਏਸ਼ਨ ਵੱਲੋਂ ਗੈਸ ਸਟੇਸ਼ਨ, ਸੀ ਸਟੋਰ, ਤੰਬਾਕੂ ਅਤੇ ਲੀਕਰ ਸਟੋਰ ਦੇ ਮਾਲਕਾਂ ਲਈ 9ਵਾਂ ਸਾਲਾਨਾ ਟਰੇਡ ਸ਼ੋਅ ਕਰਵਾਇਆ ਜਾ ਰਿਹਾ ਹੈ। ਇਸ ਸ਼ੋਅ ਵਿਚ 80 ਤੋਂ ਵੱਧ ਵੈਂਡਰਸ ਆਪਣੇ ਨਵੇਂ ਪ੍ਰੋਡਕਟਸ ਅਤੇ ਸਪੈਸ਼ਲ ਡੀਲਸ ਲਿਆ ਰਹੇ ਹਨ। ਆਪ ਸਭ ਨੂੰ ਬੇਨਤੀ ਹੈ ਕਿ ਸ਼ੋਅ ਦੀਆਂ ਡੀਲਸ ਦਾ ਫਾਇਦਾ ਚੁੱਕੋ।



Host
Jot Ranjit

*Grand sponsor*

*Media Partners*

PUNJAB MAIL TV Channel

*Live Performance*

## Malkit Singh

*Venue:*
*THE STATE THEATER*
*1307, J Street, Modesto, CA 95354*
*Thursday, April 27th*
*From 7:00pm to 9:00pm*

*FOR FREE TICKET POLICY & PRICING INFORMATION*

- C-STORE OWNERS: BECOME AN APCA MEMBER AND ATTEND SHOW FOR FREE
- EXISTING MEMBERS: ENSURE YOUR 2023 MEMBERSHIP DUES ARE CURRENT
- MULTIPLE STORE OWNERS: ENROLL ALL STORES WITH APCA TO GET ONE ADDITIONAL FREE TICKET PER STORE
- TO RECEIVE YOUR FREE TICKET, MUST ATTEND APCA TRADE SHOW ON APRIL 27 AT MODESTO CENTRE PLAZA, MODESTO
- ADDITIONAL TICKETS : $50 each

*For More Information*

PUNEET BAINS: 559-347-7728 | PAUL HAYER: 707-290-8530 | KEWAL KRISHAN: 510-290-7144 | ANDY CHHIKARA: 559-259-4006
JEET SANDHU: 209-765-2619 | SUKHI SANDHU: 209-505-0876 | APCA OFFICE: 916-627-1170 | ROCKY MALHI : 916-792-8023

Copyright @ Punjab Mail USA


10 YEARS ANNIVERSARY
APCA
AMERICAN PETROLEUM AND CONVENIENCE
STORE ASSOCIATION
9th Annual BUYER'S Trade Show In Modesto
on Thursday, April 27th, 2023 From 12:30pm to 5:30pm
at Modesto Centre Plaza 1010, L Street, Modesto, CA 95354
Grand sponsor
AUTO GROUP
Media Partners
PUNJAB MAIL USA
TV Channel
Radio Punjab
PTC PUNJABI
Host
Jot Ranjit
Copyright @ Punjab Mail USA
Live Performance
Malkit Singh
Thursday, April 27th From 7:00pm to 9:00pm
Venue: THE STATE THEATER, 1307, J Street, Modesto, CA 95354
"APCA members will get at the Trade Show, one ticket of $100 value FREE per paid store membership. 2nd ticket at discounted price of $20 and more additional tickets at $50 can be purchased at Trade Show, subject to availability on first come first basis.
For More Information
PUNEET BAINS : 559-347-7728
JEET SANDHU : 209-765-2619
PAUL HAYER : 707-290-8530
SUKHI SANDHU : 209-505-0876
KEWAL KRISHAN: 510-290-7144
APCA OFFICE : 916-627-1170
ANDY CHHIKARA: 559-259-4006
Rocky Malhi : 916-792-8023


CVP STUDIOS & JOGA DHINDSA
PRESENT
PUNJABI VIRSA 2023
APRIL 9TH (SUNDAY)
ELK GROVE PARK
FREE ENTRY
JOGA DHINDSA 916-698-8663
SONU CHATHA 916-716-7331
NAVI SOOCH 916-335-6576
NARINDER THANDI 916-813-1442
BABBI GILL 916-882-8384
REALTYONEGROUP
FOR SALE & PURCHASE OF ANY KIND OF PROPERTY
Space Sponsored by :
Gurjatinder S. Randhawa
REALTOR CA DRE licence # 01490567
916-320-9444
ਕੈਲੀਫੋਰਨੀਆ ਵਿਚ ਘਰ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ।
garysingh123@yahoo.com

# ਅਮਰੀਕਾ 'ਚ ਅਪੋਲੋ ਥੀਏਟਰ ਦੀ ਛੱਤ ਡਿੱਗਣ ਨਾਲ 1 ਮੌਤ, 28 ਜ਼ਖਮੀ



ਬੈਲਵੀਡਰ, ਇਲੀਨੋਇਸ ਵਿਚ ਥੀਏਟਰ ਦੀ ਛੱਤ ਡਿੱਗਣ ਉਪਰੰਤ ਮੌਕੇ 'ਤੇ ਪੁੱਜੇ ਰਾਹਤ ਕਾਮੇ।

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਅਮਰੀਕਾ ਦੇ ਇਲੀਨੋਇਸ ਰਾਜ 'ਚ ਬੈਲਵੀਡਰ ਵਿਖੇ ਸੰਗੀਤ ਸੰਮੇਲਨ ਦੌਰਾਨ ਅਪੋਲੋ ਥੀਏਟਰ ਦੀ ਛੱਤ ਡਿੱਗ ਜਾਣ ਦੇ ਸਿੱਟੇ ਵਜੋਂ 1 ਵਿਅਕਤੀ ਦੀ ਮੌਤ ਹੋ ਗਈ ਤੇ 28 ਹੋਰ ਜ਼ਖਮੀ ਹੋ ਗਏ। ਪ੍ਰਾਪਤ ਜਾਣਕਾਰੀ ਅਨੁਸਾਰ ਥੀਏਟਰ ਦੀ ਪੂਰੀ ਛੱਤ ਦਰਸ਼ਕਾਂ ਤੇ ਹੋਰ ਲੋਕਾਂ ਉਪਰ ਆ ਡਿੱਗੀ। ਦੱਖਣ ਤੇ ਮੱਧ ਪੱਛਮ ਵਿਚ ਆਏ ਭਿਆਨਕ ਤੂਫ਼ਾਨ ਤੋਂ ਬਾਅਦ ਵਾਪਰੀ ਇਹ ਇਕ ਵੱਡੀ ਦੁੱਖਦਾਈ ਘਟਨਾ ਹੈ। ਜਿਸ ਸਮੇਂ ਥੀਏਟਰ ਦੀ ਛੱਤ ਡਿੱਗੀ, ਉਸ ਸਮੇਂ ਮਹਿਮਾਨਾਂ, ਕਲਾਕਾਰਾਂ ਤੇ ਸਟਾਫ਼ ਸਮੇਤ ਅੰਦਾਜ਼ਨ 260 ਲੋਕ ਅੰਦਰ ਸਨ। ਸਮਾਗਮ ਦੇ ਕੋਆਰਡੀਨੇਟਰ ਨੇ ਇਹ ਜਾਣਕਾਰੀ ਜਾਰੀ ਇਕ ਬਿਆਨ 'ਚ ਦਿੱਤੀ ਹੈ। ਬੈਲਵੀਡਰ ਅੱਗ ਬੁਝਾਊ ਵਿਭਾਗ ਦੇ ਮੁਖੀ ਸ਼ਾਨ ਸ਼ੈਡਲ ਨੇ ਕਿਹਾ ਹੈ ਕਿ ਮੌਸਮ ਵਿਚ ਗੰਭੀਰ ਤਬਦੀਲੀ ਵੇਖਣ ਨੂੰ ਮਿਲੀ ਹੈ। ਉਨ੍ਹਾਂ ਕਿਹਾ ਕਿ 28 ਜ਼ਖਮੀਆਂ ਨੂੰ ਖੇਤਰ ਵਿਚਲੇ ਹਸਪਤਾਲਾਂ ਵਿਚ ਦਾਖਲ ਕਰਵਾਇਆ ਗਿਆ ਹੈ। ਜ਼ਖਮੀਆਂ ਵਿਚੋਂ 5 ਦੇ ਗੰਭੀਰ ਸੱਟਾਂ ਲੱਗੀਆਂ ਹਨ, 18 ਹੋਰ ਦਰਮਿਆਨੇ ਜ਼ਖਮੀ ਹਨ, ਜਦਕਿ 5 ਦੇ ਮਾਮੂਲੀ ਜ਼ਖਮ ਹਨ। ਉਨ੍ਹਾਂ ਕਿਹਾ ਕਿ ਕੁਝ ਹੋਰ ਜ਼ਖਮੀਆਂ ਨੂੰ ਨਿੱਜੀ ਵਾਹਣਾਂ ਰਾਹੀਂ ਹਸਪਤਾਲਾਂ ਵਿਚ ਪਹੁੰਚਾਉਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਇਲੀਨੋਇਸ ਐਮਰਜੈਂਸੀ ਮੈਨਜਮੈਂਟ ਏਜੰਸੀ ਦੇ ਬੁਲਾਰੇ ਕੈਵਿਨ ਸੁਰ ਨੇ ਕਿਹਾ ਹੈ ਕਿ ਉੱਤਰੀ ਇਲੀਨੋਇਸ ਵਿਚ ਕਰਾਅਫੋਰਡ ਕਾਊਂਟੀ ਵਿਚ ਇਕ ਰਿਹਾਇਸ਼ੀ ਇਮਾਰਤ ਡਿੱਗਣ ਕਾਰਨ 3 ਲੋਕ ਮਾਰੇ ਗਏ ਹਨ। ਇਸ ਤਰ੍ਹਾਂ 6 ਰਾਜਾਂ ਵਿਚ ਭਿਆਨਕ ਤੂਫ਼ਾਨ ਦੀ ਲਪੇਟ ਵਿਚ ਆ ਕੇ ਹੁਣ ਤੱਕ 21 ਲੋਕ ਮਾਰੇ ਜਾ ਚੁੱਕੇ ਹਨ।

## ਅਮਰੀਕਾ 'ਚ ਖ਼ਰਾਬ ਮੌਸਮ ਕਾਰਨ ਹਜ਼ਾਰਾਂ ਉਡਾਣਾਂ ਰੱਦ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**-ਕੇਂਦਰੀ ਅਮਰੀਕਾ ਦੇ ਜ਼ਿਆਦਾਤਰ ਹਿੱਸੇ 'ਚ ਜ਼ਬਰਦਸਤ ਤੂਫ਼ਾਨ ਆਉਣ ਦੀ ਕੀਤੀ ਗਈ ਭਵਿੱਖਬਾਣੀ ਦੇ ਦਰਮਿਆਨ ਵੱਖ-ਵੱਖ ਏਅਰਲਾਈਨਾਂ ਨੇ ਹਜ਼ਾਰਾਂ ਉਡਾਣਾਂ ਰੱਦ ਕਰ ਦਿੱਤੀਆਂ ਹਨ ਜਾਂ ਉਨ੍ਹਾਂ ਦੇ ਸਮੇਂ ਵਿਚ ਤਬਦੀਲੀ ਕੀਤੀ ਗਈ ਹੈ, ਜਿਸ ਕਾਰਨ ਯਾਤਰੀਆਂ ਦੀਆਂ ਪ੍ਰੇਸ਼ਾਨੀਆਂ ਵਧ ਗਈਆਂ ਹਨ। ਫਲਾਈਟ ਟਰੈਕਿੰਗ ਵੈੱਬਸਾਈਟ ਫਲਾਈਅਵੇਅਰ ਅਨੁਸਾਰ 670 ਤੋਂ ਵਧ ਉਡਾਣਾਂ ਰੱਦ ਕੀਤੀਆਂ ਜਾ ਚੁੱਕੀਆਂ ਸਨ, ਜਦਕਿ 2700 ਉਡਾਣਾਂ ਦੇ ਸਮੇਂ ਵਿਚ ਤਬਦੀਲੀ ਕੀਤੀ ਗਈ ਹੈ। ਡੈਲਟਾ ਏਅਰਲਾਈਨਜ਼ ਨੇ ਆਪਣੀਆਂ 303 ਅਰਥਾਤ 9% ਉਡਾਣਾਂ ਰੱਦ ਕਰ ਦਿੱਤੀਆਂ ਹਨ। ਜ਼ਿਆਦਾਤਰ ਮਾਮਲਿਆਂ 'ਚ ਰੱਦ ਹੋਈਆਂ ਉਡਾਣਾਂ ਦੇ ਯਾਤਰੀ ਆਪਣਾ ਪੂਰਾ ਪੈਸਾ ਵਾਪਸ ਲੈ ਸਕਦੇ ਹਨ ਜਾਂ ਨਵੇਂ ਸਿਰੇ ਤੋਂ ਬਦਲਵੀਂ ਤਰੀਕ 'ਤੇ ਆਪਣੀ ਸੀਟ ਬੁੱਕ ਕਰਵਾ ਸਕਦੇ ਹਨ।

# ਕੈਲੀਫੋਰਨੀਆ ਦੇ ਵੱਖ-ਵੱਖ ਸ਼ਹਿਰਾਂ ਤੇ ਗੁਰਦੁਆਰਿਆਂ 'ਚ ਬਾਬਾ ਅਵਤਾਰ ਸਿੰਘ ਜੀ ਬਿੱਧੀਚੰਦੀਏ ਦਾ ਨਿੱਘਾ ਸਵਾਗਤ



ਸੰਤ ਬਾਬਾ ਅਵਤਾਰ ਸਿੰਘ ਜੀ, ਬਿਧੀ ਚੰਦੀਏ (ਸੁਰਸਿੰਘ ਵਾਲੇ)

**ਸਿਆਟਲ, (ਗੁਰਚਰਨ ਸਿੰਘ ਢਿੱਲੋਂ/ਪੰਜਾਬ ਮੇਲ)**- ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਅਨਿਨ ਭਗਤ ਤੇ ਸੂਰਬੀਰ ਯੋਧੇ ਬਾਬਾ ਬਿਧੀ ਚੰਦ ਜੀ ਦੀ ਅੰਸ਼-ਬੰਸ਼ 'ਚੋਂ ਬਾਰ੍ਹਵੇਂ ਗੱਦੀਨਸ਼ੀਨ ਬਾਬਾ ਅਵਤਾਰ ਸਿੰਘ ਜੀ ਬਿੱਧੀਚੰਦੀਏ (ਸੁਰਸਿੰਘ) ਵਾਲੇ ਅਮਰੀਕਾ ਦੀ ਸਟੇਟ ਕੈਲੀਫੋਰਨੀਆ ਵਿਚ ਸੰਗਤ ਦੇ ਵਿਸ਼ੇਸ਼ ਸੱਦੇ 'ਤੇ ਪਹੁੰਚ ਹੋਏ ਹਨ, ਜਿਨ੍ਹਾਂ ਦਾ ਸੈਨਹੋਜ਼ੇ ਤੇ ਫਰੀਮਾਂਟ ਦੇ ਗੁਰਦੁਆਰਿਆਂ ਤੇ ਵੱਖ-ਵੱਖ ਸ਼ਹਿਰਾਂ ਵਿਚ ਨਿੱਘਾ ਸਵਾਗਤ ਕੀਤਾ ਗਿਆ। ਸੁਰਸਿੰਘ ਤੇ ਇਲਾਕੇ ਦੀ ਸੰਗਤ ਵੱਲੋਂ ਵੱਖ-ਵੱਖ ਗੁਰੂਘਰਾਂ ਜਾਂ ਘਰਾਂ 'ਚ ਬੁਲਾ ਕੇ ਸਰਬੱਤ ਦੇ ਭਲੇ ਲਈ ਅਰਦਾਸਾਂ ਕੀਤੀਆਂ ਜਾ ਰਹੀਆਂ ਹਨ।

7 ਅਪ੍ਰੈਲ, ਦਿਨ ਸ਼ੁਕਰਵਾਰ ਨੂੰ ਸ਼ਾਮ 5 ਤੋਂ 7 ਵਜੇ ਪ੍ਰਿੰਸੀਪਲ ਸੁਖਚੈਨ ਸਿੰਘ ਢਿੱਲੋਂ ਦੇ ਸਪੁੱਤਰ ਅਰਜਨ ਸਿੰਘ ਢਿੱਲੋਂ (ਜਿੰਦੂ) ਦੇ ਗ੍ਰਹਿ ਵਿਖੇ 3732, Castellina Way, Mantica ਪਹੁੰਚ ਕੇ ਬਾਬਾ ਅਵਤਾਰ ਸਿੰਘ ਜੀ ਸਰਬੱਤ ਦੇ ਭਲੇ ਲਈ ਅਰਦਾਸ ਕਰਨਗੇ ਅਤੇ ਸੰਗਤਾਂ ਦੇ ਦਰਸ਼ਨ ਕਰਨਗੇ। 8 ਅਪ੍ਰੈਲ, ਦਿਨ ਸ਼ਨਿਚਰਵਾਰ, ਦੁਪਹਿਰ 3 ਤੋਂ 5 ਵਜੇ ਬੇਕਰਜ਼ਫੀਲਡ ਦੇ ਜਗਦੀਸ਼ ਸਿੰਘ ਢਿੱਲੋਂ (ਸੁਰਸਿੰਘ) ਦੇ ਗ੍ਰਹਿ ਵਿਖੇ 3335 Wetzel Way Bakersfield, CA ਪਹੁੰਚ ਕੇ ਸੰਗਤਾਂ ਦੇ ਰੂਬਰੂ ਹੋਣਗੇ ਅਤੇ ਸਰਬੱਤ ਦੇ ਭਲੇ ਲਈ 5 ਵਜੇ ਅਰਦਾਸ ਕਰਨਗੇ। ਉਪਰੰਤ ਗੁਰੂ ਕਾ ਅਟੁੱਟ ਲੰਗਰ ਵਰਤੇਗਾ। ਜਗਦੀਸ਼ ਸਿੰਘ ਢਿੱਲੋਂ ਵੱਲੋਂ ਸੁਰਸਿੰਘ ਤੇ ਇਲਾਕੇ ਦੀ ਸੰਗਤ ਅਤੇ ਬਾਬਾ ਬਿੱਧੀ ਚੰਦ ਜੀ ਦੇ ਸੇਵਾਦਾਰਾਂ ਨੂੰ ਖੁੱਲ੍ਹਾ ਸੱਦਾ ਦਿੱਤਾ ਜਾ ਰਿਹਾ ਹੈ। ਫਰੀਮਾਂਟ ਦੇ ਬਿਕਰਮ ਸਿੰਘ, ਕੁਲਦੀਪ ਸਿੰਘ ਤੇ ਤਾਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਬਿਕਰਮ ਸਿੰਘ ਦੇ ਗ੍ਰਹਿ 38095 Archer city, Fremont ਵਿਖੇ 9 ਅਪ੍ਰੈਲ, ਦਿਨ ਐਤਵਾਰ ਸ਼ਾਮ 5 ਤੋਂ 6 ਵਜੇ ਤੱਕ ਬਾਬਾ ਅਵਤਾਰ ਸਿੰਘ ਬਿੱਧੀਚੰਦੀਏ ਪਹੁੰਚ ਰਹੇ ਹਨ, ਜਿੱਥੇ ਸਰਬੱਤ ਦੇ ਭਲੇ ਲਈ ਬਾਬਾ ਜੀ ਅਦਰਾਸ ਕਰਨਗੇ ਅਤੇ ਖੁੱਲ੍ਹੇ ਦਰਸ਼ਨ ਹੋਣਗੇ। ਪ੍ਰਬੰਧਕਾਂ ਵੱਲੋਂ ਸਮੁੱਚੀ ਸੰਗਤ ਨੂੰ ਹੁੰਮਹੁਮਾ ਕੇ ਪਹੁੰਚਣ ਦਾ ਸੱਦਾ ਦਿੱਤਾ ਜਾ ਰਿਹਾ ਹੈ। ਵਧੇਰੇ ਜਾਣਕਾਰੀ ਲਈ ਬਿਕਰਮ ਸਿੰਘ : 510-557-6908, ਕੁਲਦੀਪ ਸਿੰਘ ਢਿੱਲੋਂ : 510-460-8316, ਤਾਜਿੰਦਰ ਸਿੰਘ ਧਾਮੀ : 510-673-8454, ਰਵਿੰਦਰ ਸਿੰਘ : 925-525-7653 ਜਾਂ ਜਗਦੀਸ਼ ਸਿੰਘ ਢਿੱਲੋਂ : 661-345-0250 'ਤੇ ਸੰਪਰਕ ਕਰੋ ਜੀ। ਪ੍ਰਬੰਧਕਾਂ ਵੱਲੋਂ ਬੇਨਤੀ ਕੀਤੀ ਜਾ ਰਹੀ ਹੈ ਕਿ ਹੁੰਮਹੁਮਾ ਕੇ ਪਹੁੰਚੋ ਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

## ਭਾਰਤੀ ਅਮਰੀਕੀ ਕਾਰੋਬਾਰੀ ਅਜੈ ਬੰਗਾ ਹੋਣਗੇ ਵਿਸ਼ਵ ਬੈਂਕ ਦੇ ਅਗਲੇ ਪ੍ਰਧਾਨ



**ਵਾਸ਼ਿੰਗਟਨ, (ਪੰਜਾਬ ਮੇਲ)**- ਭਾਰਤੀ-ਅਮਰੀਕੀ ਕਾਰੋਬਾਰੀ ਅਜੈ ਬੰਗਾ ਦਾ ਵਿਸ਼ਵ ਬੈਂਕ ਦਾ ਅਗਲਾ ਪ੍ਰਧਾਨ ਬਣਨਾ ਤੈਅ ਹੈ, ਕਿਉਂਕਿ ਇਸ ਅਹੁਦੇ ਲਈ ਉਹ ਇਕੱਲੇ ਉਮੀਦਵਾਰ ਹਨ। ਵਿਸ਼ਵ ਬੈਂਕ ਦਾ ਕਾਰਜਕਾਰੀ ਨਿਰਦੇਸ਼ਕ ਬੋਰਡ ਰਸਮੀ ਤੌਰ 'ਤੇ ਨਿਯੁਕਤ ਹੋਣ ਤੋਂ ਪਹਿਲਾਂ ਬੰਗਾ ਦੀ ਇੰਟਰਵਿਊ ਕਰੇਗਾ। ਫਰਵਰੀ ਵਿਚ ਰਾਸ਼ਟਰਪਤੀ ਜੋਅ ਬਾਇਡਨ ਨੇ ਐਲਾਨ ਕੀਤਾ ਸੀ ਕਿ ਅਮਰੀਕਾ ਸ਼੍ਰੀ ਬੰਗਾ ਨੂੰ ਵਿਸ਼ਵ ਬੈਂਕ ਦੀ ਅਗਵਾਈ ਕਰਨ ਲਈ ਨਾਮਜ਼ਦ ਕਰੇਗਾ। ਵਿਸ਼ਵ ਬੈਂਕ ਨੇ ਕਿਹਾ ਹੈ ਕਿ ਸੰਸਥਾ ਨੂੰ ਪ੍ਰਧਾਨ ਦੇ ਅਹੁਦੇ ਲਈ ੍ਰੀ ਬੰਗਾ ਦੀ ਹੀ ਇਕਲੌਤੀ ਅਰਜ਼ੀ ਮਿਲੀ ਹੈ।

## ਅਮਰੀਕੀ ਫੌਜ ਦੇ ਦੋ ਹੈਲੀਕਾਪਟਰ ਆਪਸ 'ਚ ਟਕਰਾਏ, 9 ਸੈਨਿਕਾਂ ਦੀ ਮੌਤ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**-ਅਮਰੀਕਾ ਦੇ ਕੈਂਟੁਕੀ ਰਾਜ ਦੇ ਦੱਖਣ-ਪੱਛਮ ਵਿਚ ਸਿਖਲਾਈ ਦੌਰਾਨ ਅਮਰੀਕੀ ਫੌਜ ਦੇ ਦੋ ਬਲੈਕ ਹਾਵਕ ਹੈਲੀਕਾਪਟਰਾਂ ਦੇ ਟਕਰਾਉਣ ਕਾਰਨ 9 ਸੈਨਿਕਾਂ ਦੀ ਮੌਤ ਹੋ ਗਈ। ਫੌਜ ਦੇ ਟਿਕਾਣੇ ਫੋਰਟ ਕੈਂਪਬੈਲ ਦੇ ਬੁਲਾਰੇ ਨਾਨਡਾਈਸ ਥਰਮੈਨ ਨੇ ਇਸ ਘਟਨਾ ਦੀ ਪੁਸ਼ਟੀ ਕੀਤੀ ਹੈ। ਫੌਜ ਦੀ 101 ਵੀਂ ਏਅਰਬੋਰਨ ਡਵੀਜ਼ਨ ਦੇ ਡਿਪਟੀ ਕਮਾਂਡਰ ਬ੍ਰਿਗੇਡੀਅਰ ਜਨ ਜੌਹਨ ਲੂਬਾਸ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ 'ਮਲਟੀ-ਸ਼ਿੱਪ' ਅਭਿਆਸ ਦੌਰਾਨ ਵਾਪਰੇ ਹਾਦਸੇ ਵਿਚ 2 ਹੈਲੀਕਾਪਟਰਾਂ ਵਿਚ ਸਵਾਰ ਸਾਰੇ 9 ਫੌਜੀ ਮਾਰੇ ਗਏ ਹਨ। ਹਾਦਸੇ ਦਾ ਸ਼ਿਕਾਰ ਹੋਏ ਇਕ ਹੈਲੀਕਾਪਟਰ ਵਿਚ 5 ਜਦਕਿ ਦੂਸਰੇ ਵਿਚ 4 ਸੈਨਿਕ ਸਵਾਰ ਸਨ।




# ਵਿਸਾਖੀ ਨੂੰ ਮੁੱਖ ਰੱਖਕੇ ਪੀ.ਸੀ.ਏ. ਵੱਲੋਂ ਗੁਰਦੁਆਰਾ ਸਿੰਘ ਸਭਾ ਵਿਖੇ ਵਿਸ਼ੇਸ਼ ਦੀਵਾਨ ਸਜਾਏ ਗਏ

## ■ ਭਾਈ ਸਰਬਜੀਤ ਸਿੰਘ ਧੂੰਦਾ ਨੇ ਉਚੇਚੀ ਹਾਜ਼ਰੀ ਭਰੀ



ਬੈਲਵੀਡਰ, ਇਲੀਨੋਇਸ ਵਿਚ ਥੀਏਟਰ ਦੀ ਛੱਤ ਡਿੱਗਣ ਉਪਰੰਤ ਮੌਕੇ 'ਤੇ ਪੁੱਜੇ ਰਾਹਤ ਕਾਮੇ।

**ਫਰਿਜ਼ਨੋ, (ਮਾਛੀਕੇ/ਧਾਲੀਆਂ/ਪੰਜਾਬ ਮੇਲ)-** ਪੰਜਾਬੀ ਕਲਚਰਲ ਐਸੋਸੀਏਸ਼ਨ (ਪੀ.ਸੀ.ਏ.) ਦੇ ਸਮੂਹ ਮੈਂਬਰ ਵੱਲੋਂ ਵਿਸਾਖੀ ਦੇ ਮੌਕੇ ਨੂੰ ਮੁੱਖ ਰੱਖਕੇ ਖ਼ਾਲਸੇ ਦੇ ਸਾਜਨਾ ਦਿਹਾੜੇ ਨੂੰ ਸਮਰਪਿਤ ਵਿਸ਼ੇਸ਼ ਗੁਰਮਤਿ ਦੀਵਾਨ ਸਥਾਨਕ ਗੁਰਦੁਆਰਾ ਸਿੰਘ ਸਭਾ ਫਰਿਜ਼ਨੋ ਵਿਖੇ ਸਜਾਏ ਗਏ। ਇਨ੍ਹਾਂ ਚਾਰ ਰੋਜ਼ਾ ਦੀਵਾਨਾਂ ਵਿਚ ਸਿੱਖ ਕੌਮ ਦੇ ਮਹਾਨ ਵਿਦਵਾਨ ਭਾਈ ਸਰਬਜੀਤ ਸਿੰਘ ਧੂੰਦਾ ਉਚੇਚੇ ਤੌਰ 'ਤੇ ਹਾਜ਼ਰੀ ਭਰਨ ਲਈ ਪਹੁੰਚੇ ਹੋਏ ਸਨ ਅਤੇ ਇਨ੍ਹਾਂ ਦੀਵਾਨਾਂ ਦਾ ਮੁੱਖ ਉਦੇਸ਼ ਸਾਡੀ ਨਵੀਂ ਪੀੜ੍ਹੀ ਨੂੰ ਗੁਰੂ ਸਿਧਾਂਤ ਤੋਂ ਜਾਣੂ ਕਰਵਾਉਣਾ ਅਤੇ ਸੰਗਤਾ ਨੂੰ ਸਿੱਖੀ ਨਾਲ ਜੋੜਨਾ ਹੈ। ਇਨ੍ਹਾਂ ਦੀਵਾਨਾਂ ਵਿਚ ਸੰਗਤਾ ਨੇ ਵੱਡੀ ਗਿਣਤੀ ਵਿਚ ਹਾਜ਼ਰੀ ਭਰਕੇ ਸ਼ਬਦ ਗੁਰੂ ਦੀ ਵਿਚਾਰ ਭਾਈ ਸਰਬਜੀਤ ਸਿੰਘ ਧੂੰਦਾ ਕੋਲੋਂ ਸਰਵਣ ਕੀਤੀ। ਇਸ ਮੌਕੇ ਭਾਈ ਸਰਬਜੀਤ ਸਿੰਘ ਧੂੰਦਾ ਨੇ ਦੀਵਾਨਾਂ ਵਿਚ ਹਾਜ਼ਰੀ ਭਰਕੇ ਸੰਗਤ ਨੂੰ ਵਹਿਮਾਂ-ਭਰਮਾਂ ਦਾ ਪੱਲ੍ਹਾ ਛੱਡਕੇ ਗੁਰੂ ਗ੍ਰੰਥ ਸਹਿਬ ਦੇ ਲੜ ਲੱਗਣ ਦੀ ਬੇਨਤੀ ਕੀਤੀ। ਇਸ ਮੌਕੇ ਪੀ.ਸੀ.ਏ. ਮੈਂਬਰਾਂ ਨੇ ਭਾਈ ਸਰਬਜੀਤ ਸਿੰਘ ਧੂੰਦਾ ਨੂੰ ਉਨ੍ਹਾਂ ਦੀਆ ਸੇਵਾਵਾਂ ਬਦਲੇ ਸਿਰੋਪਾਓ ਦੇ ਕੇ ਨਿਵਾਜਿਆ। ਇਸ ਮੌਕੇ ਗੁਰੂ-ਘਰ ਦੇ ਹਜ਼ੂਰੀ ਰਾਗੀ ਡਾਕਟਰ ਸਰਬਜੀਤ ਸਿੰਘ ਦੇ ਜਥੇ ਨੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਗੁਰੂ-ਘਰ ਦੇ ਮੁੱਖ ਸੇਵਾਦਾਰ ਭਾਈ ਮਲਕੀਤ ਸਿੰਘ ਨੇ ਸਟੇਜ ਸੰਚਾਲਨ ਬਾਖ਼ੂਬੀ ਕੀਤਾ। ਸ. ਸੁਖਬੀਰ ਸਿੰਘ ਭੰਡਾਲ ਨੇ ਪੀ.ਸੀ.ਏ. ਸੰਸਥਾ ਸਬੰਧੀ ਜਾਣਕਾਰੀ ਸੰਗਤ ਨਾਲ ਸਾਂਝੀ ਕੀਤੀ। ਪੂਰੇ ਪ੍ਰੋਗਰਾਮ ਦਾ ਲਾਈਵ ਪ੍ਰਸਾਰਨ ਅਤੇ ਸਾਰੇ ਦੀਵਾਨਾਂ ਦੀ ਵੀਡੀਓ ਰਿਕਾਰਡਿੰਗ ਅਤੇ ਫੋਟੋਗ੍ਰਾਫੀ ਓਮਨੀ ਵੀਡੀਓ ਵਾਲੇ ਸਿਆਰਾ ਸਿੰਘ ਢੀਂਡਸਾ ਬੇਕਰਸਫੀਲਡ ਵਾਲਿਆਂ ਨੇ ਕੀਤੀ। ਪੀ.ਸੀ.ਏ. ਵੱਲੋ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਲੰਗਰ ਦੀ ਸੇਵਾ ਭਾਈ ਅਮਨਦੀਪ ਸਿੰਘ ਅਤੇ ਸਾਥੀਆਂ ਨੇ ਤਨਦੇਹੀ ਨਾਲ ਕੀਤੀ।

# ਅਮਰੀਕਾ 'ਚ ਅਧਿਆਪਕ ਵੱਲੋਂ ਸਕੂਲ ਪ੍ਰਸ਼ਾਸਕਾਂ ਤੇ ਸਕੂਲ ਬੋਰਡ ਵਿਰੁੱਧ 4 ਕਰੋੜ ਡਾਲਰ ਦੇ ਮੁਆਵਜ਼ੇ ਦਾ ਦਾਅਵਾ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਨਿਊਪੋਰਟ ਨਿਊਜ, ਵਰਜੀਨੀਆ ਦੇ ਰਿਚਨੈੱਕ ਐਲੀਮੈਂਟਰੀ ਸਕੂਲ ਦੀ ਫਸਟ ਗਰੇਡ ਅਧਿਆਪਕਾ ਜਿਸ ਉਪਰ ਇਸ ਸਾਲ ਦੇ ਸ਼ੁਰੂ ਵਿਚ ਇਕ 6 ਸਾਲ ਦੇ ਵਿਦਿਆਰਥੀ ਵੱਲੋਂ ਗੋਲੀ ਚਲਾਈ ਗਈ ਸੀ, ਨੇ ਅਦਾਲਤ ਵਿਚ ਸਕੂਲ ਪ੍ਰਸ਼ਾਸਕਾਂ ਤੇ ਸਕੂਲ ਬੋਰਡ ਵਿਰੁੱਧ ਪਟੀਸ਼ਨ ਦਾਇਰ ਕਰਕੇ 4 ਕਰੋੜ ਡਾਲਰ ਦੇ ਮੁਆਵਜ਼ੇ ਦੀ ਮੰਗ ਕੀਤੀ ਹੈ। ਐਬੀਗੇਲ ਵਰਨਰ (25) ਵੱਲੋਂ ਦਾਇਰ ਪਟੀਸ਼ਨ ਵਿਚ ਦੋਸ਼ ਲਾਇਆ ਗਿਆ ਹੈ ਕਿ ਸਕੂਲ ਪ੍ਰਸ਼ਾਸਕ ਤੇ ਸਕੂਲ ਬੋਰਡ ਵਿਦਿਆਰਥੀ ਦੇ ਹਿੰਸਕ ਰਵੱਈਏ ਤੋਂ ਜਾਣੂ ਸਨ ਪਰੰਤੂ ਉਨ੍ਹਾਂ ਨੇ ਲੋੜੀਂਦੇ ਕਦਮ ਨਹੀਂ ਚੁੱਕੇ, ਜਿਸ ਕਾਰਨ ਵਿਦਿਆਰਥੀ ਕਲਾਸ ਵਿਚ ਹਥਿਆਰ ਲਿਆਉਣ ਵਿਚ ਕਾਮਯਾਬ ਰਿਹਾ। ਅਧਿਆਪਕਾ ਨੇ ਕਿਹਾ ਹੈ ਕਿ ਸਕੂਲ ਦਾ ਸਟਾਫ ਤੇ ਪ੍ਰਸ਼ਾਸਕ ਜਾਣਦੇ ਸਨ ਕਿ ਬੱਚਾ ਆਪਣੇ ਘਰ ਵਿਚ ਹਿੰਸਕ ਹੋ ਜਾਂਦਾ ਸੀ ਤੇ ਬੱਚੇ ਦੇ ਮਾਪਿਆਂ ਨੇ ਉਸ ਨੂੰ ਵਿਸ਼ੇਸ਼ ਕਲਾਸ ਰੂਮ ਵਿਚ ਪੜ੍ਹਾਉਣ ਤੋਂ ਨਾਂਹ ਕਰ ਦਿੱਤੀ ਸੀ। ਪਟੀਸ਼ਨ 'ਚ ਦੋਸ਼ ਲਾਇਆ ਗਿਆ ਹੈ ਕਿ ਸਹਾਇਕ ਪ੍ਰਿੰਸੀਪਲ ਨੇ ਅਧਿਆਪਕਾਂ ਤੇ ਸਟਾਫ ਮੈਂਬਰਾਂ ਵੱਲੋਂ ਬੱਚੇ ਬਾਰੇ ਪ੍ਰਗਟਾਈ ਗਈ ਚਿੰਤਾ ਵੱਲ ਧਿਆਨ ਨਹੀਂ ਦਿੱਤਾ, ਜਿਸ ਕਾਰਨ 6 ਜਨਵਰੀ ਨੂੰ ਗੋਲੀਬਾਰੀ ਦੀ ਘਟਨਾ ਵਾਪਰੀ।

# ਜਾਰਜੀਆ ਦੀ ਵਿਧਾਨ ਸਭਾ ਵੱਲੋਂ ਹਿੰਦੂਤਵ ਵਿਰੁੱਧ ਹਮਲਿਆਂ ਬਾਰੇ ਨਿੰਦਾ ਪ੍ਰਸਤਾਵ ਪਾਸ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਜਾਰਜੀਆ ਦੀ ਵਿਧਾਨ ਸਭਾ ਨੇ ਹਿੰਦੂਤਵ ਉਪਰ ਹੋ ਰਹੇ ਹਮਲਿਆਂ ਬਾਰੇ ਨਿੰਦਾ ਪ੍ਰਸਤਾਵ ਪਾਸ ਕੀਤਾ ਹੈ। ਪ੍ਰਸਤਾਵ ਵਿਚ ਹਿੰਦੂਫੋਬੀਆ, ਹਿੰਦੂ ਧਰਮ ਵਿਰੁੱਧ ਕੱਟੜਤਾ ਤੇ ਅਸਹਿਣਸ਼ੀਲਤਾ ਦੀ ਨਿੰਦਾ ਕੀਤੀ ਗਈ ਹੈ। ਵਿਧਾਨ ਸਭਾ ਵਿਚ ਇਹ ਮਤਾ ਸਰਬਸੰਮਤੀ ਨਾਲ ਪਾਸ ਕੀਤਾ ਗਿਆ। ਇਥੇ ਜ਼ਿਕਰਯੋਗ ਹੈ ਕਿ ਅਮਰੀਕਾ ਭਰ ਦੇ ਰਾਜਾਂ ਵੱਲੋਂ ਹੋਰ ਧਰਮਾਂ ਬਾਰੇ ਵਿਖਾਈ ਜਾਂਦੀ ਕੱਟੜਤਾ ਵਿਰੁੱਧ ਮਤੇ ਪਾਸ ਕੀਤੇ ਗਏ ਹਨ ਪਰੰਤੂ ਹਿੰਦੂ ਧਰਮ ਬਾਰੇ ਕਿਸੇ ਵੀ ਰਾਜ ਵੱਲੋਂ ਅਜਿਹਾ ਮਤਾ ਪਾਸ ਨਹੀਂ ਕੀਤਾ ਗਿਆ। ਹਿੰਦੂ ਧਰਮ ਬਾਰੇ ਮਤਾ ਪਾਸ ਕਰਨ ਵਾਲਾ ਜਾਰਜੀਆ ਪਹਿਲਾ ਰਾਜ ਬਣ ਗਿਆ ਹੈ। ਇਹ ਮਤਾ 5 ਵਿਧਾਇਕਾਂ ਵੱਲੋਂ ਪੇਸ਼ ਕੀਤਾ ਗਿਆ ਸੀ, ਜਿਸ ਵਿਚ ਹਿੰਦੂਆਂ ਤੇ ਹਿੰਦੂ ਧਰਮ ਦੀ ਵਿਸ਼ਵ ਨੂੰ ਦੇਣ ਦਾ ਵਰਣਨ ਕੀਤਾ ਗਿਆ ਹੈ। ਮਤੇ ਵਿਚ ਕਿਹਾ ਗਿਆ ਹੈ ਕਿ ਵਿਧਾਨ ਸਭਾ ਹਿੰਦੂ ਅਮਰੀਕੀਆਂ ਵੱਲੋਂ ਲਿਆਂਦੀ ਭਿੰਨਤਾ ਤੇ ਪਰਿਵਾਰਕ ਕਦਰਾਂ-ਕੀਮਤਾਂ ਬਹਾਲ ਰੱਖਣ ਦਾ ਸਵਾਗਤ ਕਰਦੀ ਹੈ ਤੇ ਉਨ੍ਹਾਂ ਸਾਰੇ ਲੋਕਾਂ ਨੂੰ ਜੀ ਆਇਆਂ ਕਹਿੰਦੀ ਹੈ, ਜਿਨ੍ਹਾਂ ਨੇ ਸਖਤ ਮਿਹਨਤ ਦੁਆਰਾ ਆਰਥਿਕ ਤੇ ਸਮਾਜਿਕ ਵਿਕਾਸ ਵਿਚ ਯੋਗਦਾਨ ਪਾਇਆ।

# ਅੰਮ੍ਰਿਤਪਾਲ ਮਾਮਲਾ; ਹੋ ਸਕਦੀ ਹੈ ਸੀ.ਬੀ.ਆਈ. ਜਾਂਚ



**ਚੰਡੀਗੜ੍ਹ, (ਪੰਜਾਬ ਮੇਲ)-** ਖ਼ਾਲਿਸਤਾਨ ਸਮਰਥਕਾਂ 'ਤੇ ਕੀਤੀ ਜਾ ਰਹੀ ਕਾਰਵਾਈ ਨਾਲ ਜੰਮੂ-ਕਸ਼ਮੀਰ 'ਚ ਕੱਟੜਪੰਥੀ ਪ੍ਰਚਾਰਕ ਅੰਮ੍ਰਿਤਪਾਲ ਸਿੰਘ ਦੇ ਹਥਿਆਰਬੰਦ ਗਾਰਡਾਂ ਨੂੰ ਦਿੱਤੇ ਗਏ ਹਥਿਆਰਾਂ ਦੇ ਲਾਇਸੈਂਸ ਰੱਦ ਕਰਨ 'ਚ ਹੋਈ ਦੇਰੀ 'ਤੇ ਸਵਾਲ ਉਠਾਏ ਜਾ ਰਹੇ ਹਨ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਅਜਿਹਾ ਪ੍ਰਤੀਤ ਹੁੰਦਾ ਹੈ ਕਿ ਭਗੌੜੇ ਅੰਮ੍ਰਿਤਪਾਲ ਦੇ 2 ਨਿੱਜੀ ਸੁਰੱਖਿਆ ਗਾਰਡਾਂ ਕੋਲ ਆਪਣੇ ਮੌਜੂਦ ਹਥਿਆਰਾਂ ਦੇ ਲਾਇਸੈਂਸ ਗੁਆਂਢੀ ਕੇਂਦਰ ਸ਼ਾਸਿਤ ਪ੍ਰਦੇਸ਼ ਦੇ ਜ਼ਿਲ੍ਹਿਆਂ ਤੋਂ ਜਾਂ ਤਾਂ ਰੀਨਿਊ ਸਨ ਜਾਂ ਨਵੇਂ ਸਿਰੇ ਤੋਂ ਜਾਰੀ ਕੀਤੇ ਗਏ ਸਨ। ਦੋਵੇਂ ਨਿੱਜੀ ਸੁਰੱਖਿਆ ਗਾਰਡ ਫ਼ੌਜ ਤੋਂ ਸੇਵਾਮੁਕਤ ਹੋ ਚੁੱਕੇ ਹਨ। ਵਰਿੰਦਰ ਸਿੰਘ 19ਵੀਂ ਸਿੱਖ ਰੈਜੀਮੈਂਟ ਨਾਲ ਅਤੇ ਤਲਵਿੰਦਰ ਸਿੰਘ 23ਵੀਂ ਆਰਮਡ ਪੰਜਾਬ ਰੈਜੀਮੈਂਟ ਨਾਲ ਜੁੜਿਆ ਸੀ।

ਅਧਿਕਾਰੀਆਂ ਨੇ ਕਿਹਾ ਕਿ ਪੰਜਾਬ ਦੇ ਵਧੀਕ ਡਾਇਰੈਕਟਰ ਜਨਰਲ ਆਫ ਪੁਲਿਸ (ਖੁਫ਼ੀਆ) ਦੇ 12 ਜਨਵਰੀ ਨੂੰ ਸਬੰਧਿਤ ਡਿਪਟੀ ਕਮਿਸ਼ਨਰਾਂ ਨੂੰ ਪੱਤਰ ਲਿਖਣ ਦੇ ਬਾਵਜੂਦ ਲਾਇਸੈਂਸ ਰੱਦ ਨਹੀਂ ਕੀਤੇ ਗਏ ਸਨ। ਇਹ ਪੱਤਰ ਅੰਮ੍ਰਿਤਪਾਲ ਸਿੰਘ ਦੇ ਸਮਰਥਕਾਂ ਨਾਲ ਜੁੜੇ ਇਕ ਵਿਵਾਦ ਤੋਂ ਲਗਭਗ 6 ਹਫ਼ਤੇ ਪਹਿਲਾਂ ਲਿਖੇ ਗਏ ਸਨ, ਜਿੱਥੇ ਦੋਵਾਂ ਨੇ ਆਪਣੇ ਹਥਿਆਰਾਂ ਦਾ ਪ੍ਰਦਰਸ਼ਨ ਕੀਤਾ ਸੀ। ਅੰਮ੍ਰਿਤਸਰ ਜ਼ਿਲ੍ਹੇ ਵਿਚ ਕੋਟ ਧਰਮਚੰਦ ਕਲਾਂ ਦੇ ਤਲਵਿੰਦਰ ਸਿੰਘ ਅਤੇ ਆਸਾਮ ਦੀ ਜੇਲ੍ਹ 'ਚ ਬੰਦ ਵਰਿੰਦਰ ਸਿੰਘ ਉਰਫ ਫ਼ੌਜੀ, ਦੋਵਾਂ ਦੇ ਹਥਿਆਰਾਂ ਦੇ ਲਾਇਸੈਂਸ ਕ੍ਰਮਵਾਰ : ਰਾਮਬਨ ਅਤੇ ਕਿਸ਼ਤਵਾੜ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਵੱਲੋਂ ਗ਼ੈਰ-ਕਾਨੂੰਨੀ ਕਰਾਰ ਦਿੱਤੇ ਗਏ। ਇਸ ਸਾਲ 9 ਮਾਰਚ ਨੂੰ ਰੱਦ ਕਰਨ ਸਬੰਧੀ ਨਿਰਦੇਸ਼ ਦੇ ਮੁਤਾਬਕ ਵਰਿੰਦਰ ਸਿੰਘ ਦਾ ਲਾਇਸੈਂਸ 24 ਜੁਲਾਈ 2017 ਤੋਂ ਰੀਨਿਊ ਨਹੀਂ ਹੋਇਆ ਸੀ।

ਜੰਮੂ-ਕਸ਼ਮੀਰ ਤੋਂ ਸਮੇਂ-ਸਮੇਂ 'ਤੇ ਫਰਜ਼ੀ ਬੰਦੂਕ ਲਾਇਸੈਂਸ ਜਾਰੀ ਕਰਨ ਦੇ ਮਾਮਲੇ ਸਾਹਮਣੇ ਆਏ ਹਨ ਅਤੇ ਸੀ.ਬੀ.ਆਈ. ਇਸ ਮਾਮਲੇ ਦੀ ਜਾਂਚ ਕਰ ਰਹੀ ਹੈ। ਸੀ.ਬੀ.ਆਈ. ਦੇ ਬੁਲਾਰੇ ਆਰ.ਸੀ. ਜੋਸ਼ੀ ਨੇ ਇਕ ਬਿਆਨ 'ਚ ਕਿਹਾ ਸੀ ਕਿ ਛਾਣਬੀਨ ਅਤੇ ਦਸਤਾਵੇਜ਼ਾਂ ਦੀ ਜਾਂਚ ਦੌਰਾਨ ਕੁਝ ਬੰਦੂਕ ਡੀਲਰਾਂ ਦੀ ਭੂਮਿਕਾ ਪਾਈ ਗਈ, ਜਿਨ੍ਹਾਂ ਨੇ ਸਬੰਧਿਤ ਜ਼ਿਲ੍ਹਿਆਂ ਦੇ ਲੋਕ ਸੇਵਕਾਂ ਤਤਕਾਲੀਨ ਡੀ.ਐੱਮ. (ਡਿਸਟ੍ਰਿਕ ਮੈਜਿਸਟ੍ਰੇਟ) ਅਤੇ ਏ.ਡੀ.ਐੱਮ. (ਐਡੀਸ਼ਨਲ ਡਿਸਟ੍ਰਿਕ ਮੈਜਿਸਟ੍ਰੇਟ) ਦੀ ਮਿਲੀਭੁਗਤ ਨਾਲ ਅਯੋਗ ਵਿਅਕਤੀਆਂ ਨੂੰ ਕਥਿਤ ਤੌਰ 'ਤੇ ਅਜਿਹੇ ਗ਼ੈਰ-ਕਾਨੂੰਨੀ ਹਥਿਆਰਾਂ ਦੇ ਲਾਇਸੈਂਸ ਜਾਰੀ ਕੀਤੇ ਸਨ।




EXPO
FURNITURE
Gallery
FALL SAVINGS
PRICES ARE FALLING!
SAVE UP TO
70%
OFF IN STORE
7310 Home Leisure Plaza
Sacramento, CA 95823
(916) 392-3233
11415 Folsom Blvd. STE #105
Rancho Cordova, CA 95742
(916) 635-3976
Promotion does not apply to previous purchases. 0% Financing available on approved credit - see store for details. "Up to 70% Off" items are available in-store only and are limited in quantity. They will be sold on a first come, first serve basis and may include floor model items, discontinued items and slightly imperfect items. Although every precaution is taken, errors in pricing/description may occur. We reserve the right to correct any such errors.

# ਦੇਸ਼ ਨਿਕਾਲੇ ਦੇ ਹੁਕਮਾਂ ਦਾ ਸਾਹਮਣਾ ਕਰ ਰਹੇ 700 ਭਾਰਤੀ ਵਿਦਿਆਰਥੀਆਂ ਦੇ ਹੱਕ 'ਚ ਟੋਰਾਂਟੋ ਵਿਖੇ ਪ੍ਰਦਰਸ਼ਨ



ਜਗਰਾਉਂ, (ਪੰਜਾਬ ਮੇਲ)- ਏਜੰਟ ਦੀ ਧੋਖਾਧੜੀ ਕਾਰਨ ਦੇਸ਼-ਨਿਕਾਲੇ ਵਾਲੇ ਹੁਕਮਾਂ ਦਾ ਸਾਹਮਣਾ ਕਰ ਰਹੇ 700 ਭਾਰਤੀ ਵਿਦਿਆਰਥੀਆਂ ਦੇ ਹੱਕ 'ਚ ਇਮੀਗਰੇਸ਼ਨ ਅਤੇ ਰਫਿਊਜੀ ਕੈਨੇਡਾ (ਆਈ.ਆਰ.ਸੀ.ਸੀ.) ਦੇ ਟੋਰਾਂਟੋ ਦਫ਼ਤਰ ਦੇ ਸਾਹਮਣੇ ਪ੍ਰਦਰਸ਼ਨ ਕੀਤਾ ਗਿਆ। ਜਗਰਾਉਂ ਨਾਲ ਸਬੰਧਤ ਮਾਂਟਰੀਅਲ ਯੂਥ ਸਟੂਡੈਂਟਸ ਆਰਗੇਨਾਈਜੇਸ਼ਨ ਦੇ ਆਗੂ ਵਰੁਣ ਖੰਨਾ ਨੇ ਹਰਿੰਦਰ ਸਿੰਘ ਮਹਿਰੋਕ, ਚਮਨਦੀਪ ਸਿੰਘ ਤੇ ਹੋਰਨਾਂ ਨਾਲ ਮਿਲ ਕੇ ਇਸ ਮੁਜ਼ਾਹਰੇ ਦੀ ਅਗਵਾਈ ਕੀਤੀ। ਜਲੰਧਰ ਪੁਲਿਸ ਨੇ ਭਾਵੇਂ ਇਸ ਮਾਮਲੇ 'ਚ ਤਿੰਨ ਜਣਿਆਂ ਖ਼ਿਲਾਫ਼ ਮਾਮਲਾ ਦਰਜ ਕਰਕੇ ਇਕ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਪਰ ਇਨ੍ਹਾਂ ਵਿਦਿਆਰਥੀਆਂ ਦੇ ਪੱਖ 'ਚ ਫ਼ੈਸਲਾ ਲੈਣ ਦੀ ਮੰਗ ਨੂੰ ਲੈ ਕੇ ਇਹ ਮੁਜ਼ਾਹਰਾ ਕੀਤਾ ਗਿਆ। ਜ਼ਿਕਰਯੋਗ ਹੈ ਕਿ ਇਹ ਸੱਤ ਸੌ ਵਿਦਿਆਰਥੀ, ਜਿਨ੍ਹਾਂ 'ਚ ਬਹੁਗਿਣਤੀ 'ਚ ਪੰਜਾਬੀ ਹਨ, ਕਰੀਬ ਢਾਈ ਸਾਲ ਪਹਿਲਾਂ ਟੋਰਾਂਟੋ ਪੜ੍ਹਾਈ ਲਈ ਪੁੱਜੇ ਸਨ। ਪ੍ਰਦਰਸ਼ਨਕਾਰੀਆਂ ਨੇ ਕਿਹਾ ਕਿ ਜਾਅਲੀ ਦਸਤਾਵੇਜ਼ ਏਜੰਟ ਨੇ ਲਾਏ ਪਰ ਇਸ ਦਾ ਖਮਿਆਜ਼ਾ ਹੁਣ ਇਹ ਵਿਦਿਆਰਥੀ ਭੁਗਤ ਰਹੇ ਹਨ। ਆਗੂਆਂ ਨੇ ਕਿਹਾ ਕਿ ਕੈਨੇਡੀਅਨ ਕਾਲਜਾਂ, ਕੈਨੇਡੀਅਨ ਬਾਰਡਰ ਸਰਵਿਸ ਏਜੰਸੀ ਤੇ ਹੋਰ ਸਰਕਾਰੀ ਅਦਾਰਿਆਂ ਨੂੰ ਵਿਦਿਆਰਥੀਆਂ ਦੇ ਕੈਨੇਡਾ 'ਚ ਦਾਖ਼ਲ ਹੋਣ ਤੋਂ ਪਹਿਲਾਂ ਪੇਪਰ ਦੇਖਣੇ ਚਾਹੀਦੇ ਸਨ। ਹੁਣ ਸਾਰਾ ਤੋੜਾ ਵਿਦਿਆਰਥੀਆਂ ਸਿਰ ਭੰਨ੍ਹਣਾ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ ਹੈ। ਉਨ੍ਹਾਂ ਮੰਗ ਕੀਤੀ ਕੈਨੇਡੀਅਨ ਸਰਕਾਰ ਨੂੰ ਧੋਖਾਧੜੀ ਦਾ ਸ਼ਿਕਾਰ ਹੋਏ ਵਿਦਿਆਰਥੀਆਂ ਨੂੰ ਦੇਸ਼-ਨਿਕਾਲਾ ਦੇਣ ਦੀ ਬਜਾਏ ਉਨ੍ਹਾਂ ਨੂੰ ਜ਼ਿੰਦਗੀ 'ਚ ਅੱਗੇ ਵੱਧਣ 'ਚ ਸਹਿਯੋਗ ਕਰਨਾ ਚਾਹੀਦਾ ਹੈ। ਇਸ ਸਮੇਂ ਰਵਿੰਦਰ ਔਲਖ, ਮਨਪ੍ਰੀਤ ਕੌਰ, ਰਮਨਜੋਤ ਕੌਰ, ਕਰਮਜੀਤ ਕੌਰ, ਰਣਵੀਰ ਸਿੰਘ, ਮਨਦੀਪ, ਬਲਦੇਵ ਰਹਿਪਾ, ਐਰਨ, ਜੈਜ, ਮਾਇਕਾ, ਕੁਲਦੀਪ ਬੋਪਾਰਾਏ ਤੇ ਚਰਨਜੀਤ ਸੰਧੂ ਨੇ ਵਿਦਿਆਰਥੀਆਂ ਦੇ ਹੱਕ 'ਚ ਸੰਬੋਧਨ ਕੀਤਾ।

## 75 ਦਿਨਾਂ ਤੋਂ ਲਾਪਤਾ ਭਾਰਤੀ ਅਮਰੀਕੀ ਨਬਾਲਗ ਕੁੜੀ ਫਲੋਰਿਡਾ 'ਚੋਂ ਮਿਲੀ



ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ ਪੰਜਾਬ ਮੇਲ)- ਭਾਰਤੀ-ਅਮਰੀਕੀ ਲੜਕੀ ਤਾਨਵੀ ਮਰੂਪਲੀ, ਜੋ 75 ਦਿਨਾਂ ਤੋਂ ਲਾਪਤਾ ਸੀ, ਫਲੋਰਿਡਾ ਵਿਚੋਂ ਸੁਰੱਖਿਅਤ ਮਿਲ ਗਈ ਹੈ। ਕੋਨਵੇਅ ਦੇ ਪੁਲਿਸ ਮੁਖੀ ਵਿਲੀਅਮ ਟਪਲੇ ਨੇ ਕਿਹਾ ਹੈ ਕਿ ਲੜਕੀ ਨੂੰ ਸੁਰੱਖਿਅਤ ਮਾਪਿਆਂ ਕੋਲ ਪਹੁੰਚਾ ਦਿੱਤਾ ਗਿਆ ਹੈ। ਆਈ.ਟੀ. ਖੇਤਰ ਵਿਚ ਵੱਡੀ ਪੱਧਰ ਉਪਰ ਛਾਂਟੀ ਉਪਰੰਤ ਵਾਪਸ ਭਾਰਤ ਭੇਜੇ ਜਾਣ ਦੇ ਡਰ ਤੋਂ 15 ਸਾਲਾ ਤਾਨਵੀ ਅਰਕਨਸਾਸ ਸਥਿਤ ਆਪਣੇ ਘਰ ਤੋਂ ਫਰਾਰ ਹੋ ਗਈ ਸੀ। ਉਸ ਨੂੰ ਆਖਰੀ ਵਾਰ 17 ਜਨਵਰੀ ਨੂੰ ਕੋਨਵੇਅ ਜੂਨੀਅਰ ਹਾਈ ਸਕੂਲ ਨੇੜੇ ਵੇਖਿਆ ਗਿਆ ਸੀ। ਪੁਲਿਸ ਮੁਖੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਤਾਨਵੀ ਕਈ ਮੀਲ ਤੁਰ ਕੇ 22 ਜਨਵਰੀ ਨੂੰ ਕਨਸਾਸ ਸ਼ਹਿਰ ਵਿਚ ਪਹੁੰਚੀ, ਜਿਥੇ ਉਹ ਆਪਣੀ ਗਲਤ ਪਛਾਣ ਦਸ ਕੇ ਬੇਘਰਿਆਂ ਲਈ ਬਣੀ ਸ਼ਰਨਗਾਹ ਵਿਚ ਦੋ ਮਹੀਨੇ ਰਹੀ। ਬਾਅਦ ਵਿਚ ਉਹ ਫਲੋਰਿਡਾ ਚਲੀ ਗਈ, ਜਿਥੇ ਉਹ ਇਕ ਖੰਡਰ ਇਮਾਰਤ ਵਿਚ ਰਹੀ।

## ਅਦਾਲਤ ਵੱਲੋਂ ਮਾਣਹਾਨੀ ਕੇਸ 'ਚ ਸਾਬਕਾ ਸਪੀਕਰ ਰਾਣਾ ਕੇ.ਪੀ. ਨੂੰ ਸੰਮਨ ਜਾਰੀ



ਰੂਪਨਗਰ/ਸ੍ਰੀ ਆਨੰਦਪੁਰ ਸਾਹਿਬ, (ਪੰਜਾਬ ਮੇਲ)- ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਦੇ ਪਿਤਾ ਸੋਹਣ ਸਿੰਘ ਬੈਂਸ ਵੱਲੋਂ ਸਾਬਕਾ ਵਿਧਾਨ ਸਭਾ ਸਪੀਕਰ ਰਾਣਾ ਕੰਵਰਪਾਲ ਸਿੰਘ ਖ਼ਿਲਾਫ਼ ਚੋਣਾਂ ਤੋਂ ਪਹਿਲਾਂ ਦਾਇਰ ਕੀਤੇ ਗਏ ਮਾਣਹਾਨੀ ਕੇਸ ਵਿਚ ਵੀਰਵਾਰ ਅਦਾਲਤ ਵੱਲੋਂ ਰਾਣਾ ਕੰਵਰਪਾਲ ਸਿੰਘ ਨੂੰ ਸੰਮਨ ਜਾਰੀ ਕੀਤੇ ਗਏ ਹਨ। ਪਟੀਸ਼ਨਕਰਤਾ ਸੋਹਣ ਸਿੰਘ ਬੈਂਸ ਨੇ ਰੂਪਨਗਰ ਵਿਚ ਦੱਸਿਆ ਕਿ ਰਾਣਾ ਕੰਵਰਪਾਲ ਸਿੰਘ ਵੱਲੋਂ ਪਹਿਲੀ ਫਰਵਰੀ 2022 ਨੂੰ ਦਸਗਰਾਈਂ ਵਿਚ ਕੀਤੀ ਗਈ ਲਗਭਗ 150 ਵਿਅਕਤੀਆਂ ਦੀ ਇਕੱਤਰਤਾ ਦੌਰਾਨ ਅਤੇ ਫੇਸਬੁੱਕ 'ਤੇ ਲਾਈਵ ਹੋ ਕੇ ਉਨ੍ਹਾਂ ਪ੍ਰਤੀ ਤੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਕੰਮ ਕਰਨ ਵਾਲੇ ਉਨ੍ਹਾਂ ਦੇ ਵਕੀਲ ਪੁੱਤਰ ਹਰਜੋਤ ਸਿੰਘ ਬੈਂਸ ਪ੍ਰਤੀ ਅਪਮਾਨਜਨਕ ਸ਼ਬਦਾਵਲੀ ਦੀ ਵਰਤੋਂ ਕਰਕੇ ਲੋਕਾਂ ਵਿਚ ਉਨ੍ਹਾਂ ਦੀ ਸਾਖ ਖ਼ਰਾਬ ਕਰਨ ਦਾ ਯਤਨ ਕੀਤਾ ਗਿਆ ਸੀ। ਸੋਹਣ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਬਦਨਾਮ ਕਰਨ ਲਈ ਰਾਣਾ ਕੇ.ਪੀ. ਨੇ ਜਿਸ ਕੇਸ ਦਾ ਜ਼ਿਕਰ ਕੀਤਾ ਸੀ, ਉਸ ਕੇਸ ਵਿਚ ਵਧੀਕ ਸੈਸ਼ਨ ਜੱਜ ਐੱਸ.ਏ.ਐੱਸ. ਨਗਰ ਦੀ ਅਦਾਲਤ ਨੇ 25 ਸਤੰਬਰ 2017 ਨੂੰ ਉਨ੍ਹਾਂ ਨੂੰ ਬਰੀ ਕਰ ਦਿੱਤਾ ਸੀ, ਜਿਸ ਸਬੰਧੀ ਰਾਣਾ ਕੇ.ਪੀ. ਨੂੰ ਵੀ ਪਤਾ ਸੀ, ਪਰ ਉਨ੍ਹਾਂ ਬਿਨਾਂ ਕਿਸੇ ਠੋਸ ਆਧਾਰ ਦੇ ਉਨ੍ਹਾਂ ਨੂੰ ਤੇ ਉਨ੍ਹਾਂ ਦੇ ਪਰਿਵਾਰ ਨੂੰ ਕਥਿਤ ਤੌਰ 'ਤੇ ਬਦਨਾਮ ਕਰਨ ਦਾ ਯਤਨ ਕੀਤਾ।

# ਪਾਕਿਸਤਾਨ 'ਚ ਸਿੱਖ ਭਾਈਚਾਰੇ ਨੂੰ ਵੱਖਰੀ ਕੌਮ ਵਜੋਂ ਮਾਨਤਾ ਮਿਲੀ

**ਜਨਗਣਨਾ ਸੂਚੀ 'ਚ ਸਿੱਖ ਭਾਈਚਾਰੇ ਨੂੰ 6 ਨੰਬਰ ਕਾਲਮ 'ਚ ਕੀਤਾ ਦਰਜ**

ਅੰਮ੍ਰਿਤਸਰ, (ਪੰਜਾਬ ਮੇਲ)-ਦੇਸ਼ ਦੀ ਵੰਡ ਦੇ 76 ਵਰ੍ਹਿਆਂ ਬਾਅਦ ਪਾਕਿਸਤਾਨ 'ਚ ਪਹਿਲੀ ਵਾਰ ਉਥੇ ਰਹਿ ਰਹੇ ਸਿੱਖ ਭਾਈਚਾਰੇ ਨੂੰ ਵੱਖਰੀ ਕੌਮ ਵਜੋਂ ਮਾਨਤਾ ਮਿਲੀ ਹੈ। ਪਾਕਿ ਸਿੱਖ ਭਾਈਚਾਰੇ ਨੂੰ ਜਨਗਣਨਾ ਦੇ ਫਾਰਮਾਂ ਵਿਚ ਕਾਲਮ ਨੰਬਰ 6 'ਚ ਦਰਜ ਕੀਤਾ ਗਿਆ ਹੈ। ਇਸੇ ਤਰ੍ਹਾਂ ਮੁਸਲਮਾਨ, ਈਸਾਈ, ਹਿੰਦੂ, ਕਾਦਿਆਨੀ/ ਅਹਿਮਦੀ, ਦਲਿਤ ਲਈ ਕ੍ਰਮਵਾਰ ਵੱਖੋ-ਵੱਖਰੇ ਕਾਲਮ ਬਣਾਏ ਗਏ ਹਨ। ਪਿਸ਼ਾਵਰੀ ਸਿੱਖ ਸੰਗਤ ਦੇ ਆਗੂ ਗੁਰਪਾਲ ਸਿੰਘ ਨੇ ਦੱਸਿਆ ਕਿ ਕੁਝ ਮੀਡੀਆ ਅਦਾਰੇ ਮਰਦਮਸ਼ੁਮਾਰੀ ਦੇ ਪੁਰਾਣੇ ਫਾਰਮਾਂ ਦੀਆਂ ਤਸਵੀਰਾਂ ਜਨਤਕ ਕਰਕੇ ਝੂਠੇ ਦਾਅਵੇ ਕਰ ਰਹੇ ਹਨ ਕਿ ਪਾਕਿ ਦੀ ਡਿਜੀਟਲ ਜਨਗਣਨਾ 'ਚ ਸਿੱਖਾਂ ਨੂੰ ਸ਼ਾਮਲ ਨਹੀਂ ਕੀਤਾ ਗਿਆ ਹੈ, ਜਦਕਿ ਹਿੰਦੂਆਂ ਨੂੰ ਅਨੁਸੂਚਿਤ ਜਾਤੀ ਵਜੋਂ ਦਰਜ ਕੀਤਾ ਗਿਆ ਹੈ।

ਇਸ ਤੋਂ ਇਲਾਵਾ ਪਾਕਿ 'ਚ ਸਿੱਖਾਂ ਦੀ ਕੁੱਲ ਆਬਾਦੀ 74 ਹਜ਼ਾਰ ਤੋਂ ਵੀ ਵਧੇਰੇ ਹੈ। ਉਨ੍ਹਾਂ ਕਿਹਾ ਕਿ ਇਸ ਵਾਰ ਜਨਗਣਨਾ ਡਿਜੀਟਲ ਤੌਰ 'ਤੇ ਕੀਤੀ ਜਾ ਰਹੀ ਹੈ ਅਤੇ ਆਨਲਾਈਨ ਨਵੇਂ ਫਾਰਮਾਂ 'ਚ ਸਿੱਖਾਂ ਨੂੰ ਵੱਖਰੀ ਕੌਮ ਵਜੋਂ ਦਰਜ ਕਰਦਿਆਂ ਉਨ੍ਹਾਂ ਲਈ ਵੱਖਰਾ ਕਾਲਮ ਬਣਾਇਆ ਗਿਆ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਜਨਗਣਨਾ ਦੇ ਨਵੇਂ ਫਾਰਮ ਸਿਰਫ਼ ਆਨ-ਲਾਈਨ ਉਪਲੱਬਧ ਹਨ, ਜਦਕਿ ਸੰਬੰਧਿਤ ਵਿਭਾਗ ਦੀ ਟੀਮ ਨੂੰ ਜੋ ਲੋਕ ਮੌਕੇ 'ਤੇ ਘਰਾਂ 'ਚ ਨਹੀਂ ਮਿਲਦੇ, ਉਨ੍ਹਾਂ ਨੂੰ ਫਿਲਹਾਲ ਪੁਰਾਣੇ ਫਾਰਮਾਂ 'ਤੇ ਹੀ ਆਪਣੀ ਜਾਣਕਾਰੀ ਲਿਖਣ ਲਈ ਕਿਹਾ ਜਾ ਰਿਹਾ ਹੈ ਤਾਂ ਕਿ ਬਾਅਦ 'ਚ ਅਧਿਕਾਰੀ ਉਨ੍ਹਾਂ ਦੀ ਖ਼ੁਦ ਆਨ-ਲਾਈਨ ਐਂਟਰੀ ਕਰ ਸਕਣ। ਇਥੇ ਇਹ ਵੀ ਦੱਸਣਯੋਗ ਹੈ ਕਿ ਪਿਸ਼ਾਵਰ ਹਾਈ ਕੋਰਟ 'ਚ ਗੁਰਪਾਲ ਸਿੰਘ ਸਮੇਤ 5 ਹੋਰਨਾਂ ਸਿੱਖਾਂ ਵੱਲੋਂ 23 ਮਾਰਚ, 2017 ਨੂੰ ਦਾਇਰ ਕੀਤੀ ਪਟੀਸ਼ਨ ਦੇ ਲਗਭਗ ਸਾਢੇ 5 ਸਾਲ ਬਾਅਦ ਸੁਪਰੀਮ ਕੋਰਟ 'ਚ ਮਾਮਲਾ ਪਹੁੰਚਣ 'ਤੇ ਜੱਜ ਨੇ ਚੀਫ਼ ਮਰਦਮਸ਼ੁਮਾਰੀ ਕਮਿਸ਼ਨਰ, ਪਾਕਿਸਤਾਨ ਬਿਊਰੋ ਆਫ਼ ਸਟੈਟਿਕਸ ਅਤੇ ਸੰਬੰਧਿਤ ਮੰਤਰਾਲੇ ਨੂੰ ਨੋਟਿਸ ਜਾਰੀ ਕਰਦਿਆਂ ਇਹ ਹੁਕਮ ਕੀਤਾ ਕਿ ਸਿੱਖਾਂ ਨੂੰ ਜਨਗਣਨਾ ਸੂਚੀ 'ਚ 'ਅਦਰ' (ਹੋਰਨਾਂ) ਦੀ ਬਜਾਏ ਵੱਖਰੇ ਤੌਰ 'ਤੇ ਸ਼ਾਮਲ ਕੀਤਾ ਜਾਵੇ। ਦੱਸਿਆ ਜਾ ਰਿਹਾ ਹੈ ਕਿ ਪਿਛਲੀ ਜਨਗਣਨਾ ਮੁਤਾਬਕ ਪਾਕਿ 'ਚ ਸਿੱਖ ਭਾਈਚਾਰੇ ਦੀ ਕੁੱਲ ਆਬਾਦੀ 18 ਹਜ਼ਾਰ ਦੇ ਲਗਭਗ ਅਤੇ ਸਿੱਖ ਵੋਟਰਾਂ ਦੀ ਗਿਣਤੀ 6193 ਸੀ। ਇਨ੍ਹਾਂ 'ਚੋਂ ਸੂਬਾ ਖ਼ੈਬਰ ਪਖਤੂਨਖਵਾ 'ਚ 2597, ਸਿੰਧ 1477, ਪੰਜਾਬ 1157, ਫਾਟਾ 730, ਬਲੋਚਿਸਤਾਨ 225 ਅਤੇ ਇਸਲਾਮਾਬਾਦ ਵਿਚ 7 ਸਿੱਖ ਵੋਟਰ ਸਨ।




# 10 ਮਹੀਨੇ, 11 ਦਿਨ ਦੀ ਸਜ਼ਾ ਕੱਟਣ ਬਾਅਦ ਨਵਜੋਤ ਸਿੱਧੂ ਹੋਏ ਰਿਹਾਅ



**ਚੰਡੀਗੜ੍ਹ, (ਪੰਜਾਬ ਮੇਲ)-** ਸਾਢੇ ਤਿੰਨ ਦਹਾਕੇ ਪਹਿਲਾਂ ਪਟਿਆਲਾ 'ਚ ਵਾਪਰੇ ਰੋਡਰੇਜ ਕੇਸ 'ਚ 10 ਮਹੀਨੇ 11 ਦਿਨ ਦੀ ਸਜ਼ਾ ਕੱਟਣ ਤੋਂ ਬਾਅਦ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੱਧੂ ਬਾਹਰ ਆ ਗਏ ਹਨ। ਨਵਜੋਤ ਸਿੱਧੂ ਦੇ ਬਾਹਰ ਆਉਣ ਨਾਲ ਜਿੱਥੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਅਤੇ ਸਮਰਥਕਾਂ ਵਿਚ ਖੁਸ਼ੀ ਦੀ ਲਹਿਰ ਹੈ, ਉਥੇ ਹੀ ਪੰਜਾਬ ਦਾ ਸਿਆਸੀ ਮਾਹੌਲ ਵੀ ਗਰਮਾ ਗਿਆ ਹੈ। ਜੇਲ੍ਹ ਵਿਭਾਗ ਦੇ ਉੱਚ ਅਧਿਕਾਰੀ ਨੇ ਸਿੱਧੂ ਨੂੰ ਰਿਹਾਅ ਕੀਤੇ ਜਾਣ ਦੀ ਪੁਸ਼ਟੀ ਸ਼ੁੱਕਰਵਾਰ ਨੂੰ ਹੀ ਕਰ ਦਿੱਤੀ ਸੀ। ਇਸ ਤੋਂ ਪਹਿਲਾਂ ਸਿੱਧੂ ਪਰਿਵਾਰ ਨੇ ਵੀ ਟਵੀਟ ਕਰਕੇ ਸਬੰਧਤ ਅਥਾਰਿਟੀ ਦੇ ਹਵਾਲੇ ਨਾਲ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨੂੰ ਸ਼ਨੀਵਾਰ ਨੂੰ ਜੇਲ੍ਹ 'ਚੋਂ ਰਿਹਾਅ ਕੀਤੇ ਜਾਣ ਦਾ ਦਾਅਵਾ ਕੀਤਾ ਸੀ, ਜਦਕਿ ਕੈਬਨਿਟ ਮੰਤਰੀ ਅਮਨ ਅਰੋੜਾ ਵੀ ਵੱਖਰੇ ਤੌਰ 'ਤੇ ਇਸ ਦੀ ਪੁਸ਼ਟੀ ਕਰ ਚੁੱਕੇ ਹਨ। ਚੇਤੇ ਰਹੇ ਕਿ ਭਾਰਤ ਸਰਕਾਰ ਦੀ 'ਅਜ਼ਾਦੀ ਦਾ ਅੰਮ੍ਰਿਤ ਮਹਾਉਤਸਵ' ਉੱਤੇ ਆਧਾਰਿਤ ਨੀਤੀ ਤਹਿਤ 26 ਜਨਵਰੀ ਨੂੰ ਗਣਤੰਤਰ ਦਿਵਸ ਮੌਕੇ ਕੁਝ ਕੈਦੀਆਂ ਨੂੰ ਅਗਾਊਂ ਰਿਹਾਅ ਕੀਤੇ ਜਾਣ ਵਾਲੀ ਸੂਚੀ ਵਿਚ ਨਵਜੋਤ ਸਿੱਧੂ ਦਾ ਨਾਮ ਵੀ ਵਿਚਾਰਧੀਨ ਸੀ ਪਰ ਇਸ ਨੀਤੀ ਤਹਿਤ ਕਿਸੇ ਨੂੰ ਵੀ ਅਗਾਊਂ ਰਿਹਾਈ ਨਹੀਂ ਦਿੱਤੀ ਗਈ। ਸਿੱਧੂ ਦੀ ਰਿਹਾਈ ਨੂੰ ਲੈ ਕੇ ਪਟਿਆਲਾ ਵਿਚ ਉਨ੍ਹਾਂ ਦੇ ਸਮਰਥਕਾਂ ਨੇ ਆਪਣੇ ਆਗੂ ਦੇ ਸਵਾਗਤ ਲਈ ਜੰਗੀ ਪੱਧਰ 'ਤੇ ਤਿਆਰੀਆਂ ਵਿੱਢੀਆਂ ਸਨ। ਪਟਿਆਲਾ ਜੇਲ੍ਹ 'ਚੋਂ ਰਿਹਾਅ ਹੋਣ ਤੋਂ ਬਾਅਦ ਨਵੋਜਤ ਸਿੱਧੂ ਨੇ ਦੇਸ਼ ਦੇ ਮੌਜੂਦਾ ਹਾਲਾਤ 'ਤੇ ਵੱਡੀ ਹੁੰਕਾਰ ਭਰੀ ਹੈ। ਪਟਿਆਲਾ ਜੇਲ੍ਹ 'ਚੋਂ ਨਿਕਲਣ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਸਿੱਧੂ ਨੇ ਕਿਹਾ ਕਿ ਮੇਰੀ ਪਤਨੀ ਨੂੰ ਕੈਂਸਰ ਹੈ ਪਰ ਫਿਰ ਵੀ ਮੈਂ ਜੇਲ੍ਹ 'ਚੋਂ ਛੁੱਟੀ ਨਹੀਂ ਲਈ। ਮੇਰੀ ਲੜਾਈ ਮੇਰੇ ਪਰਿਵਾਰ ਲਈ ਨਹੀਂ, ਸਗੋਂ ਪੰਜਾਬ ਲਈ ਹੈ। ਪੰਜਾਬ ਦੇ ਲੋਕਾਂ ਵਿਚ ਮੈਨੂੰ ਰੱਬ ਦਿੱਸਦਾ ਹੈ। ਕੇਂਦਰ ਸਰਕਾਰ ਪੰਜਾਬ ਵਿਚ ਰਾਸ਼ਟਰਪਤੀ ਰਾਜ ਲਾਗੂ ਕਰਨਾ ਚਾਹੁੰਦੀ ਹੈ, ਜਿਸ ਦੇ ਚੱਲਦੇ ਪੰਜਾਬ ਦਾ ਮਾਹੌਲ ਖ਼ਰਾਬ ਕੀਤਾ ਜਾ ਰਿਹਾ ਹੈ।

ਸਿੱਧੂ ਨੇ ਕਿਹਾ ਕਿ ਅੱਜ ਪੰਜਾਬ ਨੂੰ ਕਮਜ਼ੋਰ ਕਰਨ ਦੀ ਸਾਜ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਦੇਸ਼ ਦੀ ਏਕਤਾ ਨੂੰ ਤੋੜਿਆ ਜਾ ਰਿਹਾ ਹੈ ਅਤੇ ਰਾਹੁਲ ਗਾਂਧੀ ਇਸ ਏਕਤਾ ਦੀ ਲੜਾਈ ਲੜ ਰਹੇ ਹਨ। ਉਨ੍ਹਾਂ ਕਿਹਾ ਕਿ ਮੈਂ ਅੱਜ ਵੀ ਕਹਿੰਦਾ ਹਾਂ ਰਾਸ਼ਟਰ ਧਰਮ ਤੋਂ ਵੱਡਾ ਕੋਈ ਧਰਮ ਹੈ। ਸਾਡਾ ਦੇਸ਼ ਇਕ ਹੈ ਅਤੇ ਇਸ ਏਕਤਾ ਨੂੰ ਤੋੜਿਆ ਜਾ ਰਿਹਾ ਹੈ। ਸਿੱਧੂ ਨੇ ਕਿਹਾ ਕਿ ਮੈਂ ਇਸ ਔਖੇ ਸਮੇਂ ਵਿਚ ਕਾਂਗਰਸ ਨਾਲ ਚੱਟਾਨ ਵਾਂਗ ਖੜ੍ਹਾ ਹਾਂ।

ਸਿੱਧੂ ਨੇ ਕਿਹਾ ਕਿ ਅੱਜ ਸਰਕਾਰ ਪੂਰੀ ਤਰ੍ਹਾਂ ਖੌਫਜ਼ਦਾ ਹੈ, ਜਿਸ ਦੇ ਚੱਲਦੇ ਉਨ੍ਹਾਂ ਨੂੰ ਦੇਰੀ ਨਾਲ ਜੇਲ੍ਹ 'ਚੋਂ ਬਾਹਰ ਕੱਢਿਆ ਗਿਆ ਹੈ ਕਿਉਂਕਿ ਜੇਲ੍ਹ ਦੇ ਬਾਹਰ ਉਨ੍ਹਾਂ ਦੇ ਸਮਰਥਕਾਂ ਦਾ ਵੱਡਾ ਇਕੱਠ ਦੇਖ ਕੇ ਸਰਕਾਰ ਘਬਰਾ ਗਈ ਹੈ। ਸਿੱਧੂ ਨੇ ਕਿਹਾ ਕਿ ਵੋਟਾਂ ਵੇਲੇ ਪੰਜਾਬ ਦੇ ਲੋਕਾਂ ਨੂੰ ਵੱਡੇ ਵਾਅਦੇ ਕੀਤੇ ਗਏ ਪਰ ਇਹ ਵਾਅਦੇ ਸਿਰਫ ਗੱਲਾਂ ਵਿਚ ਹੀ ਸਨ। ਸਰਕਾਰ ਅਖ਼ਬਾਰਾਂ ਵਿਚ ਇਸ਼ਤਿਹਾਰ ਦੇ ਕੇ ਜਨਤਾ ਦਾ ਪੈਸਾ ਖ਼ਰਾਬ ਕਰ ਰਹੀ ਹੈ, ਜਦਕਿ ਹਜ਼ਾਰਾਂ ਕਰੋੜ ਰੁਪਏ ਕਰਜ਼ਾ ਲੈ ਕੇ ਸੂਬੇ ਨੂੰ ਹੋਰ ਕਰਜ਼ਾਈ ਕੀਤਾ ਜਾ ਰਿਹਾ ਹੈ।

# ਮੂਸੇਵਾਲਾ ਕਤਲਕਾਂਡ: ਬਿਸ਼ਨੋਈ ਨੂੰ ਸੱਤ ਮਹੀਨਿਆਂ ਬਾਅਦ ਵੀ ਚਾਰਜਸ਼ੀਟ ਦੀ ਕਾਪੀ ਨਹੀਂ ਮਿਲੀ



**ਮਾਨਸਾ, (ਪੰਜਾਬ ਮੇਲ)-** ਮਰਹੂਮ ਗਾਇਕ ਸਿੱਧੂ ਮੂਸੇਵਾਲਾ ਕਤਲ ਕੇਸ ਵਿਚ ਪੁਲਿਸ ਵੱਲੋਂ ਚਾਰਜਸ਼ੀਟ ਦਾਇਰ ਕਰਨ ਦੇ 7 ਮਹੀਨਿਆਂ ਬਾਅਦ ਵੀ ਗੈਂਗਸਟਰ ਲਾਰੈਂਸ ਬਿਸ਼ਨੋਈ ਨੂੰ ਹਾਲੇ ਤੱਕ ਇਸ ਦੀਆਂ ਕਾਪੀਆਂ ਮੁਹੱਈਆ ਨਹੀਂ ਕਰਵਾਈਆਂ ਗਈਆਂ ਹਨ। ਮੂਸੇਵਾਲਾ ਦੇ ਮਾਤਾ-ਪਿਤਾ ਵੱਲੋਂ ਮੁਕੱਦਮੇ ਦੀ ਸੁਣਵਾਈ 'ਚ ਤੇਜ਼ੀ ਲਿਆਉਣ ਲਈ ਫਾਸਟ ਟਰੈਕ ਅਦਾਲਤ ਸਥਾਪਤ ਕਰਨ ਦੀ ਮੰਗ ਕੀਤੀ ਗਈ ਹੈ।

ਅਦਾਲਤੀ ਰਿਕਾਰਡ ਤੋਂ ਇਹ ਵੀ ਪਤਾ ਲੱਗਿਆ ਹੈ ਕਿ ਚਾਰਜਸ਼ੀਟ ਦਾਇਰ ਹੋਣ ਮਗਰੋਂ ਬਿਸ਼ਨੋਈ ਨੂੰ ਵਾਰ-ਵਾਰ ਤਲਬ ਕੀਤੇ ਜਾਣ ਦੇ ਬਾਵਜੂਦ 21 ਸੁਣਵਾਈਆਂ 'ਚੋਂ ਸਿਰਫ਼ ਇਕ ਵਾਰ 14 ਮਾਰਚ ਨੂੰ ਵੀਡੀਓ ਕਾਨਫਰੰਸਿੰਗ ਰਾਹੀਂ ਅਦਾਲਤ ਵਿਚ ਪੇਸ਼ ਕੀਤਾ ਗਿਆ। ਮਾਨਸਾ ਦੇ ਪੁਲਿਸ ਮੁਖੀ ਦਾ ਕਹਿਣਾ ਹੈ ਕਿ ਮੁਲਜ਼ਮ ਲਾਰੈਂਸ ਬਿਸ਼ਨੋਈ ਨੂੰ ਚਲਾਨ ਦੀਆਂ ਕਾਪੀਆਂ ਦੀ ਸਪਲਾਈ ਸਬੰਧੀ ਜੇਲ੍ਹ ਸੁਪਰਡੈਂਟ ਵੱਲੋਂ ਕੋਈ ਪੱਤਰ-ਵਿਹਾਰ ਪ੍ਰਾਪਤ ਨਹੀਂ ਹੋਇਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਮਾਨਸਾ ਵਿਚ ਜੁਡੀਸ਼ਲ ਮੈਜਿਸਟਰੇਟ ਅਤੁਲ ਕੰਬੋਜ ਦੀ ਅਦਾਲਤ ਨੇ ਮੰਗਲਵਾਰ ਨੂੰ ਮੁੜ ਹੁਕਮ ਦਿੱਤਾ ਹੈ ਕਿ ਲਾਰੈਂਸ ਬਿਸ਼ਨੋਈ ਸਮੇਤ ਹੋਰ ਮੁਲਜ਼ਮਾਂ ਦੇ ਪ੍ਰੋਡਕਸ਼ਨ ਵਾਰੰਟ 11 ਅਪ੍ਰੈਲ ਲਈ ਜਾਰੀ ਕਰ ਦਿੱਤੇ ਗਏ ਹਨ। ਇਸ ਦੇ ਨਾਲ ਹੀ ਸੁਪਰਡੈਂਟ ਜੇਲ੍ਹ ਨੂੰ ਇਨ੍ਹਾਂ ਮੁਲਜ਼ਮਾਂ ਨੂੰ ਸਰੀਰਕ ਤੌਰ 'ਤੇ ਜਾਂ ਵਰਚੁਅਲ ਮੋਡ ਰਾਹੀਂ ਪੇਸ਼ ਕਰਨ ਦਾ ਹੁਕਮ ਸੁਣਾਇਆ ਗਿਆ ਹੈ। ਬੀਤੇ ਦਿਨ ਸਿਰਫ਼ ਤਿੰਨ ਜਣੇ ਹੀ ਅਦਾਲਤ 'ਚ ਪੇਸ਼ ਹੋਏ ਸਨ।

**■ ਜੁਡੀਸ਼ਲ ਮੈਜਿਸਟਰੇਟ ਵੱਲੋਂ ਬਿਸ਼ਨੋਈ ਸਣੇ ਹੋਰ ਮੁਲਜ਼ਮਾਂ ਖ਼ਿਲਾਫ਼ ਪ੍ਰੋਡਕਸ਼ਨ ਵਾਰੰਟ ਜਾਰੀ**

### ਕੇਸ ਦੀ ਸੁਣਵਾਈ ਲਈ ਫਾਸਟ ਟਰੈਕ ਅਦਾਲਤ ਬਣਾਈ ਜਾਵੇ: ਬਲਕੌਰ ਸਿੰਘ

ਮਰਹੂਮ ਗਾਇਕ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਨੇ ਕਿਹਾ ਕਿ ਉਨ੍ਹਾਂ ਨੇ ਸੂਬਾ ਸਰਕਾਰ ਨੂੰ ਉਨ੍ਹਾਂ ਦੇ ਪੁੱਤਰ ਦੇ ਕਤਲ ਕੇਸ ਦੀ ਜਲਦੀ ਸੁਣਵਾਈ ਲਈ ਫਾਸਟ ਟਰੈਕ ਬਣਾਉਣ ਲਈ ਕਿਹਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਮੂਸੇਵਾਲਾ ਦੇ ਕਤਲ ਦੀ ਜਾਂਚ ਕਰ ਰਹੀ ਪੰਜਾਬ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ ਨੇ ਹੁਣ ਤੱਕ 31 ਮੁਲਜ਼ਮਾਂ ਖ਼ਿਲਾਫ਼ ਦੋ ਚਾਰਜਸ਼ੀਟਾਂ ਦਾਖ਼ਲ ਕੀਤੀਆਂ ਹਨ। ਸਿਟ ਨੇ 26 ਅਗਸਤ, 2022 ਨੂੰ ਗੈਂਗਸਟਰਾਂ ਲਾਰੈਂਸ ਬਿਸ਼ਨੋਈ, ਗੋਲਡੀ ਬਰਾੜ ਅਤੇ ਜੱਗੂ ਭਗਵਾਨਪੁਰੀਆ ਸਮੇਤ 24 ਦੋਸ਼ੀਆਂ ਖਿਲਾਫ 1850 ਪੰਨਿਆਂ ਦੀ ਚਾਰਜਸ਼ੀਟ ਦਾਇਰ ਕੀਤੀ ਸੀ, ਜਦਕਿ 7 ਮੁਲਜ਼ਮਾਂ ਖ਼ਿਲਾਫ਼ 5 ਦਸੰਬਰ 2022 ਨੂੰ ਸਪਲੀਮੈਂਟਰੀ ਚਾਰਜਸ਼ੀਟ ਭਰੀ ਗਈ ਸੀ। ਚਾਰਜਸ਼ੀਟ ਦੀਆਂ ਕਾਪੀਆਂ ਗੈਂਗਸਟਰ ਜੱਗੂ ਭਗਵਾਨਪੁਰੀਆ ਸਮੇਤ ਬਾਕੀ ਸਾਰੇ 26 ਮੁਲਜ਼ਮਾਂ ਨੂੰ ਸਪਲਾਈ ਕੀਤੀਆਂ ਗਈਆਂ ਹਨ, ਪਰ ਅਦਾਲਤ ਨੂੰ ਹੁਣ ਤੱਕ ਬਿਸ਼ਨੋਈ 'ਤੇ ਕੋਈ ਪੁਸ਼ਟੀ ਨਹੀਂ ਹੋਈ ਹੈ।

# ਸੰਨੀ ਧਾਲੀਵਾਲ ਲੜਨਗੇ ਕਾਊਂਟੀ ਸੁਪਰਵਾਈਜ਼ਰ ਦੀ ਚੋਣ



**ਸਾਨ ਫਰਾਂਸਿਸਕੋ, (ਪੰਜਾਬ ਮੇਲ)-** ਕੈਲੀਫੋਰਨੀਆ ਦੇ ਸ਼ਹਿਰ ਲੈਥਰੌਪ 'ਚ ਲਗਾਤਾਰ ਛੇ ਵਾਰ ਮੇਅਰ ਬਣ ਕੇ ਰਿਕਾਰਡ ਕਾਇਮ ਕਰਨ ਵਾਲੇ ਪੰਜਾਬੀ ਸਿਆਸਤਦਾਨ ਸੰਨੀ ਧਾਲੀਵਾਲ ਨੇ ਹੁਣ ਸੈਨਵਾਕੀਨ ਕਾਊਂਟੀ ਦੇ ਸੁਪਰਵਾਈਜ਼ਰ ਵਜੋਂ ਚੋਣ ਲੜਨ ਦਾ ਫ਼ੈਸਲਾ ਲਿਆ ਹੈ। ਟਰੇਸੀ ਦੇ ਨਿਰਵਾਣਾ ਬੈਂਕੁਇਟ ਹਾਲ 'ਚ ਹੋਏ ਭਾਰਤੀ ਅਤੇ ਅਮਰੀਕਨ ਭਾਈਚਾਰੇ ਦੇ ਲੋਕਾਂ ਦੇ ਵੱਡੇ ਇਕੱਠ ਨੇ ਇਸ ਮਿਹਨਤੀ ਸਿਆਸਤਦਾਨ ਨੂੰ ਹਰ ਤਰ੍ਹਾਂ ਦਾ ਸਹਿਯੋਗ ਦੇਣ ਦਾ ਭਰੋਸਾ ਜਤਾਇਆ। ਇਸ ਮੌਕੇ 'ਤੇ ਉਨ੍ਹਾਂ ਦੀ ਚੋਣ ਮੁਹਿੰਮ ਲਈ ਫੰਡ ਵੀ ਇਕੱਤਰ ਕੀਤਾ ਗਿਆ।


Mann & Associates Insurance Services, Inc.

Medicare Supplement Plans

• Life • Health • Travel • Medicare • Trucking • ਲਾਈਫ • ਹੈਲਥ • ਟ੍ਰੈਵਲ • ਮੈਡੀਕੇਅਰ • ਟਰੱਕਿੰਗ



Inderjeet Singh Mann
CA Lic# 0H82488

- The American Rescue Plan passed by President Biden could save you hundreds or even thousands of dollars a month.
- There is more financial help than ever before
- Even if you didn t qualify for subsidies before, now you might be able to save thousands on health insurance premiums.
- Huge tax credits are available only if you apply thru Covered California

- ਰਾਸ਼ਟਰਪਤੀ ਜੋਅ ਬਾਇਡਨ ਦੁਆਰਾ ਪਾਸ ਕੀਤੀ ਗਈ ਅਮਰੀਕੀ ਬਚਾਅ ਯੋਜਨਾ ਤੁਹਾਨੂੰ ਮਹੀਨੇ ਵਿੱਚ ਹਜ਼ਾਰਾਂ ਡਾਲਰ ਦੀ ਬਚਤ ਕਰਵਾ ਸਕਦੀ ਹੈ।
- ਪਹਿਲਾਂ ਨਾਲੋਂ ਵਧੇਰੇ ਵਿੱਤੀ ਮਦਦ ਮਿਲੀ ਹੈ।
- ਭਾਵੇਂ ਤੁਸੀਂ ਪਹਿਲਾਂ ਸਬਸਿਡੀਆਂ ਲਈ ਯੋਗਤਾ ਪੂਰੀ ਨਹੀਂ ਕਰਦੇ ਹੋ, ਪਰ ਹੁਣ ਤੁਸੀਂ ਸਿਹਤ ਬੀਮਾ ਪ੍ਰੀਮੀਅਮਾਂ 'ਤੇ ਹਜ਼ਾਰਾਂ ਲੋਕਾਂ ਨੂੰ ਬਚਾਉਣ ਦੇ ਯੋਗ ਹੋ ਸਕਦੇ ਹੋ।
- ਭਾਰੀ ਟੈਕਸ ਕ੍ਰੈਡਿਟ ਕੇਵਲ ਤਾਂ ਹੀ ਉਪਲਬਧ ਹੁੰਦੇ ਹਨ, ਜੇ ਤੁਸੀਂ ਕਵਰਡ ਕੈਲੀਫੋਰਨੀਆ ਦੁਆਰਾ ਅਰਜ਼ੀ ਦਿੰਦੇ ਹੋ।

ਹੈਲਥ ਇੰਸੋਰੈਂਸ ਨਾ ਕਰਵਾਉਣ 'ਤੇ ਤੁਹਾਨੂੰ ਜੁਰਮਾਨਾ ਵੀ ਹੋ ਸਕਦਾ ਹੈ। ਇਸ ਲਈ ਅੱਜ ਹੀ ਆਪਣੀ ਅਤੇ ਆਪਣੇ ਪਰਿਵਾਰ ਦੀ ਹੈਲਥ ਇੰਸ਼ੋਰੈਂਸ ਕਰਵਾਉਣ ਲਈ ਇੰਦਰਜੀਤ ਮਾਨ ਨੂੰ ਕਾਲ ਕਰੋ। ਜਿਹੜੇ Covered California ਦੇ Certified Agent ਸਨ। ਇੰਦਰਜੀਤ ਮਾਨ ਕੋਲ ਹੈਲਥ ਇੰਸੋਰੈਂਸ ਦਾ ਲੰਬੇ ਸਮੇਂ ਦਾ ਤਜ਼ਰਬਾ ਹੈ।

Anthem

COVERED CALIFORNIA | Certified Insurance Agent

Designed By Punjab Mail USA

Ph.: (916) 900-2000

# ਜਲੰਧਰ ਜ਼ਿਮਨੀ ਚੋਣ; ਮੂਸੇਵਾਲਾ ਦੇ ਮਾਪਿਆਂ ਵੱਲੋਂ 'ਆਪ' ਖ਼ਿਲਾਫ਼ ਭੁਗਤਣ ਦਾ ਸੱਦਾ

**ਮਾਨਸਾ, (ਪੰਜਾਬ ਮੇਲ)**- ਮਰਹੂਮ ਸਿੱਧੂ ਮੂਸੇਵਾਲਾ ਦੇ ਮਾਪਿਆਂ ਨੇ ਪੰਜਾਬੀ ਗਾਇਕ ਦੇ ਪ੍ਰਸ਼ੰਸਕਾਂ ਨੂੰ ਆਗਾਮੀ ਜਲੰਧਰ ਜ਼ਿਮਨੀ ਚੋਣ ਵਿਚ ਆਮ ਆਦਮੀ ਪਾਰਟੀ ਦੇ ਖ਼ਿਲਾਫ਼ ਭੁਗਤਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਨੂੰ ਸੰਗਰੂਰ ਦੀ ਜ਼ਿਮਨੀ ਚੋਣ ਤੋਂ ਬਾਅਦ 'ਆਪ' ਨੂੰ ਜਲੰਧਰ ਦੀ ਚੋਣ ਵਿਚ ਵੀ ਹਾਰ ਦਾ ਮੂੰਹ ਦਿਖਾਉਣਾ ਚਾਹੀਦਾ ਹੈ।



ਪੰਜਾਬੀ ਗਾਇਕ ਦੇ ਪ੍ਰਸ਼ੰਸਕਾਂ ਨੂੰ ਸੰਬੋਧਨ ਕਰਦੇ ਹੋਏ ਸਿੱਧੂ ਮੂਸੇਵਾਲਾ ਦੇ ਮਾਤਾ ਚਰਨ ਕੌਰ।

ਲੋਕਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੇ ਕਿਹਾ ਕਿ ਉਹ ਜਲੰਧਰ ਜ਼ਿਮਨੀ ਚੋਣ ਦੌਰਾਨ ਪੰਜਾਬ ਸਰਕਾਰ ਦੇ ਖ਼ਿਲਾਫ਼ ਪ੍ਰਚਾਰ ਕਰਨਗੇ। ਉਨ੍ਹਾਂ ਕਿਹਾ ਕਿ ਉਹ ਲੋਕਾਂ ਨੂੰ ਦੱਸਣਗੇ ਕਿ ਭਗਵੰਤ ਮਾਨ ਸਰਕਾਰ ਨੇ ਉਨ੍ਹਾਂ ਦੇ ਜਵਾਨ ਪੁੱਤਰ ਦੇ ਕਤਲ ਦਾ ਇਨਸਾਫ਼ ਦੇਣ ਦੀ ਜਗ੍ਹਾ ਲਾਰੇ ਹੀ ਲਾਏ ਹਨ। ਉਹ ਪੰਜਾਬ ਸਰਕਾਰ ਦੇ ਲਾਰਿਆਂ ਵਿਚ ਨਾ ਆਉਣ। ਬਲਕੌਰ ਸਿੰਘ ਨੇ ਕਿਹਾ ਕਿ ਜਦੋਂ ਉਨ੍ਹਾਂ ਨੇ ਆਪਣੇ ਪੁੱਤਰ ਦੇ ਕਤਲ ਮਾਮਲੇ ਵਿਚ ਪੰਜਾਬ ਵਿਧਾਨ ਸਭਾ ਦੇ ਬਾਹਰ ਧਰਨਾ ਲਾਇਆ ਸੀ, ਤਾਂ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਸੀ ਕਿ ਸਰਕਾਰ ਇਸ ਪ੍ਰਤੀ ਗੰਭੀਰ ਹੈ ਅਤੇ 20 ਮਾਰਚ ਤੋਂ ਬਾਅਦ ਉਨ੍ਹਾਂ ਦੀ ਮੁੱਖ ਮੰਤਰੀ ਨਾਲ ਮੀਟਿੰਗ ਕਰਵਾਉਣਗੇ। ਉਨ੍ਹਾਂ ਕਿਹਾ ਕਿ ਸਰਕਾਰ ਨੇ ਮੁੜ ਕੇ ਉਨ੍ਹਾਂ ਦੀ ਕੋਈ ਸਾਰ ਨਹੀਂ ਲਈ।

# ਅਮਰੀਕੀ ਵਿਦੇਸ਼ ਮੰਤਰੀ ਵੱਲੋਂ ਰੂਸ ਨੂੰ 2 ਅਮਰੀਕੀ ਨਾਗਰਿਕ ਰਿਹਾਅ ਕਰਨ ਦੀ ਅਪੀਲ

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕਾ ਦੇ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਨੇ ਰੂਸ ਤੋਂ ਦੋ ਅਮਰੀਕੀ ਨਾਗਰਿਕਾਂ ਨੂੰ ਰਿਹਾਅ ਕਰਨ ਦੀ ਅਪੀਲ ਕੀਤੀ। ਵਿਦੇਸ਼ ਵਿਭਾਗ ਨੇ ਇਹ ਜਾਣਕਾਰੀ ਸਾਂਝੀ ਕੀਤੀ। ਬਲਿੰਕਨ ਨੇ ਰੂਸ ਦੇ ਹਮਰੁਤਬਾ ਸਰਗੇਈ ਲਾਵਰੋਵ ਨਾਲ ਫੋਨ 'ਤੇ ਗੱਲ ਕੀਤੀ ਅਤੇ ਪਿਛਲੇ ਹਫ਼ਤੇ ਹਿਰਾਸਤ ਵਿਚ ਲਏ ਗਏ 'ਵਾਲ ਸਟਰੀਟ ਜਨਰਲ' ਅਖ਼ਬਾਰ ਦੇ ਪੱਤਰਕਾਰ ਅਤੇ ਇਕ ਹੋਰ ਅਮਰੀਕੀ ਨਾਗਰਿਕ ਪੋਲ ਵਹੇਲਨ ਨੂੰ ਰਿਹਾਅ ਕਰਨ ਦੀ ਅਪੀਲ ਕੀਤੀ। ਵਿਦੇਸ਼ ਵਿਭਾਗ ਮੁਤਾਬਿਕ ਰੂਸੀ ਵਿਦੇਸ਼ ਮੰਤਰੀ ਸਰਗੇਈ ਲਾਵਰੋਵ ਨਾਲ ਗੱਲਬਾਤ ਵਿਚ ਬਲਿੰਕਨ ਨੇ ਕ੍ਰੈਮਲਿਨ ਵੱਲੋਂ ਪੱਤਰਕਾਰ ਇਵਾਨ ਗੇਸ਼ਰਕੋਵਿਚ ਨੂੰ ਜਾਸੂਸੀ ਦੇ ਦੋਸ਼ ਹੇਠ ਹਿਰਾਸਤ ਵਿਚ ਲਏ ਜਾਣ 'ਤੇ ਗੰਭੀਰ ਚਿੰਤਾ ਜ਼ਾਹਰ ਕੀਤੀ। ਬਲਿੰਕਨ ਨੇ ਗੇਸ਼ਰਕੋਵਿਚ ਨੂੰ ਵੀ ਤੁਰੰਤ ਰਿਹਾਅ ਕਰਨ ਦੀ ਅਪੀਲ ਕੀਤੀ।

## ਮਾਣਹਾਨੀ ਮਾਮਲਾ: ਰਾਹੁਲ ਗਾਂਧੀ ਨੂੰ 13 ਅਪ੍ਰੈਲ ਤੱਕ ਜ਼ਮਾਨਤ ਮਿਲੀ

**ਸੂਰਤ, (ਪੰਜਾਬ ਮੇਲ)**- ਕਾਂਗਰਸ ਆਗੂ ਰਾਹੁਲ ਗਾਂਧੀ ਨੂੰ ਸੂਰਤ ਦੀ ਅਦਾਲਤ ਨੇ ਮਾਣਹਾਨੀ ਮਾਮਲੇ ਵਿਚ 13 ਅਪ੍ਰੈਲ ਤੱਕ ਜ਼ਮਾਨਤ ਦੇ ਦਿੱਤੀ ਹੈ। ਅਦਾਲਤ ਨੇ ਮਾਮਲੇ ਦੀ ਅਗਲੀ ਸੁਣਵਾਈ 3 ਮਈ ਨਿਰਧਾਰਿਤ ਕੀਤੀ ਹੈ। ਰਾਹੁਲ ਗਾਂਧੀ ਵਲੋਂ ਸੂਰਤ ਦੀ ਸੈਸ਼ਨ ਕੋਰਟ ਵਿਚ ਦੋ ਅਰਜ਼ੀਆਂ ਦਿੱਤੀਆਂ ਗਈਆਂ ਸਨ।



# ਰਾਹੁਲ ਦੇ ਹੱਕ 'ਚ ਟਵੀਟ ਕਰਨ 'ਤੇ ਅਮਰੀਕੀ ਕਾਂਗਰਸ ਮੈਨ ਰੋਅ ਖੰਨਾ ਦਾ ਵਿਰੋਧ



**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕੀ ਕਾਂਗਰਸ ਦੇ ਮੈਂਬਰ ਰੋਅ ਖੰਨਾ ਆਪਣੇ ਮਰਹੂਮ ਨਾਨਾ ਅਮਰਨਾਥ ਵਿੱਦਿਆਲੰਕਾਰ ਦੀ ਹਮਾਇਤ ਵਿਚ ਆ ਗਏ ਹਨ। ਦੱਸਣਯੋਗ ਹੈ ਕਿ ਵਿੱਦਿਆਲੰਕਾਰ ਉਤੇ ਐਮਰਜੈਂਸੀ ਦੌਰਾਨ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਪੱਖ ਪੂਰਨ ਦਾ ਦੋਸ਼ ਲਾ ਕੇ ਉਨ੍ਹਾਂ ਨੂੰ ਸੋਸ਼ਲ ਮੀਡੀਆ ਉਤੇ ਨਿਸ਼ਾਨਾ ਬਣਾਇਆ ਗਿਆ ਸੀ। ਖੰਨਾ ਨੇ ਕਿਹਾ, 'ਮੇਰੇ 'ਤੇ ਹਮਲਾ ਕਰੋ। ਭਾਰਤ ਦੇ ਆਜ਼ਾਦੀ ਘੁਲਾਟੀਆਂ ਉਤੇ ਨਹੀਂ।' ਪਿਛਲੇ ਹਫ਼ਤੇ ਡੈਮੋਕਰੇਟ ਖੰਨਾ ਨੇ ਕਾਂਗਰਸ ਆਗੂ ਰਾਹੁਲ ਗਾਂਧੀ ਨੂੰ ਅਯੋਗ ਠਹਿਰਾਏ ਜਾਣ ਦੀ ਨਿਖੇਧੀ ਕੀਤੀ ਸੀ ਤੇ ਕਿਹਾ ਸੀ ਕਿ ਇਹ ਗਾਂਧੀਵਾਦੀ ਫ਼ਲਸਫ਼ੇ ਨਾਲ 'ਵੱਡਾ ਧੋਖਾ' ਹੈ। ਰੋਅ ਖੰਨਾ ਨੇ ਕਿਹਾ ਸੀ ਕਿ, 'ਭਾਰਤ ਦੀਆਂ ਗਹਿਰੀਆਂ ਕਦਰਾਂ-ਕੀਮਤਾਂ ਦਾ ਅਪਮਾਨ ਹੋਇਆ ਹੈ।

ਸਫਾ 1 ਦਾ ਬਾਕੀ

## ਅਮਰੀਕੀ ਸੰਸਦ 'ਚ 14 ਅਪ੍ਰੈਲ ਨੂੰ 'ਰਾਸ਼ਟਰੀ ਸਿੱਖ ਦਿਵਸ'...

ਦਿਵਸ ਨੂੰ ਵੀ ਯਾਦ ਕਰਦੇ ਹਨ। ਇਸੇ ਦਿਨ ਸਿੱਖਾਂ ਦੇ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਅੱਤਿਆਚਾਰ ਖ਼ਿਲਾਫ਼ ਲੜਨ ਲਈ ਖਾਲਸਾ ਸਾਜਿਆ ਸੀ। ਉਨ੍ਹਾਂ ਕਿਹਾ ਕਿ ਦੁਨੀਆਂ ਭਰ 'ਚ ਸਿੱਖਾਂ ਦੇ ਨਾਲ ਵਿਸਾਖੀ ਮਨਾਉਣਾ ਅਤੇ ਅਮਰੀਕਾ ਦੇ ਲਈ ਕੀਤੇ ਗਏ ਸਿੱਖਾਂ ਦੇ ਯੋਗਦਾਨ ਦਾ ਸਨਮਾਨ ਕਰਦਿਆਂ ਹੋਇਆਂ ਪ੍ਰਸਤਾਵ ਉੱਚਿਤ ਹੈ।

ਇਸ ਮਤੇ ਵਿਚ ਦਰਸਾਇਆ ਗਿਆ ਹੈ ਕਿ ਸਿੱਖ ਭਾਈਚਾਰਾ 100 ਸਾਲ ਤੋਂ ਵੀ ਵੱਧ ਸਮਾਂ ਪਹਿਲਾਂ ਪਰਵਾਸ ਕਰਕੇ ਅਮਰੀਕਾ ਆਇਆ ਸੀ।

ਮਤੇ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਬਾਰੇ ਵੀ ਜ਼ਿਕਰ ਕੀਤਾ ਗਿਆ ਹੈ। ਇਸ ਦੇ ਨਾਲ-ਨਾਲ ਸਿੱਖ ਧਰਮ ਬਾਰੇ ਵਿਸਥਾਰ ਨਾਲ ਲਿਖਿਆ ਗਿਆ ਹੈ। ਉਨ੍ਹਾਂ ਵੱਲੋਂ ਅਮਰੀਕਾ 'ਚ ਪਾਏ ਯੋਗਦਾਨ ਦਾ ਵੀ ਜ਼ਿਕਰ ਹੋਇਆ ਹੈ। ਇਸ ਮਤੇ ਵਿਚ ਕਿਹਾ ਗਿਆ ਹੈ ਕਿ ਸਿੱਖ ਕੈਲੰਡਰ ਵਿਚ ਵੈਸਾਖ ਮਹੀਨੇ ਦੇ ਪਹਿਲੇ ਦਿਨ ਵਿਸਾਖੀ ਮਨਾਉਂਦੇ ਹਨ, ਜੋ ਕਿ ਆਮ ਤੌਰ 'ਤੇ ਅੰਗਰੇਜ਼ੀ ਕੈਲੰਡਰ ਮੁਤਾਬਕ 14 ਅਪ੍ਰੈਲ ਨੂੰ ਆਉਂਦਾ ਹੈ।

ਇਸੇ ਦਿਨ 1699 ਵਿਚ ਸਿੱਖ ਧਰਮ ਦੀ ਸਥਾਪਤੀ ਬਾਰੇ ਵੀ ਜ਼ਿਕਰ ਕੀਤਾ ਗਿਆ ਹੈ।

ਸਫਾ 1 ਦਾ ਬਾਕੀ

## ਅਮਰੀਕਾ ਵੱਲੋਂ ਪਾਸਪੋਰਟ ਅਪਲਾਈ ਕਰਨ ਵਾਲਿਆਂ ...

ਡਾਟ ਕਾਮ ਦੇ ਬੁਲਾਰੇ ਕੇ.ਟੀ. ਨਾਸਤਰੋ ਨੇ ਦੱਸਿਆ ਹੈ ਕਿ ਪਾਸਪੋਰਟ ਉਡੀਕ ਸਮਾਂ ਇਸ ਸਾਲ ਫਰਵਰੀ ਤੋਂ ਇਕ ਵਾਰ ਨਹੀਂ, ਸਗੋਂ ਦੋ ਵਾਰ ਵਧ ਗਿਆ ਹੈ।

ਵਿਭਾਗ ਨੇ ਕਿਹਾ ਹੈ ਕਿ ਇਸ ਸਾਲ ਕੋਈ ਵੀ ਨਿਸ਼ਚਿਤ ਅੰਤਰਰਾਸ਼ਟਰੀ ਯਾਤਰਾ ਯੋਜਨਾ ਬਣਾਉਣ ਤੋਂ ਪਹਿਲਾਂ ਆਪਣੇ ਪਾਸਪੋਰਟ ਦੀ ਅੰਤਿਮ ਤਾਰੀਖ਼ ਦੀ ਜਾਂਚ ਕਰੋ ਅਤੇ ਜੇਕਰ ਇਸ ਨੂੰ ਨਵਿਆਉਣ ਦੀ ਲੋੜ ਹੈ ਜਾਂ ਜੇਕਰ ਯਾਤਰੀ ਨੂੰ ਪਹਿਲੀ ਵਾਰ ਪਾਸਪੋਰਟ ਲਈ ਅਪਲਾਈ ਕਰਨ ਦੀ ਲੋੜ ਹੈ ਤਾਂ ਛੇਤੀ ਤੋਂ ਛੇਤੀ ਕਾਰਵਾਈ ਕਰੋ। ਪਹਿਲੀ ਵਾਰ ਅਪਲਾਈ ਕਰਨ ਵਾਲੇ ਬਾਲਗਾਂ ਅਤੇ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਅਪਲਾਈ ਕਰਨ ਲਈ ਆਪਣੇ ਮਾਤਾ-ਪਿਤਾ ਦੇ ਨਾਲ ਨਿੱਜੀ ਰੂਪ 'ਚ ਮੌਜੂਦ ਹੋਣਾ ਚਾਹੀਦਾ ਹੈ। ਪਾਸਪੋਰਟ ਸਵੀਕਾਰ ਕਰਨ ਦੀ ਸਹੂਲਤ ਲੱਭਣ ਲਈ ਆਨਲਾਈਨ ਚੈੱਕ ਕਰੋ, ਜਿਸ 'ਚ ਜਨਤਕ ਲਾਇਬ੍ਰੇਰੀ ਅਤੇ ਡਾਕਖ਼ਾਨਾ ਸ਼ਾਮਲ ਹੋ ਸਕਦੇ ਹਨ।

ਸਫਾ 1 ਦਾ ਬਾਕੀ

## ਮੈਨਹਟਨ ਕੋਰਟ 'ਚ ਟਰੰਪ ਦੀ ਹੋਈ ਪੇਸ਼ੀ; ਸੁਣਵਾਈ ਦੌਰਾਨ...

ਪਹਿਲੇ ਸਾਬਕਾ ਰਾਸ਼ਟਰਪਤੀ ਹਨ, ਜਿਨ੍ਹਾਂ 'ਤੇ ਅਪਰਾਧਿਕ ਮਾਮਲੇ ਦਾ ਦੋਸ਼ ਲਗਾਇਆ ਗਿਆ ਹੈ। ਟਰੰਪ ਦੇ ਆਉਣ ਤੋਂ ਪਹਿਲਾਂ ਅਦਾਲਤ ਦੇ ਬਾਹਰ ਅਤੇ ਅੰਦਰ ਸੁਰੱਖਿਆ ਦੇ ਸਖ਼ਤ ਪ੍ਰਬੰਧ ਕੀਤੇ ਗਏ ਸਨ। ਟਰੰਪ 8 ਕਾਰਾਂ ਦੇ ਕਾਫਲੇ ਨਾਲ ਕੋਰਟ ਕੰਪਲੈਕਸ ਪਹੁੰਚੇ। ਖ਼ਬਰਾਂ ਮੁਤਾਬਕ ਅਦਾਲਤ ਵਿਚ ਪੇਸ਼ ਹੋਣ ਤੋਂ ਪਹਿਲਾਂ ਟਰੰਪ ਮੈਨਹਟਨ ਜ਼ਿਲ੍ਹਾ ਅਟਾਰਨੀ ਦੇ ਦਫ਼ਤਰ ਪੁੱਜੇ, ਜਿੱਥੇ ਪੁਲਿਸ ਨੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ।







# ਅਮਰੀਕੀ ਸਰਹੱਦ ਨੇੜੇ ਕੈਨੇਡਾ ਪੁਲਿਸ ਵੱਲੋਂ 8 ਲਾਸ਼ਾਂ ਬਰਾਮਦ

ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)- ਕੈਨੇਡਾ ਪੁਲਿਸ ਵੱਲੋਂ ਅਮਰੀਕੀ ਸਰਹੱਦ ਨੇੜੇ ਅਕਵੈਸਾਸਨ ਵਿਚ 8 ਲਾਸ਼ਾਂ ਬਰਾਮਦ ਕਰਨ ਦੀ ਖ਼ਬਰ ਹੈ। ਅਕਵੈਸਾਸਨ ਮੋਹਾਕ ਰਾਸ਼ਟਰ ਖੇਤਰ ਹੈ, ਜੋ ਕੈਨੇਡਾ ਦੇ ਕਿਊਬਕ ਤੇ ਓਨਟਾਰੀਓ ਰਾਜਾਂ ਵਿਚ ਸੇਂਟ ਲਾਰੈਂਸ ਦਰਿਆ ਦੇ ਨਾਲ-ਨਾਲ ਫੈਲਿਆ ਹੋਇਆ ਹੈ। ਅਧਿਕਾਰੀਆਂ ਨੇ ਕਿਹਾ ਹੈ ਕਿ ਮਾਰੇ ਗਏ ਸਾਰੇ ਲੋਕ ਗੈਰ ਕਾਨੂੰਨੀ ਢੰਗ ਨਾਲ ਅਮਰੀਕਾ ਵਿਚ ਦਾਖਲ ਹੋਣ ਦੀ ਕੋਸ਼ਿਸ਼ ਵਿਚ ਸਨ। ਅਕਵੈਸਾਸਨ ਮੋਹਾਕ ਪੁਲਿਸ ਮੁਖੀ ਸ਼ਾਨ ਡੂਲਿਊਡ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ



ਅਕਵੈਸਾਸਨ 'ਚ ਪੁਲਿਸ ਪੀੜਤਾਂ ਦੀ ਭਾਲ ਕਰਦੀ ਹੋਈ।

ਕਿ ਮ੍ਰਿਤਕਾਂ ਵਿਚ 6 ਬਾਲਗ ਤੇ 2 ਬੱਚੇ ਸ਼ਾਮਲ ਹਨ। ਦਰਿਆ ਵਿਚੋਂ ਪੁਲਿਸ ਹੋਰ ਸੰਭਾਵੀ ਲਾਸ਼ਾਂ ਦੀ ਭਾਲ ਕਰ ਰਹੀ ਹੈ।

ਮ੍ਰਿਤਕ ਪਾਏ ਗਏ ਅੱਠ ਲੋਕਾਂ ਵਿਚੋਂ ਦੋ ਦੀ ਪਛਾਣ ਕਰ ਲਈ ਹੈ, ਜਦੋਂਕਿ ਚਾਰ ਭਾਰਤੀਆਂ ਦੀ ਪਛਾਣ ਨਹੀਂ ਹੋ ਸਕੀ ਹੈ। ਪੁਲਿਸ ਇਸ ਗੱਲ ਦੀ ਜਾਂਚ ਕਰ ਰਹੀ ਹੈ ਕਿ ਇਹ ਮੌਤਾਂ ਕਿਹੜੇ ਹਾਲਾਤ ਵਿਚ ਹੋਈਆਂ।

ਜ਼ਿਕਰਯੋਗ ਹੈ ਕਿ ਬੀਤੇ ਸ਼ੁੱਕਰਵਾਰ ਪੁਲਿਸ ਨੂੰ ਕਿਊਬੈੱਕ, ਓਨਟਾਰੀਓ ਤੇ ਨਿਊਯਾਰਕ ਸੂਬੇ ਦੇ ਆਸ-ਪਾਸ ਤਰਾਈ ਵਾਲੇ ਖੇਤਰ ਵਿਚ ਇਕ ਨਦੀ ਕੋਲੋਂ ਅੱਠ ਲਾਸ਼ਾਂ ਮਿਲੀਆਂ ਸਨ। ਪੁਲਿਸ ਦਾ ਮੰਨਣਾ ਹੈ ਕਿ ਇਹ ਲਾਸ਼ਾਂ ਭਾਰਤੀ ਤੇ ਰੋਮਾਨਿਆਈ ਮੂਲ ਦੇ ਦੋ ਪਰਿਵਾਰਾਂ ਦੀਆਂ ਹਨ, ਜੋ ਕੈਨੇਡਾ ਤੋਂ ਅਮਰੀਕਾ ਦਾਖਲ ਹੋਣ ਦੀ ਕੋਸ਼ਿਸ਼ ਕਰ ਰਹੇ ਸਨ। ਇਨ੍ਹਾਂ ਵਿਚ ਤਿੰਨ ਸਾਲ ਤੋਂ ਘੱਟ ਉਮਰ ਦੇ ਦੋ ਬੱਚਿਆਂ ਦੀਆਂ ਲਾਸ਼ਾਂ ਵੀ ਸ਼ਾਮਲ ਹਨ, ਜੋ ਕੈਨੇਡਾ ਦੇ ਨਾਗਰਿਕ ਸਨ। ਕੈਨੇਡਾ ਪੁਲਿਸ ਨੇ ਸ਼ਨਿੱਚਰਵਾਰ ਨੂੰ ਦੱਸਿਆ ਕਿ ਚਾਰ ਭਾਰਤੀ ਨਾਗਰਿਕਾਂ ਦੀ ਪਛਾਣ ਨਹੀਂ ਹੋ ਸਕੀ ਹੈ। ਮਿਲੀ ਜਾਣਕਾਰੀ ਮੁਤਾਬਕ ਇਨ੍ਹਾਂ ਵਿਚੋਂ ਘੱਟੋ-ਘੱਟ ਤਿੰਨ ਵਿਅਕਤੀ ਗੁਜਰਾਤ ਦੇ ਇਕ ਪਰਿਵਾਰ ਦੇ ਮੈਂਬਰ ਸਨ। ਸੂਤਰਾਂ ਅਨੁਸਾਰ ਮਾਰੇ ਗਏ ਗੁਜਰਾਤੀ ਪਰਿਵਾਰ ਦੇ ਮੈਂਬਰਾਂ ਵਿਚ 50 ਤੇ 20 ਸਾਲ ਵਰਗ ਦੇ ਦੋ ਪੁਰਸ਼ ਤੇ ਲਗਭਗ 20 ਵਰ੍ਹਿਆਂ ਦੀ ਇਕ ਔਰਤ ਸ਼ਾਮਲ ਹੈ। ਖਬਰ ਵਿਚ ਕਿਹਾ ਗਿਆ ਹੈ ਕਿ ਚੌਥੇ ਭਾਰਤੀ ਨਾਗਰਿਕ ਦੀ ਫਿਲਹਾਲ ਪਛਾਣ ਨਹੀਂ ਹੋ ਸਕੀ ਹੈ।

# ਵਿਦੇਸ਼ਾਂ 'ਚ ਰੁੱਕਣ ਦਾ ਨਾਂ ਨਹੀਂ ਲੈ ਰਹੀ ਹੈਰਿਟੇਜ ਫਰਨੀਚਰ ਦੀ ਨੀਲਾਮੀ !

**ਹੁਣ ਅਮਰੀਕਾ 'ਚ ਪੰਜਾਬ ਯੂਨੀਵਰਸਿਟੀ ਦੇ 6 ਸਟੂਲ 18.70 ਲੱਖ ਰੁਪਏ 'ਚ ਹੋਏ ਨਿਲਾਮ!**

**ਚੰਡੀਗੜ੍ਹ, (ਪੰਜਾਬ ਮੇਲ)**- ਸ਼ਹਿਰ ਦੇ ਹੈਰਿਟੇਜ ਫਰਨੀਚਰ ਦੀ ਵਿਦੇਸ਼ਾਂ ਵਿਚ ਨੀਲਾਮੀ ਰੁਕਣ ਦਾ ਨਾਂ ਨਹੀਂ ਲੈ ਰਹੀ ਹੈ। ਇਸ ਵਾਰ ਅਮਰੀਕਾ ਵਿਚ ਦੂਜੀ ਵੱਡੀ ਨੀਲਾਮੀ ਹੋਈ, ਜਿਸ ਵਿਚ 9 ਹੈਰੀਟੇਜ ਆਈਟਮਾਂ ਕਰੀਬ ਇਕ ਕਰੋੜ ਰੁਪਏ ਵਿਚ ਵਿਕੀਆਂ। ਇਨ੍ਹਾਂ ਵਿਚ ਸਭ ਤੋਂ ਮਹਿੰਗਾ ਪੰਜਾਬ ਯੂਨੀਵਰਸਿਟੀ ਦੇ 6 ਸਟੂਲਾਂ ਦਾ ਸੈੱਟ 18 ਲੱਖ 70 ਹਜ਼ਾਰ ਰੁਪਏ ਵਿਚ ਵਿਕਿਆ ਹੈ।

ਅਮਰੀਕਾ ਦੇ ਬੋਨਹਾਮ ਸ਼ਹਿਰ ਵਿਚ 14 ਮਾਰਚ ਨੂੰ ਚੰਡੀਗੜ੍ਹ ਦੇ ਹੈਰੀਟੇਜ ਆਈਟਮਾਂ ਦੀ ਨੀਲਾਮੀ ਹੋਈ, ਜਿਸ ਵਿਚ ਇਕ ਟੇਬਲ ਕਰੀਬ 5.36 ਲੱਖ ਵਿਚ ਵਿਕਿਆ ਸੀ। ਇਸ ਤੋਂ ਬਾਅਦ 30 ਮਾਰਚ ਨੂੰ ਸ਼ਿਕਾਗੋ ਵਿਚ ਦੂਜੀ ਨਿਲਾਮੀ ਹੋਈ, ਜਿਸ ਵਿਚ 9 ਆਈਟਮਾਂ ਇਕ ਕਰੋੜ ਰੁਪਏ ਵਿਚ ਵਿਕੀਆਂ ਹਨ।

ਜਿਨ੍ਹਾਂ ਆਈਟਮਾਂ ਨੂੰ ਨੀਲਾਮੀ ਵਿਚ ਰੱਖਿਆ ਗਿਆ, ਉਸ ਵਿਚ ਹਾਈ ਕੋਰਟ ਦੀਆਂ ਕੁਰਸੀਆਂ, ਐੱਮ.ਐੱਲ.ਏ. ਫਲੈਟਸ ਦੇ ਬੈਂਚ, ਕੁਰਸੀ ਅਤੇ ਮੇਜ, ਪੀ.ਯੂ. ਦੀਆਂ 8 ਕੁਰਸੀਆਂ ਦਾ ਸੈੱਟ, ਐੱਮ.ਐੱਲ.ਏ. ਫਲੈਟ ਦੇ ਨਾਈਟ ਸਟੈਂਡਸ, ਟੇਬਲ ਅਤੇ ਸਟੂਲ, ਪੀ.ਯੂ. ਦੇ ਬਾਕਸ ਸਟੂਲ, ਪੀ.ਯੂ. ਦੇ 3 ਸਟੂਲਾਂ ਦਾ ਇਕ ਸੈੱਟ, ਡੈਸਕ ਅਤੇ ਕੁਰਸੀਆਂ ਸ਼ਾਮਲ ਹਨ। ਇਹ ਸਾਰੇ ਇਕ ਕਰੋੜ 64 ਹਜ਼ਾਰ ਰੁਪਏ ਵਿਚ ਨੀਲਾਮ ਹੋਏ ਹਨ।

ਚੰਡੀਗੜ੍ਹ ਹੈਰੀਟੇਜ ਆਈਟਮ ਪ੍ਰੋਟੈਕਸ਼ਨ ਸੈੱਲ ਦੇ ਮੈਂਬਰ ਅਜੇ ਜੱਗਾ ਨੇ ਰਾਜ ਸਭਾ ਦੇ ਜਨਰਲ ਸਕੱਤਰ ਨੂੰ ਸ਼ਿਕਾਇਤ ਦੇ ਕੇ ਜਾਂਚ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਦੇ ਕਿਸੇ ਵਿਰੋਧ ਦੇ ਬਿਨਾਂ ਵਿਦੇਸ਼ਾਂ ਵਿਚ ਹੈਰੀਟੇਜ ਵਸਤਾਂ ਦੀ ਰੈਗੂਲਰ ਨੀਲਾਮੀ ਕੀਤੀ ਜਾ ਰਹੀ ਹੈ। ਹੈਰਾਨੀ ਦੀ ਗੱਲ ਹੈ ਕਿ ਨੀਲਾਮੀ ਘਰ ਹੈਰੀਟੇਜ ਫਰਨੀਚਰਾਂ ਦੀ ਨੀਲਾਮੀ ਵਿਚ ਹੁਣ ਪਛਾਣ ਚਿੰਨ੍ਹ ਵੀ ਐਲਾਨ ਕਰ ਰਹੇ ਹਨ। ਜਿਵੇਂ ਕਿ 14 ਮਾਰਚ ਨੂੰ ਜਿਸ ਮੇਜ ਦੀ ਨੀਲਾਮੀ ਹੋਈ, ਉਸ 'ਤੇ ਪੀ.ਯੂ.ਈ.ਸੀ. ਲਿਖਿਆ ਹੋਇਆ ਹੈ, ਜੋ ਇਸ਼ਾਰਾ ਕਰਦਾ ਹੈ ਕਿ ਇਹ ਮੇਜ ਪੰਜਾਬ ਯੂਨੀਵਰਸਿਟੀ ਈਵਨਿੰਗ ਕਾਲਜ ਦਾ ਹੋ ਸਕਦਾ ਹੈ। ਇਹ ਨੀਲਾਮੀ ਵਿਚ ਕਰੀਬ 5.36 ਲੱਖ ਰੁਪਏ ਵਿਚ ਵਿਕਿਆ ਸੀ। ਸ਼ਿਕਾਇਤ 'ਚ ਜੱਗਾ ਨੇ ਕਿਹਾ ਹੈ ਕਿ ਇਨ੍ਹਾਂ ਆਈਟਮਾਂ ਨੂੰ ਦੇਸ਼ ਤੋਂ ਬਾਹਰ ਲਿਆਉਣ ਲਈ ਜੋ ਦਸਤਾਵੇਜ਼ ਇਸਤੇਮਾਲ ਕੀਤੇ ਗਏ, ਉਨ੍ਹਾਂ ਦੀ ਜਾਂਚ ਹੋਣੀ ਚਾਹੀਦੀ ਹੈ। ਜੋ ਵੀ ਫਰਨੀਚਰ ਦੀ ਸਮੱਗਲਿੰਗ ਵਿਚ ਸ਼ਾਮਲ ਹੈ, ਉਨ੍ਹਾਂ ਖ਼ਿਲਾਫ਼ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਸਥਾਨਕ ਪੱਧਰ 'ਤੇ ਵੀ ਇਸ ਦੀ ਚੋਰੀ ਰੋਕਣ ਲਈ ਯਤਨ ਕੀਤੇ ਜਾਣੇ ਚਾਹੀਦੇ ਹਨ।

# ਚੀਨ ਵੱਲੋਂ ਅਰੁਣਾਚਲ 'ਤੇ ਦਾਅਵਾ ਜਤਾਉਣ ਲਈ ਚੀਨੀ ਨਾਵਾਂ ਦੀ ਤੀਜੀ ਸੂਚੀ ਜਾਰੀ

**ਬੀਜਿੰਗ, (ਪੰਜਾਬ ਮੇਲ)**- ਅਰੁਣਾਚਲ ਪ੍ਰਦੇਸ਼ ਨੂੰ ਲੈ ਕੇ ਭਾਰਤ ਨਾਲ ਚੀਨ ਦਾ ਵਿਵਾਦ ਇਕ ਵਾਰ ਫਿਰ ਵਧ ਗਿਆ ਹੈ। ਭਾਰਤ ਦੇ ਇਸ ਹਿੱਸੇ 'ਤੇ ਆਪਣਾ ਦਾਅਵਾ ਜਤਾਉਣ ਲਈ ਇਸ ਨੇ 3 ਭਾਸ਼ਾਵਾਂ ਚੀਨੀ, ਤਿੱਬਤੀ ਅਤੇ ਪਿਨਯਿਨ 'ਚ ਨਾਵਾਂ ਦੀ ਤੀਜੀ ਸੂਚੀ ਜਾਰੀ ਕੀਤੀ ਹੈ। ਮੀਡੀਆ ਰਿਪੋਰਟਾਂ ਮੁਤਾਬਕ ਚੀਨ ਦੇ ਨਾਗਰਿਕ ਮਾਮਲਿਆਂ ਦੇ ਮੰਤਰਾਲੇ ਨੇ ਐਤਵਾਰ ਨੂੰ ਅਰੁਣਾਚਲ ਪ੍ਰਦੇਸ਼ ਦੀਆਂ 11 ਥਾਵਾਂ ਦੇ ਨਾਵਾਂ ਦੀ ਸੂਚੀ ਜਾਰੀ ਕੀਤੀ ਹੈ। ਇਸ ਵਿਚ 2 ਮੈਦਾਨੀ ਖੇਤਰ, 2 ਰਿਹਾਇਸ਼ੀ ਖੇਤਰ, 5 ਪਹਾੜੀਆਂ ਅਤੇ 2 ਨਦੀਆਂ ਸ਼ਾਮਲ ਹਨ। ਦਰਅਸਲ, ਇਹ ਤੀਜੀ ਵਾਰ ਹੈ ਜਦੋਂ ਚੀਨ ਨੇ ਅਪ੍ਰੈਲ, 2017 ਅਤੇ ਦਸੰਬਰ, 2021 ਵਿਚ ਅਰੁਣਾਚਲ ਪ੍ਰਦੇਸ਼ ਵਿਚ ਸਥਾਨਾਂ ਦੇ ਨਾਂ ਇਕਤਰਫਾ ਬਦਲੇ ਹਨ। ਇਸ ਵਿਚ 2017 ਵਿਚ 6 ਥਾਵਾਂ ਅਤੇ 2021 ਵਿਚ 15 ਥਾਵਾਂ ਦੇ ਨਾਂ ਬਦਲੇ ਗਏ ਸਨ। ਹੁਣ ਤੀਜੀ ਸੂਚੀ ਵਿਚ 11 ਥਾਵਾਂ ਦੇ ਨਾਂ ਬਦਲੇ ਗਏ ਹਨ। ਹਾਲਾਂਕਿ ਭਾਰਤ ਇਸ ਤੋਂ ਪਹਿਲਾਂ ਅਰੁਣਾਚਲ ਪ੍ਰਦੇਸ਼ ਦੀਆਂ ਕੁਝ ਥਾਵਾਂ ਦੇ ਨਾਂ ਬਦਲਣ ਦੇ ਚੀਨ ਦੇ ਕਦਮ ਨੂੰ ਰੱਦ ਕਰ ਚੁੱਕਾ ਹੈ।

# ਰਾਵਲਪਿੰਡੀ ਵਿਖੇ ਸੰਤੋਖ ਮੰਡੇਰ ਦਾ ਖੇਡ ਪ੍ਰਾਪਤੀਆਂ ਤੇ ਸਮਾਜ ਸੇਵਾਵਾਂ ਲਈ ਵਿਸ਼ੇਸ਼ ਸਨਮਾਨ

**ਰਾਵਲਪਿੰਡੀ, (ਪੰਜਾਬ ਮੇਲ)**- ਪਾਕਿਸਤਾਨ ਵਿਖੇ ਸਰ੍ਹੀ ਨਿਵਾਸੀ ਪੱਤਰਕਾਰ ਸੰਤੋਖ ਸਿੰਘ ਮੰਡੇਰ ਦਾ ਗੋਲਫ ਕੱਲਬ ਰਾਵਲਪਿੰਡੀ ਵਿਖੇ ਪੋਠੋਹਾਰ ਇਲਾਕੇ ਦੀ ਨਾਮਵਰ ਸਮਾਜਿਕ ਸੰਸਥਾ 'ਗੱਖੜ ਫੈਡਰੇਸ਼ਨ' ਵਲੋਂ, ਉਨ੍ਹਾਂ ਦੀਆਂ ਵਿਸ਼ਵ ਭਰ ਵਿਚ ਖੇਡ ਪ੍ਰਾਪਤੀਆਂ ਤੇ ਸਮਾਜ ਸੇਵਾਵਾਂ ਲਈ ਉਚੇਚਾ ਸਨਮਾਨ ਕੀਤਾ ਗਿਆ, ਜਿਸ ਵਿਚ ਗੱਖੜ ਭਾਈਚਾਰੇ ਦੀਆਂ ਨਾਮੀ 35 ਤੋਂ ਵੱਧ ਸ਼ਖਸੀਅਤਾਂ ਨੇ ਹਿੱਸਾ ਲਿਆ। ਇਸ ਵਿਸ਼ੇਸ ਸਮਾਗਮ ਵਿਚ ਫੌਜ ਤੇ ਏਅਰਫੋਰਸ ਦੇ ਆਲਾ ਅਫਸਰ,



ਡੀ.ਸੀ. ਤੇ ਮਾਲ ਵਿਭਾਗ ਦੇ ਨਾਮਵਰ ਨੁਮਾਇੰਦੇ, ਪੁਲਿਸ ਵਿਭਾਗ ਦੇ ਉੱਚੇ ਅਧਿਕਾਰੀ, ਧਨਾਢ ਜ਼ਿਮੀਂਦਾਰ ਅਤੇ ਟਰਾਂਸਪੋਰਟਰ ਸ਼ਾਮਲ ਸਨ।


USA Immigration Consultant

ਕਿਸੇ ਵੀ ਤਰ੍ਹਾਂ ਦੇ ਇਮੀਗ੍ਰੇਸ਼ਨ ਸੰਬੰਧੀ ਫਾਰਮ ਭਰਵਾਉਣ ਲਈ ਮਿਲੋ।

We can also help you go get citizenship if you can't speaks English due to medical reason only .

ਜੇ ਤੁਹਾਨੂੰ ਇੰਗਲਿਸ਼ ਨਹੀਂ ਆਉਂਦੀ, ਅਸੀਂ ਤੁਹਾਨੂੰ ਸਿਟੀਜਨਸ਼ਿਪ ਦੁਆ ਸਕਦੇ ਹਾਂ।

• CITIZENSHIP • GREEN CARD • VISA



Designed By Punjab Mail USA

Call for All Kinds of Immigration Services In USA



MALIK AWAN
J.D. (CEO)

916-849-2926

malik@averwood.us

www.averwood.us


1851 Heritage Ln. Suite #129 Sacramento, CA 95815 USA



24hrs Towing
FIVE STAR
TOWING INC
8 Locations and 55 Tow Trucks Serve You Better.
Northern California's Number 1 Towing Service
3rd Generation in Business
Sacramento,CA
Gold Run, CA
Sparks, NV
24hrs Live Dispatch
FIVE STAR TOWING
877-389-4700
Jasmail Singh Chitti
Ph: 877-389-4700
Designed By Punjab Mail USA




Global Allianz
LAW FIRM LLP
ਇਮੀਗਰੇਸ਼ਨ ਸੇਵਾਵਾਂ
ਘਰੇਲੂ ਹਿੰਸਾ ਦੇ ਕੇਸ
ਨਸ਼ਾ ਕਰਕੇ ਗੱਡੀ ਚਲਾਉਣਾ
ਕੰਮ 'ਤੇ ਸੱਟ ਲਗਣਾ
ਕਾਨੂੰਨੀ ਸਲਾਹਾਂ
Asylum & Deportation Defense
Atul Kapoor
C.E.O
Neat Allen Sawyer
Attorney at law
555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188

KAMBOJ AYURVEDIC & HERBS
ਆਯੂਰਵੈਦਿਕ ਜੜ੍ਹੀ-ਬੂਟੀਆਂ
ਵਾਈ-ਬਾਦੀ ਦੇ ਰੋਗ ਜਿਵੇਂ ਲਕਵਾ, ਅਧਰੰਗ, ਜੋੜਾਂ ਦਾ ਦਰਦ, ਗਠੀਆ
ਗੁਪਤ ਰੋਗ ਜਿਵੇਂ ਧਾਂਤ ਪੈਣਾ, ਨਾਮਰਦੀ, ਸੁਪਨਦੋਸ਼, ਲਿਕਿਓਰੀਆ, ਮਾਂਹਵਾਰੀ ਦੀਆਂ ਖਰਾਬੀਆਂ
ਖ਼ੂਨ ਦੀ ਕਮੀ, ਲਿਵਰ ਦੀ ਕੋਈ ਵੀ ਖਰਾਬੀ, ਲਿਵਰ ਵਧਣਾ ਜਾਂ ਸੁੰਗੜਨਾ, ਤੇਜ਼ਾਬ ਬਣਨਾ, ਖਾਣਾ ਨਾ ਪਚਣਾ, ਭੁੱਖ ਨਾ ਲੱਗਣਾ, ਸੰਗਰਹਿਣੀ ਆਦਿ ਦੇ ਪੁਰਾਣੇ ਰੋਗ
ਦਿਮਾਗੀ ਖਰਾਬੀ, ਦੌਰੇ ਪੈਣਾ, ਮਿਰਗੀ, ਯਾਦਾਸ਼ਤ ਕਮਜ਼ੋਰ, ਹੱਥਾਂ-ਪੈਰਾਂ 'ਚੋਂ ਸੇਕ ਨਿਕਲਣਾ ਆਦਿ
ਛਾਤੀ ਦੇ ਰੋਗ ਜਿਵੇਂ ਨਿਮੋਨੀਆ, ਕਾਲੀ ਖੰਗ, ਦਮਾ ਆਦਿ
ਚਮੜੀ ਦੇ ਰੋਗ, ਖਾਜ, ਮੁਹਾਂਸੇ, ਛਾਈਆਂ ਆਦਿ
Open 10AM–6PM
ਕੈਂਸਰ ਦਾ ਇਲਾਜ
524 S. Clovis Ave, Fresno, CA 93727
559-341-9252
Kharati Kamboj
Ayurvedic Prescription

# ਅਮਰੀਕਾ-ਕੈਨੇਡਾ ਸਰਹੱਦ ਤੋਂ ਗੈਰ ਕਾਨੂੰਨੀ ਪ੍ਰਵਾਸੀਆਂ ਨੂੰ ਮੋੜਨ ਦਾ ਕੰਮ ਸ਼ੁਰੂ



■ ਦੋਵਾਂ ਦੇਸ਼ਾਂ ਵਿਚਕਾਰ ਸੋਧਿਆ ਸਮਝੌਤਾ ਹੋਇਆ ਲਾਗੂ

**ਟੋਰਾਂਟੋ, (ਪੰਜਾਬ ਮੇਲ)**-ਕੈਨੇਡਾ ਦੇ ਸਰਕਾਰੀ ਦੌਰੇ ਦੌਰਾਨ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਅਤੇ ਕੈਨੇਡਾ ਦੇ ਪ੍ਰਧਾਨ ਮੰਤਰੀ ਵੱਲੋਂ 'ਥ੍ਰਡ ਸੇਫ ਕੰਟਰੀ' ਸਮਝੌਤੇ (2004) 'ਚ ਸੋਧ ਦਾ ਐਲਾਨ ਕਰਕੇ ਉਸ ਨੂੰ 25 ਮਾਰਚ ਤੋਂ ਲਾਗੂ ਕਰ ਦਿੱਤਾ ਹੈ। ਹੁਣ ਜੋ ਵਿਦੇਸ਼ੀ ਨਾਗਿਰਕ ਦੋਵਾਂ ਦੇਸ਼ਾਂ ਦੀ ਸਰਹੱਦ (ਲਗਭਗ 8890 ਕਿਲੋਮੀਟਰ) ਤੋਂ ਏਧਰ-ਓਧਰ ਦਾਖਲ ਹੋਣਗੇ, ਨੂੰ ਕੈਨੇਡਾ ਦੇ ਅਧਿਕਾਰੀ (ਬੇਰੰਗ) ਅਮਰੀਕਾ ਅਤੇ ਅਮਰੀਕਾ ਦੇ ਅਧਿਕਾਰੀ ਕੈਨੇਡਾ ਵਾਪਸ ਮੋੜ ਸਕਣਗੇ। ਹੁਣ ਤੱਕ ਲੁਕ-ਛਿਪ ਕੇ ਖੁੱਲ੍ਹੇ ਜ਼ਮੀਨੀ ਰਸਤੇ ਕੈਨੇਡਾ 'ਚ ਦਾਖਲ ਹੋਣ ਵਾਲੇ ਲੋਕਾਂ ਨੂੰ ਪੁਲਿਸ ਵੱਲੋਂ ਫੜ ਲਏ ਜਾਣ ਦੇ ਬਾਵਜੂਦ ਵਾਪਸ ਨਹੀਂ ਮੋੜਿਆ ਜਾ ਸਕਦਾ ਸੀ ਅਤੇ ਉਹ ਸ਼ਰਨਾਰਥੀ ਵਜੋਂ ਆਪਣੀ ਅਰਜ਼ੀ ਦਾਖਲ ਕਰ ਸਕਦੇ ਸਨ। ਪਰ ਨਵੇਂ ਸਮਝੌਤੇ 'ਚ ਸਥਿਤੀ ਬਦਲ ਦਿੱਤੀ ਗਈ ਹੈ। ਥ੍ਰਡ ਸੇਫ ਕੰਟਰੀ ਸਮਝੌਤੇ ਤਹਿਤ ਜੇਕਰ ਕੋਈ ਵਿਅਕਤੀ 14 ਦਿਨਾਂ ਤੋਂ ਵੱਧ ਅਮਰੀਕਾ 'ਚ ਹੋਵੇ ਤਾਂ ਉਸ ਨੂੰ ਉੱਥੇ ਆਪਣਾ ਸ਼ਰਨਾਰਥੀ ਕੇਸ ਅਪਲਾਈ ਕਰਨਾ ਪਵੇਗਾ ਤੇ ਸਰਹੱਦ ਤੋਂ ਕੈਨੇਡਾ 'ਚ ਦਾਖਲ ਹੋਣ ਦੀ ਕੋਸ਼ਿਸ਼ ਸਮੇਂ ਉਸ ਨੂੰ ਫੜ ਕੇ ਅਮਰੀਕਾ ਦੇ ਅਧਿਕਾਰੀਆਂ ਨੂੰ ਸੌਂਪਿਆ ਜਾਵੇਗਾ।

ਇਸੇ ਤਰ੍ਹਾਂ ਕੈਨੇਡਾ 'ਚ 14 ਦਿਨਾਂ ਤੋਂ ਵੱਧ ਰਹਿਣ ਵਾਲੇ ਵਿਅਕਤੀਆਂ ਨੂੰ ਅਮਰੀਕੀ ਅਧਿਕਾਰੀ ਕੈਨੇਡਾ 'ਚ ਵਾਪਸ ਮੋੜ ਸਕਣਗੇ। ਇਸ ਸਮਝੌਤੇ ਤਹਿਤ ਕੈਨੇਡਾ ਸਰਕਾਰ ਵੱਲੋਂ ਅਜੇ ਵੀ ਉਨ੍ਹਾਂ ਲੋਕਾਂ ਨੂੰ ਰਾਹਤ ਦਿੱਤੀ ਗਈ ਹੈ, ਜਿਨ੍ਹਾਂ ਦੇ ਪਰਿਵਾਰ ਦੇ ਜੀਅ (ਪਤੀ ਜਾਂ ਪਤਨੀ ਤੇ ਬੱਚੇ) ਕੈਨੇਡਾ 'ਚ ਰਹਿ ਰਹੇ ਹਨ ਜਾਂ ਉਨ੍ਹਾਂ ਦਾ ਸ਼ਰਨਾਰਥੀ ਕੇਸ ਮਨਜ਼ੂਰ ਹੋਇਆ ਜਾਂ ਕੇਸ ਫਾਇਲ ਕੀਤਾ ਹੋਇਆ ਹੋਵੇ। ਇਸ ਰਾਹਤ 'ਚ ਕੈਨੇਡਾ 'ਚ ਰਹਿ ਰਹੇ ਸਟੱਡੀ ਪਰਮਿਟ ਅਤੇ ਵਰਕ ਪਰਮਿਟ ਧਾਰਕਾਂ ਦੇ ਜੀਆਂ ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਜੇਕਰ ਕਿਸੇ ਵਿਅਕਤੀ ਨੂੰ ਅਮਰੀਕਾ 'ਚ ਅਦਾਲਤ ਨੇ ਮੌਤ ਦੀ ਸਜ਼ਾ ਦਿੱਤੀ ਹੋਵੇ, ਉਹ ਵਿਅਕਤੀ ਵੀ ਕੈਨੇਡਾ ਵੱਲੋਂ ਵਾਪਸ ਨਹੀਂ ਕੀਤਾ ਜਾਵੇਗਾ, ਪਰ ਉਹ ਵਿਦੇਸ਼ੀ ਨਾਗਰਿਕ ਇਸ ਰਾਹਤ ਦਾ ਲਾਭ ਨਹੀਂ ਲੈ ਸਕਣਗੇ, ਜੋ ਗੰਭੀਰ ਅਪਰਾਧਾਂ ਅਤੇ ਮਨੁੱਖਤਾ ਵਿਰੁੱਧ ਜ਼ੁਲਮ ਕਰਨ ਦੇ ਦੋਸ਼ੀ ਹੋਣ। ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ ਦੇ ਅੰਕੜਿਆਂ ਅਨੁਸਾਰ ਬੀਤੇ ਸਾਲ (365 ਦਿਨ) ਦੌਰਾਨ 39500 ਤੋਂ ਵੱਧ ਵਿਦੇਸ਼ੀ ਨਾਗਰਿਕ ਅਮਰੀਕਾ ਤੋਂ ਕੈਨੇਡਾ 'ਚ ਦਾਖਲ ਹੋਏ ਸਨ ਅਤੇ ਲਗਭਗ ਉਹ ਸਾਰੇ ਕਿਊਬਕ ਪ੍ਰਾਂਤ ਦੀ ਅਮਰੀਕਾ ਨਾਲ ਲੱਗਦੀ ਸਰਹੱਦ (ਰੌਕਸਹੈਮ ਰੋਡ) ਰਾਹੀਂ ਪੁੱਜੇ ਸਨ।

# ਭਾਰਤੀ ਵਿਅਕਤੀ 'ਤੇ ਕੈਨੇਡੀਅਨ ਨਾਗਰਿਕ ਦੀ ਹੱਤਿਆ ਦੇ ਦੋਸ਼

**ਵੈਨਕੂਵਰ, (ਪੰਜਾਬ ਮੇਲ)**- ਇਕ ਭਾਰਤੀ ਮੂਲ ਦੇ ਵਿਅਕਤੀ ਨੇ ਕੈਨੇਡਾ ਦੇ ਵੈਨਕੂਵਰ ਸਟਾਰਬਾਕਸ ਕੈਫੇ ਦੇ ਬਾਹਰ ਦੀ 37 ਸਾਲਾ ਵਿਅਕਤੀ ਦੀ ਚਾਕੂ ਮਾਰ ਕੇ ਹੱਤਿਆ ਕਰ ਦਿੱਤੀ, ਜਿਸ ਕਾਰਨ ਉਸ 'ਤੇ ਦੂਸਰੀ ਡਿਗਰੀ ਦੀ ਹੱਤਿਆ ਦਾ ਦੋਸ਼ ਲਗਾਇਆ ਗਿਆ ਹੈ। ਸ਼ੱਕੀ 32 ਸਾਲਾ ਇੰਦਰਦੀਪ ਸਿੰਘ ਗੋਸਾਲ ਨੂੰ ਮੌਕੇ 'ਤੇ ਗ੍ਰਿਫਤਾਰ ਕਰ ਲਿਆ ਗਿਆ। ਪੁਲਿਸ ਨੇ ਦੱਸਿਆ ਕਿ ਐਤਵਾਰ ਸ਼ਾਮ ਨੂੰ 5.40 ਵਜੇ ਗ੍ਰੈਨਵਿਲੇ ਤੇ ਵੈਸਟ ਪੈਂਡਰ ਸੜਕਾਂ ਦੇ ਕੋਨੇ 'ਤੇ ਪਾਲ ਸਟੇਨਲੀ ਸ਼ਿਮਟ ਨੂੰ ਚਾਕੂ ਮਾਰ ਦਿੱਤਾ ਗਿਆ, ਘਟਨਾ ਬਾਅਦ ਹਸਪਤਾਲ 'ਚ ਉਸ ਦੀ ਮੌਤ ਹੋ ਗਈ। ਪੁਲਿਸ ਬੁਲਾਰੇ ਸਟੀਵ ਐਡੀਸਨ ਨੇ ਕਿਹਾ ਕਿ ਪੁਲਿਸ ਹੋਰ ਗਵਾਹਾਂ ਲਈ ਅਪੀਲ ਕਰ ਰਹੀ ਹੈ ਤਾਂ ਕਿ ਹੱਤਿਆ ਦੇ ਮਕਸਦ ਦਾ ਪਤਾ ਲੱਗ ਸਕੇ।

# ਇਸ ਸਾਲ 14000 ਪ੍ਰਵਾਸੀਆਂ ਨੂੰ ਕੈਨੇਡਾ ਦੇਵੇਗਾ ਪੀ.ਆਰ.

■ 10 ਦਿਨਾਂ 'ਚ ਕੱਢੇ 2 ਐਕਸਪ੍ਰੈੱਸ ਐਂਟਰੀ ਡਰਾਅ

**ਓਟਵਾ, (ਪੰਜਾਬ ਮੇਲ)**-ਇਮੀਗ੍ਰੇਸ਼ਨ ਰਿਫਿਊਜੀਜ਼ ਐਂਡ ਸਿਟੀਜ਼ਨਸ਼ਿਪ ਕੈਨੇਡਾ (ਆਈ.ਆਰ.ਸੀ.ਸੀ.) ਨੇ 23 ਮਾਰਚ 2023 ਨੂੰ ਇਕ ਹੋਰ ਐਕਸਪ੍ਰੈੱਸ ਐਂਟਰੀ ਡਰਾਅ ਆਯੋਜਿਤ ਕੀਤਾ, ਜਿਸ ਵਿਚ ਰਿਕਾਰਡਤੋੜ 7,000 ਉਮੀਦਵਾਰਾਂ ਨੂੰ ਕੈਨੇਡਾ ਵਿਚ ਸਥਾਈ ਨਿਵਾਸ ਲਈ ਅਪਲਾਈ ਕਰਨ ਦਾ ਸੱਦਾ ਦਿੱਤਾ। ਇਥੇ ਧਿਆਨ ਦੇਣ ਯੋਗ ਹੈ ਕਿ 2 ਹਫ਼ਤਿਆਂ ਤੋਂ ਵੀ ਘੱਟ ਸਮੇਂ ਵਿਚ ਇਹ ਦੂਜਾ ਡਰਾਅ ਸੀ, ਕਿਉਂਕਿ ਆਈ.ਆਰ.ਸੀ.ਸੀ. ਨੇ 15 ਮਾਰਚ ਨੂੰ ਇਸੇ ਤਰ੍ਹਾਂ ਦੇ ਡਰਾਅ ਦਾ ਆਯੋਜਨ ਕੀਤਾ ਸੀ, ਜਿਸ ਵਿਚ 7,000 ਹੋਰ ਉਮੀਦਵਾਰਾਂ ਨੂੰ ਸੱਦਾ ਦਿੱਤਾ ਗਿਆ ਸੀ। ਇਨ੍ਹਾਂ 2 ਡਰਾਅ ਵਿਚ ਜਾਰੀ ਕੀਤੇ ਗਏ ਸੱਦਿਆਂ ਦੀ ਸਾਂਝੀ ਗਿਣਤੀ 14,000 ਹੈ ਅਤੇ ਇਹ ਕੈਨੇਡਾ ਸਰਕਾਰ ਵੱਲੋਂ 2015 ਵਿਚ ਐਕਸਪ੍ਰੈੱਸ ਐਂਟਰੀ ਚੋਣ ਪ੍ਰਣਾਲੀ ਦੀ ਸ਼ੁਰੂਆਤ ਤੋਂ ਬਾਅਦ ਹੁਣ ਤੱਕ ਕਿਸੇ ਸਿੰਗਲ ਡਰਾਅ ਵਿਚ ਜਾਰੀ ਕੀਤੇ ਗਏ ਸੱਦਿਆਂ ਦੀ ਸਭ ਤੋਂ ਵੱਡੀ ਗਿਣਤੀ ਹੈ, ਉਥੇ ਹੀ ਇਸ ਡਰਾਅ ਤੋਂ ਬਾਅਦ ਬਿਨੈਕਾਰਾਂ ਵਿਚ ਖ਼ੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ।

ਸਭ ਤੋਂ ਹਾਲੀਆ ਡਰਾਅ ਇਕ ਆਲ-ਪ੍ਰੋਗਰਾਮ ਡਰਾਅ ਸੀ, ਜਿਸਦਾ ਮਤਲਬ ਸੀ ਕਿ ਫੈਡਰਲ ਸਕਿੱਲਡ ਵਰਕਰ ਪ੍ਰੋਗਰਾਮ (ਐੱਫ.ਐੱਸ.ਡਬਲਿਊ.ਪੀ.), ਕੈਨੇਡੀਅਨ ਐਕਸਪੀਰੀਅੰਸ ਕਲਾਸ (ਸੀ.ਈ.ਸੀ.) ਅਤੇ ਫੈਡਰਲ ਸਕਿੱਲਡ ਟਰੇਡਜ਼ ਪ੍ਰੋਗਰਾਮ (ਐੱਫ.ਐੱਸ.ਟੀ.ਪੀ.) ਦੇ ਉਮੀਦਵਾਰਾਂ 'ਤੇ ਵਿਚਾਰ ਕੀਤਾ ਗਿਆ ਸੀ। ਇਸ ਡਰਾਅ ਲਈ ਲੋੜੀਂਦਾ ਘੱਟੋ-ਘੱਟ ਵਿਆਪਕ ਰੈਂਕਿੰਗ ਸਿਸਟਮ (ਸੀ.ਆਰ.ਐੱਸ.) ਸਕੋਰ 484 ਸੀ, ਜੋ ਕਿ ਪਿਛਲੇ ਡਰਾਅ ਦੇ ਕੱਟ-ਆਫ ਸੀ.ਆਰ.ਐੱਸ. ਸਕੋਰ 490 ਤੋਂ ਘੱਟ ਸੀ। 2023 ਵਿਚ ਪਹਿਲਾਂ ਕੱਢੇ ਗਏ ਡਰਾਅ ਮੁੱਖ ਤੌਰ 'ਤੇ ਪ੍ਰੋਵਿੰਸ਼ੀਅਲ ਨਾਮਜ਼ਦ ਪ੍ਰੋਗਰਾਮ (ਪੀ.ਐੱਨ.ਪੀ.) ਦੇ ਉਮੀਦਵਾਰਾਂ ਲਈ ਸਨ, ਜਿਨ੍ਹਾਂ ਵਿਚ ਚਾਰ ਪੀ.ਐੱਨ.ਪੀ. ਡਰਾਅ ਇਸ ਸਾਲ ਪਹਿਲਾਂ ਹੀ ਹੋ ਚੁੱਕੇ ਹਨ। ਹਾਲਾਂਕਿ, ਅਜਿਹਾ ਲੱਗਦਾ ਹੈ ਕਿ ਆਈ.ਆਰ.ਸੀ.ਸੀ. ਨੇ ਸਾਰੇ ਐਕਸਪ੍ਰੈੱਸ ਐਂਟਰੀ ਉਮੀਦਵਾਰਾਂ 'ਤੇ ਵਿਚਾਰ ਕਰਨ ਦੀ ਆਪਣੀ ਨਿਯਮਿਤ ਪ੍ਰਕਿਰਿਆ ਮੁੜ ਸ਼ੁਰੂ ਕਰ ਦਿੱਤੀ ਹੈ। ਇਮੀਗ੍ਰੇਸ਼ਨ ਲੈਵਨ ਪਲੈਨ 2023-2025 ਦੇ ਅਨੁਸਾਰ, ਕੈਨੇਡਾ ਅਗਲੇ ਤਿੰਨ ਸਾਲਾਂ ਵਿਚ ਪ੍ਰੋਵਿੰਸ਼ੀਅਲ ਨਾਮਜ਼ਦ ਪ੍ਰੋਗਰਾਮਾਂ ਰਾਹੀਂ ਪ੍ਰਤੀ ਸਾਲ 105,000 ਤੋਂ ਵੱਧ ਪ੍ਰਵਾਸੀਆਂ ਨੂੰ ਸੱਦਾ ਦੇਣ ਦਾ ਇਰਾਦਾ ਰੱਖਦਾ ਹੈ। 1998 ਵਿਚ ਇਸਦੀ ਸ਼ੁਰੂਆਤ ਤੋਂ ਲੈ ਕੇ, ਜਦੋਂ ਅਗਲੇ ਸਾਲ ਸਿਰਫ਼ 400 ਪ੍ਰਵਾਸੀ ਕੈਨੇਡਾ ਵਿਚ ਪਹੁੰਚੇ ਤਾਂ ਫੰਫ ਕੈਨੇਡਾ ਦੇ ਆਰਥਿਕ ਵਿਕਾਸ ਵਿਚ ਯੋਗਦਾਨ ਪਾਉਣ ਲਈ ਪ੍ਰਵਾਸੀਆਂ ਲਈ ਇੱਕ ਜ਼ਰੂਰੀ ਮਾਰਗ ਬਣ ਗਿਆ ਹੈ।

# ਏਸ਼ੀਅਨ ਮੂਲ ਦੇ ਵਿਅਕਤੀ ਦੀ ਨਫ਼ਰਤੀ ਅਪਰਾਧ ਤਹਿਤ ਹੱਤਿਆ ਕਰਨ ਦੇ ਮਾਮਲੇ 'ਚ ਗੋਰੇ ਨੂੰ 22 ਸਾਲ ਕੈਦ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਨਿਊਯਾਰਕ 'ਚ ਇਕ ਏਸ਼ੀਅਨ ਮੂਲ ਦੇ ਵਿਅਕਤੀ 'ਤੇ ਨਸਲੀ ਨਫ਼ਰਤ ਤਹਿਤ ਹੱਤਿਆ ਕਰਨ ਦੇ ਮਾਮਲੇ 'ਚ 51 ਸਾਲਾ ਜਰੋਡ ਪਾਵਲ ਨੂੰ 22 ਸਾਲ ਜੇਲ੍ਹ ਦੀ ਸਜ਼ਾ ਸੁਣਾਈ ਗਈ ਹੈ। ਮੈਨਹਟਨ ਡਿਸਟ੍ਰਿਕਟ ਅਟਾਰਨੀ ਦੇ ਦਫਤਰ ਅਨੁਸਾਰ ਜਰੋਡ ਵਿਰੁੱਧ ਦੂਸਰਾ ਦਰਜਾ ਹੱਤਿਆ ਦੇ ਦੋਸ਼ ਆਇਦ ਕੀਤੇ ਗਏ ਸਨ ਤੇ ਉਸ ਨੇ ਆਪਣਾ ਗੁਨਾਹ ਕਬੂਲ ਕਰ ਲਿਆ ਸੀ। ਡਿਸਟ੍ਰਿਕਟ ਅਟਾਰਨੀ ਐਲਵਨ ਬਰਾਗ ਨੇ ਇਕ ਬਿਆਨ ਵਿਚ ਕਿਹਾ ਹੈ ਕਿ 61 ਸਾਲਾ ਯਾਓ ਪੈਨ ਮਾ ਦੀ ਹੱਤਿਆ ਉਸ ਦੀ ਨਸਲ ਕਾਰਨ ਹੋਈ ਸੀ। ਅਪ੍ਰੈਲ 2021 ਵਿਚ ਉਸ ਉਪਰ ਉਸ ਵੇਲੇ ਹਮਲਾ ਹੋਇਆ ਸੀ, ਜਦੋਂ ਉਹ ਈਸਟ ਹਰਲੇਮ ਕੋਰਨਰ ਵਿਖੇ ਕੇਨੀਆਂ ਇਕੱਠੀਆਂ ਕਰ ਰਿਹਾ ਸੀ। ਇਸ ਹਮਲੇ ਵਿਚ ਚੀਨੀ ਮੂਲ ਦਾ ਅਮਰੀਕੀ ਯਾਓ ਪੈਨ ਮਾ ਗੰਭੀਰ ਜ਼ਖਮੀ ਹੋ ਗਿਆ ਸੀ ਤੇ ਤਕਰੀਬਨ 8 ਮਹੀਨੇ ਬਾਅਦ 31 ਦਸੰਬਰ, 2021 ਨੂੰ ਦਮ ਤੋੜ ਗਿਆ ਸੀ।



ਯਾਓ ਪੈਨ ਮਾ



# calstate MORTGAGE

NMLS: 1729528/ DRE 02058505

*We are home loan experts dedicated to making sure your home purchase or refinance experience is top-notch.*

## Purchase Loan and Refinance
## 15 & 30 Yr. Fixed Rates Are Still Better!!! Refinance Now at Zero Cost

*Ways we help 1st time home buyers:*


- » *Will walk new buyers through the whole loan process*
- » *Fast turn times for pre-approvals and underwriting during the settlement process*
- » *Fannie & Freddie with expanded DTI's*
- » *All Govt programs available for buyers*
- » *Credit scores down to a 600 for FHA and VA buyers*
- » *We have Cheona Down Payment Assistance In-house*
- » *Can also work with Down Payment Assistance programs at the State and County level*
- » *1099, W-2 and Passive income allowed*
- » *100k minimum total loan amount for Primary Purchases*

» ਨਵੇਂ ਜਾਂ ਪੁਰਾਣੇ ਘਰ ਦਾ ਲੋਨ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

» ਘਰ ਰੀਫਾਈਨਾਂਸ ਕਰਾਉਣਾ ਹੋਵੇ ਤਾਂ ਸਾਨੂੰ ਮਿਲੋ।

» ਕਿਸੇ ਵੀ ਤਰ੍ਹਾਂ ਦੇ ਲੋਨ ਸਬੰਧੀ ਸਲਾਹ-ਮਸ਼ਵਰੇ ਲਈ ਕਾਲ ਕਰੋ।






## Preet Kalirai

NMLS: 281660/DRE 02097522

## Mortgage Broker

530 La Sierra Drive, Sacramento, CA 95864

ਸਾਡੇ ਨਾਲ ਪੰਜਾਬੀ ਜਾਂ ਇੰਗਲਿਸ਼ ਵਿਚ ਗੱਲ ਕਰੋ।

**916-225-1225**

*e: preet@calstatemtg.com • w : https://www.getapproval.com*

Copyright@Punjab Mail USA



# TAKHAR URGENT CARE
# & Family Medicine



**Paramjit S. Takhar, M.D.**
**Board Certified Family Medicine**

Originally from Shankar/Nakodar/Jalandhar
Extensive experience in Family Practice and Primary Care Over 25 years of Family Medicine experience with Kaiser Permanente

## Onsite Services



EKG (Electrocardiogram), Blood Work, Pregnancy Test, Urine Analysis, TB Testing, Ear Irrigation, In-grown Toe Nail Removal

**$100 First Office Visit**
**2nd Visit is ONLY $75**

www.takharfamilymedicine.com

- Men's & Women's Health
- Adult Physicals with Labs Drawn on Premises
- Well Woman Exams Including PAP Smears
- Pregnancy Testing
- School /College / Camp Physicals
- Diabetes & Diabetic Foot Care
- High Cholesterol
- Hypertension
- Heart Disease
- Headaches
- Thyroid Problems
- Asthma & Allergies
- Upper Respiratory Infections
- Urinary Tract Infection
- Sexual Dysfuntion
- Back & Neck Pain
- Immigration Physical
- Pre-Employment Physical
- DOT /Non-DOT Physicals
- Breath Alcohol Testing

We Speak : English, Hindi, Punjabi, Farsi & Spanish

**916-688-8888**

**8191 Timberlake Way #400**
**Sacramento, CA 95823**

We Accept Medicare, Medical & Cash Pay




TRANSCORP
Hiring Owner
Operators & Drivers
ਓਨਰ ਅਪਰੇਟਰ ਅਤੇ ਟਰੱਕ ਡਰਾਈਵਰ ਤੁਰੰਤ ਮਿਲੋ।
ਤੁਸੀਂ ਸਾਡੇ ਟਰੇਲਰ ਵੀ ਰੈਂਟ ਕਰ ਸਕਦੇ ਹੋ।
ਕੈਲੀਫੋਰਨੀਆ, ਓਰੇਗਨ, ਵਾਸ਼ਿੰਗਟਨ ਸਟੇਟ, ਕਲਾਰਾਡੋ, ਈਸਟ ਕੋਸਟ, ਮਿਡ ਵੈਸਟ ਦੇ ਲੋਡ ਉਪਲੱਬਧ ਹਨ।
ਲੋਡ ਦੇ ਪੇਪਰ ਦਿਓ ਤੇ ਪੇਮੈਂਟ ਲਵੋ
ਜੇ ਕਿਸੇ ਕੋਲ ਫਾਈਨਾਂਸ ਦੀ ਪ੍ਰਾਬਲਮ ਹੈ ਤਾਂ ਉਸ ਬਾਰੇ ਵੀ ਗੱਲ ਕੀਤੀ ਜਾ ਸਕਦੀ ਹੈ।
TRANSCORP
Designed By Punjab Mail USA
23687 AVENUE 19
MADERA, CA-93638
Phone: 800-317-2577
Fax: 800-405-2480
E-mail: dispatch@transcorp247.com


Do you know how to plan & secure your finances?
Book your free consultations for
Tax free Retirement Planning
College Education Planning
Proper Protection
Health & Disability (Long Term Care Planning)
Annuities
Will & Trust (Discounted for a limited time with conditions applied)
Building Legacy
Harsimran Bajwa
Lic# 4267166
Call/Text: (916) 479-4783
Email: bajwahgi@gmail.com
Let's do the needful to secure our life and our family's future!
RIP

# ਪੰਥ ਦੇ ਮਹਾਨ ਵਿਦਵਾਨ ਪਦਮ ਸ੍ਰੀ ਭਾਈ ਨਿਰਮਲ ਸਿੰਘ ਜੀ ਖਾਲਸਾ...

## 12 ਅਪ੍ਰੈਲ ਜਨਮ ਦਿਨ ’ਤੇ ਵਿਸ਼ੇਸ਼




ਸੁਖਵਿੰਦਰ ਸਿੰਘ ਮੁੱਲਾਂਪੁਰ
ਵ.ਅੱਪ. : 99141-84794
(Punjab Mail USA)




ਜਦ ਵੀ ਜਿੱਥੇ ਵੀ ਸੁਰਤਾਲ ਅਤੇ ਰਾਗਾਂ ਵਿਚ ਕੀਰਤਨ ਕਰਨ ਦੀ ਗੱਲ ਚੱਲੇਗੀ, ਤਾਂ ਮਹਾਨ ਸ਼ਖਸ਼ੀਅਤ ਗੁਰੂ ਘਰ ਦੇ ਸੇਵਕ ਗੁਰੂ ਜੀ ਦੀ ਉਪਮਾ ਕਰਨ ਵਾਲੇ ਸਿੱਖ ਸੰਗਤਾਂ ਨੂੰ ਸ਼ਬਦ ਕੀਰਤਨ ਰਾਹੀ ਗੁਰ ਲੜ ਲਾਉਣ ਵਾਲੇ ਭਾਈ ਨਿਰਮਲ ਸਿੰਘ ਖ਼ਾਲਸਾ ਜੀ ਦਾ ਨਾਮ ਆਪ ਮੁਹਾਰੇ ਹੀ ਜ਼ੁਬਾਨ ’ਤੇ ਆ ਜਾਵੇਗਾ।

ਭਾਈ ਨਿਰਮਲ ਸਿੰਘ ਖ਼ਾਲਸਾ ਜੀ ਦਾ ਜਨਮ 12 ਅਪ੍ਰੈਲ, 1958 ਨੂੰ ਪਿੰਡ ਜੰਡਵਾਲਾ ਭੀਮਸ਼ਾਹ ਜ਼ਿਲ੍ਹਾ ਫਿਰੋਜ਼ਪੁਰ ਵਿਚ ਸ. ਚੰਨਣ ਸਿੰਘ ਦੇ ਘਰ ਸ਼੍ਰੀਮਤੀ ਗੁਰਦੇਵ ਕੌਰ ਦੀ ਕੁਖੋਂ ਹੋਇਆ।

1958 ’ਚ ਇਹ ਪਰੀਵਾਰ ਪਿੰਡ ਮੰਡਾਲਾ ਜ਼ਿਲ੍ਹਾ ਜਲੰਧਰ ਦੇ ਮੰਡ ਖੇਤਰ ’ਚ ਜ਼ਮੀਨ ਅਲਾਟ ਹੋਣ ਕਰਕੇ ਉੱਥੇ ਆ ਵੱਸਿਆ। ਘਰ ਵਿਚ ਗਰੀਬੀ ਹੋਣ ਕਰਕੇ ਇਹ ਪਿੰਡ ਦੇ ਸਕੂਲ ਤੋਂ ਪੰਜ ਜਮਾਤਾਂ ਹੀ ਪਾਸ ਕਰ ਸਕੇ। ਪਿਤਾ ਪੁਰਖੀ ਖੇਤੀਬਾੜੀ ਦਾ ਕੰਮ ਧੰਦਾ ਹੋਣ ਕਰਕੇ ਇਨ੍ਹਾਂ ਨੂੰ ਕੁਝ ਸਮਾਂ ਖੇਤਾਂ ਵਿਚ ਕੰਮ ਕਰਨਾ ਪਿਆ।

ਭਾਈ ਨਿਰਮਲ ਸਿੰਘ ਛੋਟੇ ਹੁੰਦਿਆਂ ਪਿੰਡ ਦੇ ਪੰਚਾਇਤੀ ਰੇਡੀਓ ਤੋਂ ਪਾਕਿਸਤਾਨ ਦੇ ਪ੍ਰੋਗਰਾਮਾਂ ਵਿਚ ਪੰਜਾਬੀ ਦਰਬਾਰ ਅਤੇ ਸ਼ਾਮ-ਏ-ਗਜ਼ਲ ਬੜੀ ਰੀਝ ਨਾਲ ਸੁਣਦੇ ਗੁਲਾਮ ਅਲੀ ਖ਼ਾਨ, ਨੂਰ ਜਹਾਂ, ਮੇਂਹਦੀ ਹਸਨ, ਰੇਸ਼ਮਾਂ ਨੂੰ ਬੜੀ ਰੀਝ ਨਾਲ ਸੁਣਦੇ ਅਤੇ ਭਾਈ ਮਰਦਾਨੇ ਦੀ ਵੰਸ਼ ਵਿਚੋਂ ਭਾਈ ਲਾਲ ਸਿੰਘ, ਭਾਈ ਸਮੁੰਦ ਸਿੰਘ, ਭਾਈ ਸੰਤਾ ਸਿੰਘ ਅਤੇ ਭਾਈ ਚਾਂਦ ਸਿੰਘ ਆਦਿ ਰਾਗੀਆਂ ਦੇ ਸ਼ਬਦ ਸੁਣਦੇ ਰਹਿੰਦੇ ਸਨ।

ਭਾਈ ਨਿਰਮਲ ਸਿੰਘ ਨੂੰ ਗਾਉਣ ਦਾ ਸ਼ੌਂਕ ਪਹਿਲਾਂ ਹੀ ਸੀ। ਇਹ ਖੇਤਾਂ ਵਿਚ ਕੰਮ ਕਰਦੇ ਉੱਚੀ ਆਵਾਜ਼ ਵਿਚ ਗਾਉਂਦੇ ਰਹਿੰਦੇ। ਸੱਥਾਂ ਵਿਚ ਬੈਠੇ ਬਜ਼ੁਰਗਾਂ ਨੂੰ ਲੋਕ ਗਥਾਵਾਂ ਗਾ ਕੇ ਸਣਾਉਂਦੇ ਰਹਿੰਦੇ। ਪਰਿਵਾਰ ਨੇ ਇਨ੍ਹਾਂ ਦਾ ਇਹ ਸ਼ੌਂਕ ਵੇਖ ਕੇ ਇਨ੍ਹਾਂ ਦੇ ਕਹਿਣ ’ਤੇ ਇਨ੍ਹਾਂ ਦੇ ਚਾਚਾ ਜੀ ਭਾਈ ਗੁਰਬਚਨ ਸਿੰਘ ਜੋ ਕੀਰਤਨਏ ਸਿੰਘ ਸਨ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਫ਼ਤਿਹ ਸਿੰਘ ਦੀ ਗੱਡੀ ਦੇ ਡਰਾਇਵਰ ਸਨ, ਉਨ੍ਹਾਂ ਨੇ ਸ਼ਹੀਦ ਸਿੱਖ ਮਸ਼ੀਨਰੀ ਕਾਲਜ (ਪੁਤਲੀ ਘਰ ਦੇ ਨਜ਼ਦੀਕ) ਅੰਮ੍ਰਿਤਸਰ ਵਿਚ ਸੰਗੀਤ ਦੇ ਪ੍ਰੋਫ਼ੈਸਰ ਅਵਤਾਰ ਸਿੰਘ ਨਾਜ ਕੋਲ ਦਾਖ਼ਲਾ ਦਿਵਾ ਦਿੱਤਾ। ਉੱਥੇ ਇਨ੍ਹਾਂ ਸੰਗੀਤਕ ਸੁਰਾਂ ਨੂੰ ਬਰੀਕੀ ਨਾਲ ਜਾਚਿਆ ਅਤੇ ਦੋ ਸਾਲ ਦਾ ਡਿਪਲੋਮਾ 1976 ’ਚ ਪਾਸ ਕੀਤਾ।

ਇਹ ਸਭ ਤੋਂ ਪਹਿਲਾਂ ਰਾਗੀ ਦੇ ਤੌਰ ’ਤੇ ਬੰਗਲਾ ਸਾਹਿਬ ਰੋਹਤਕ ਵਿਖੇ ਨਿਯੁਕਤ ਹੋਏ। ਕੁਝ ਸਮਾਂ ਰਿਸ਼ੀਕੇਸ਼, ਤਰਨ ਤਾਰਨ ਵਿਚ ਵੀ ਡਿਊਟੀ ਕੀਤੀ। 1978 ਵਿਚ ਕੁਝ ਸਮਾਂ ਦਿੱਲੀ ਟਰਾਂਸਪੋਰਟ ਕਾਰਪੋਰੇਸ਼ਨ ਵਿਚ ਕੰਡਕਟਰ ਦੇ ਤੌਰ ’ਤੇ ਨੌਕਰੀ ਵੀ ਕੀਤੀ। ਸ਼ਹੀਦ ਸਿੱਖ ਮਿਸ਼ਨਰੀ ਕਾਲਜ ਬੁੱਢਾ ਜੋਹੜ (ਰਾਜਸਤਾਨ) ਵਿਖੇ ਦੋ ਸਾਲ ਗੁਰਮਤਿ ਸੰਗੀਤ ਦੀ ਵਿੱਦਿਆ ਵਿਦਿਆਰਥੀਆਂ ਨੂੰ ਦਿੱਤੀ।

1979 ’ਚ ਭਾਈ ਨਿਰਮਲ ਸਿੰਘ ਦੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਸਹਾਇਕ ਰਾਗੀ ਵਜੋਂ ਨਿਯੁਕਤੀ ਹੋ ਗਈ ਅਤੇ ਇਹ 1985 ਤੱਕ ਭਾਈ ਗੁਰਮੇਜ ਸਿੰਘ ਜੀ ਨਾਲ ਸਹਾਇਕ ਰਾਗੀ ਵਜੋਂ ਸੇਵਾ ਨਿਭਾਉਂਦੇ ਰਹੇ। 1986 ’ਚ ਆਪਣਾ ਰਾਗੀ ਜੱਥਾ ਬਣਾ ਲਿਆ ਅਤੇ ਲੰਬਾ ਸਮਾਂ ਭਾਈ ਦਰਸ਼ਨ ਸਿੰਘ ਸਹਾਇਕ ਰਾਗੀ ਅਤੇ ਭਾਈ ਕਰਤਾਰ ਸਿੰਘ ਤਬਲੇ ਤੇ ਇਨ੍ਹਾਂ ਨਾਲ ਸੇਵਾ ਨਿਭਾਉਂਦੇ ਰਹੇ ਹਨ। 1987 ਵਿਚ ਸਰਕਾਰ ਵਲੋਂ ਕੀਤੇ ਗਏ ਬਲੈਕ ਥੰਡਰ ਦੌਰਾਨ ਪੁਲਿਸ ਤਸ਼ੱਦਦ ਵੀ ਝੱਲਣਾ ਪਿਆ।

ਉਨ੍ਹਾਂ ਵਲੋਂ ਗਾਇਆ ਜਾਂਦਾ ਸ਼ਬਦ ‘ਬੰਬੀਹਾ ਅੰਮ੍ਰਿਤ ਵੇਲੇ ਬੋਲਿਆ’ ਨੂੰ ਸੰਗਤਾਂ ਵਾਰ-ਵਾਰ ਸਰਵਣ ਕਰਦੀਆਂ ਰਹਿੰਦੀਆਂ। ਭਾਈ ਨਿਰਮਲ ਸਿੰਘ ਗੁਰਬਾਣੀ ਨੂੰ ਨਿਰਧਾਰਤ ਰਾਗਾਂ ’ਚ ਗਾਉਣ ਦੀ ਮੁਹਾਰਤ ਰੱਖਦੇ ਸਨ। ਇਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 31 ਰਾਗਾਂ ਵਿਚ ਸ਼ਬਦ ਗਾ ਕੇ ਪੁਰਾਤਨ ਕੀਰਤਨ ਸ਼ੈਲੀ ਬਹਾਲ ਕੀਤੀ। ਉਹ ਗੁਰਬਾਣੀ ਪੁਰਾਤਨ ਰੀਤਾਂ ਅਨੁਸਾਰ ਤੰਤੀ ਸਾਜਾਂ ਨਾਲ ਗਾਉਂਦੇ ਸਨ।

ਭਾਈ ਨਿਰਮਲ ਸਿੰਘ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਪਾਵਨ ਰਚਨਾਂ ਸ੍ਰੀ ਸੁਖਮਨੀ ਸਾਹਿਬ ਜੀ ਨੂੰ ਗਾਉੜੀ ਰਾਗ ਵਿਚ ਗਾਇਆ। ਇਨ੍ਹਾਂ ਨੇ ਬਾਬਾ ਫ਼ਰੀਦ ਜੀ ਦੇ ਸਲੋਕਾਂ ਨੂੰ ਵੀ ਸੂਫ਼ੀਆਨਾ ਅੰਦਾਜ਼ ਵਿਚ ਗਾਇਆ। ਉਹ ਕੀਰਤਨੀਏ ਤੋਂ ਇਲਾਵਾ ਵਧੀਆ ਲਿਖਾਰੀ ਵੀ ਸਨ। ਉਨ੍ਹਾਂ ਦੇ ਲੇਖ ਵੱਖ-ਵੱਖ ਅਖ਼ਬਾਰਾਂ ਅਤੇ ਮੈਗਜ਼ੀਨਾਂ ਵਿਚ ਛਪਦੇ ਰਹਿੰਦੇ। ਉਨ੍ਹਾਂ ਦੀਆਂ ਦੋ ਪੁਸਤਕਾਂ ‘ਗੁਰਮਤਿ ਸੰਗੀਤ ਦੇ ਔਨਮੋਲ ਰਤਨ’ ਅਤੇ ‘ਪ੍ਰਸਿੱਧ ਕੀਰਤਨਕਾਰ ਬੀਬੀਆਂ’ ਵੀ ਛਪੀਆਂ।

ਭਾਈ ਨਿਰਮਲ ਸਿੰਘ ਖ਼ਾਲਸਾ ਇਕੋ ਇਕ ਰਾਗੀ ਸਨ, ਜਿਨ੍ਹਾਂ ਨੂੰ ਪੰਜੇ ਤਖ਼ਤ ਸਾਹਿਬਾਨਾਂ ਤੇ ਕੀਰਤਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ। 1999 ਨੂੰ ਵਿਸਾਖੀ ਤੇ ਤਿੰਨ ਸੌ ਸਾਲਾ ਸ਼ਤਾਬਦੀ ਨੂੰ 50 ਤੋਂ ਵੱਧ ਮੁੱਖ ਸੰਗੀਤ ਕੰਪਨੀਆਂ ਨੇ ਇਨ੍ਹਾਂ ਦੇ ਕੀਰਤਨ ਦੀਆਂ ਐਲਬਮਾਂ ਰਿਕਾਰਡ ਕੀਤੀਆਂ। ਭਾਈ ਨਿਰਮਲ ਸਿੰਘ ਖ਼ਾਲਸਾ ਨੂੰ ਬਹੁਤ ਸਾਰੇ ਐਵਾਰਡ ਪ੍ਰਾਪਤ ਹੋਏ 1999 ’ਚ ਹੀ ਇੰਡੀਅਨ ਮਿਊਜ਼ੀਕਲ ਇੰਡਸਟਰੀ ਮੁੰਬਈ ਦੁਆਰਾ ਦੀਵਾ ਨੈਸ਼ਨਲ ਐਵਾਰਡ ਮਿਲਿਆ। 1999 ਵਿਚ ਹੀ ਖ਼ਾਲਸਾ ਫ਼ਤਿਹ ਜੰਗ ਦੁਆਰਾ ਗੋਲਡ ਮੈਡਲ ਅਤੇ ਸ਼੍ਰੋਮਣੀ ਰਾਗੀ ਐਵਾਰਡ ਮਿਲਿਆ। 2004 ’ਚ ਭਾਈ ਹੀਰਾ ਸਿੰਘ ਅਨੰਦ ਐਵਾਰਡ ਮਿਲਿਆ। 2006 ਵਿਚ ਤਖ਼ਤ ਸ੍ਰੀ ਦਮਦਮਾ ਸਾਹਿਬ ਦੁਆਰਾ ਸ਼੍ਰੋਮਣੀ ਐਵਾਰਡ ਪ੍ਰਾਪਤ ਹੋਇਆ।

2009 ਨੂੰ ਪਦਮ ਸ਼੍ਰੀ ਐਵਾਰਡ ਨਾਲ ਨਿਵਾਜਿਆ ਗਿਆ।


ਉਨ੍ਹਾਂ ਦਾ ਕਹਿਣਾ ਸੀ, ਮੈਂ ਜੋ ਕੁਝ ਵੀ ਹਾਂ, ਸਭ ਗੁਰੂ ਸ਼ਬਦ ਦੀ ਕਮਾਈ ਤੇ ਗੁਰਬਾਣੀ ਨੂੰ ਸਮਰਪਿਤ ਹੋਣ ਦੀ ਪ੍ਰਤੱਖ ਕਰਾਮਾਤ ਹੈ। ਮੰਡ ਖੇਤਰ ਤੋਂ ਚੱਲ ਕੇ ਰਾਸ਼ਟਰਪਤੀ ਭਵਨ, ਪ੍ਰਧਾਨ ਮੰਤਰੀ ਨਿਵਾਸ, ਕੈਨੇਡਾ ਦੀ ਪਾਰਲੀਮੈਂਟ ਤੱਕ ਦਾ ਸਫ਼ਰ ਉਸ ਗੁਰੂ ਦੀ ਮਿਹਰ ਸਦਕਾ ਹੋਇਆ।

ਸਾਲ 2020 ਵਿਚ ਭਾਈ ਨਿਰਮਲ ਸਿੰਘ ਮਹਾਂਮਾਰੀ ਕੋਵਿਡ-19 ਦੇ ਸ਼ਿਕਾਰ ਹੋ ਗਏ। 2 ਅਪ੍ਰੈਲ 2020 ਨੂੰ ਅੰਮ੍ਰਿਤਸਰ ਵਿਚ ਦਮ ਤੋੜ ਗਏ ਸਨ। ਦੋ-ਤਿੰਨ ਸਰਕਾਰੀ ਸਟਾਫ਼ ਦੇ ਮੈਂਬਰ ਇਨ੍ਹਾਂ ਨੂੰ ਐਂਬੂਲਸ ਰਾਹੀਂ ਸਸਕਾਰ ਕਰਨ ਲਈ ਦੁਰਗਿਆਨਾਂ ਮੰਦਰ ਦੀ ਸ਼ਮਸ਼ਾਨ ਘਾਟ ਵਿਚ ਲੈ ਗਏ ਪਰ ਉੱਥੇ ਮੰਦਰ ਦੀ ਕਮੇਟੀ ਨੇ ਇਨ੍ਹਾਂ ਦਾ ਸਸਕਾਰ ਨਾ ਹੋਣ ਦਿੱਤਾ। ਇਹ ਵੇਰਕਾ ਪਿੰਡ ਰਹਿੰਦੇ ਹੋਣ ਕਰਕੇ ਇਨ੍ਹਾਂ ਨੂੰ ਸਸਕਾਰ ਲਈ ਵੇਰਕਾ ਪਿੰਡ ਲੈ ਗਏ। ਪਰ ਉਸ ਵੇਲੇ ਬਹੁਤ ਦੁੱਖ ਹੋਇਆ, ਜਦ ਪਿੰਡ ਵੇਰਕਾ (ਅੰਮ੍ਰਿਤਸਰ) ਦੇ ਕੁਝ ਵਸਨੀਕਾਂ ਨੇ ਪਿੰਡ ਦੀ ਸ਼ਮਸ਼ਾਨ ਘਾਟ ਨੂੰ ਤਾਲਾ ਮਾਰ ਦਿੱਤਾ ਅਤੇ ਉਨ੍ਹਾਂ ਦੇ ਸਰੀਰ ਦਾ ਸਸਕਾਰ ਨਾ ਹੋਣ ਦਿੱਤਾ। ਫਿਰ ਪਿੰਡ ਵਾਲਿਆਂ ਸਿੱਖ ਜਗਤ ਦੇ ਰੋਸ ਨੂੰ ਮਹਿਸੂਸ ਕਰਦਿਆਂ ਪਿੰਡ ਦੀ ਸ਼ਾਮਲਾਟ ’ਚ ਉਨ੍ਹਾਂ ਦਾ ਸਸਕਾਰ ਕਰਨ ਦੀ ਆਗਿਆ ਦਿੱਤੀ। ਰਾਤ ਦੇ ਹਨੇਰੇ ਉਨ੍ਹਾਂ ਦੇ ਸਰੀਰ ਦਾ ਸਸਕਾਰ ਕੀਤਾ ਗਿਆ। ਕਰੋਨਾ ਵਾਇਰਸ ਦੇ ਭੈਅ ਕਾਰਨ ਕਰਫ਼ਿਊ ਲੱਗਿਆ ਹੋਣ ਕਰਕੇ ਕੋਈ ਸਿੱਖ ਉਨ੍ਹਾਂ ਦੇ ਅੰਤਿਮ ਦਰਸ਼ਨ ਨਾ ਕਰ ਸਕਿਆ। ਸਿਰਫ ਸਸਕਾਰ ਵੇਲੇ ਉਨ੍ਹਾਂ ਦਾ ਪੁੱਤਰ ਹੀ ਹਾਜ਼ਰ ਸੀ, ਉਸ ਨੇ ਚਿੱਖਾ ਨੂੰ ਅਗਨੀ ਵਿਖਾਈ।

ਕਈ ਦਿਨਾਂ ਬਾਅਦ ਉਨ੍ਹਾਂ ਦੇ ਫੁੱਲ ਚੁਗਣ ਦੀ ਰਸਮ ਨਿਭਾਈ ਗਈ। ਇੰਨੇ ਸਿੱਖ ਕੌਮ ਦੇ ਮਹਾਨ ਕੀਰਤਨੀਏ ਦੇ ਸਰੀਰ ਦੀ ਬੇਅਦਬੀ ਹੋਣੀ ਇਨਸਾਨੀਅਤ ਨੂੰ ਸ਼ਰਮਸਾਰ ਕਰਦੀ ਹੈ, ਨਾ ਉਨ੍ਹਾਂ ਨੂੰ ਕੋਈ ਅੰਤਿਮ ਵਦਾਇਗੀ ਦਿੱਤੀ ਗਈ ਅਤੇ ਨਾ ਉਨ੍ਹਾਂ ਦੀ ਕੋਈ ਸਮਾਜ ਨੇ ਇੱਕਠੇ ਹੋ ਕੇ ਸਮਾਜਿਕ ਰਸਮ ਕੀਤੀ। ਸ਼੍ਰੋਮਣੀ ਕਮੇਟੀ ਨੇ ਵੀ ਆਪਣਾ ਬਣਦਾ ਫਰਜ਼ ਪੂਰਾ ਨਾ ਕੀਤਾ। ਇਹ ਸਿੱਖ ਕੌਮ ਦੇ ਮਹਾਨ ਵਿਦਵਾਨ ਭਾਈ ਨਿਰਮਲ ਸਿੰਘ ਜੀ ਖ਼ਾਲਸਾ ਆਪਣੀ ਆਵਾਜ਼ ਕਰਕੇ ਸਾਡੇ ਵਿਚ ਸਦਾ ਹੀ ਜਿਊਂਦੇ ਰਹਿਣਗੇ ਅਤੇ ਉਨ੍ਹਾਂ ਦਾ ਰਸ ਭਿੰਨਾ ਕੀਰਤਨ ਸਾਡੇ ਕੰਨਾਂ ’ਚ ਰਸ ਘੋਲਦਾ ਰਹੇਗਾ।

-ਸਮਾਪਤ



# ਸਿੱਖੀ ਸਿਦਕ ਦਾ ਮੁਜੱਸਮਾ : ਜਥੇਦਾਰ ਗੁਰਚਰਨ ਸਿੰਘ ਟੌਹੜਾ

## ਬਰਸੀ 'ਤੇ ਵਿਸ਼ੇਸ਼






-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
(Punjab Mail USA)


ਜਥੇਦਾਰ ਗੁਰਚਰਨ ਸਿੰਘ ਟੌਹੜਾ ਨੂੰ ਇਸ ਫਾਨੀ ਸੰਸਾਰ ਤੋਂ ਅਲਵਿਦਾ ਲਿਆਂ 19 ਸਾਲ ਬੀਤ ਗਏ ਹਨ ਪ੍ਰੰਤੂ ਉਨ੍ਹਾਂ ਦੇ ਧਾਰਮਿਕ ਖੇਤਰ ਵਿਚ ਪਾਏ ਯੋਗਦਾਨ ਨੂੰ ਅੱਜ ਵੀ ਸਿੱਖ ਸੰਗਤ ਯਾਦ ਕਰ ਰਹੀ ਹੈ। ਭਾਵੇਂ ਉਹ ਸਿਆਸੀ ਵਿਅਕਤੀ ਸਨ ਪ੍ਰੰਤੂ ਉਨ੍ਹਾਂ ਸਿਆਸਤ ਨੂੰ ਆਪਣੀਆਂ ਧਾਰਮਿਕ ਸਰਗਰਮੀਆਂ ਉਪਰ ਭਾਰੂ ਨਹੀਂ ਪੈਣ ਦਿੱਤਾ। ਉਨ੍ਹਾਂ ਦੀ ਹਮੇਸ਼ਾ ਪਹਿਲ ਸਿੱਖ ਧਰਮ ਦੀ ਵਿਚਾਰਧਾਰਾ 'ਤੇ ਪਹਿਰਾ ਦੇਣ ਦੀ ਹੁੰਦੀ ਸੀ। ਟੌਹੜਾ ਪਿੰਡ ਦੇ ਲੋਕ ਸੱਥਾਂ ਵਿਚ ਬੈਠਕੇ ਵਰਤਮਾਨ ਸਿੱਖ ਨੇਤਾਵਾਂ ਦੀਆਂ ਸਿੱਖ ਧਰਮ ਦੀ ਸਰਵਉੱਚਤਾ ਕਾਇਮ ਰੱਖਣ ਲਈ ਕੀਤੀਆਂ ਜਾ ਰਹੀਆਂ ਕਾਰਵਾਈਆਂ 'ਤੇ ਕਿੰਤੂ-ਪ੍ਰੰਤੂ ਕਰਦੇ ਹੋਏ ਜਥੇਦਾਰ ਟੌਹੜਾ ਦੇ ਕਦਾਵਰ ਵਿਅਕਤੀਤਵ 'ਤੇ ਮਾਣ ਨਾਲ ਫ਼ਖ਼ਰ ਮਹਿਸੂਸ ਕਰਦੇ ਹਨ। ਜਥੇਦਾਰ ਟੌਹੜਾ ਤੋਂ ਬਿਨਾਂ ਟੌਹੜਾ ਪਿੰਡ ਉਦਾਸ ਵਿਖਾਈ ਦਿੰਦਾ ਹੈ, ਜਿਥੇ ਸੂਰਜ ਦੀ ਟਿੱਕੀ ਨਿਕਲਣ ਤੋਂ ਪਹਿਲਾਂ ਹੀ ਰੌਣਕਾਂ ਲੱਗ ਜਾਂਦੀਆਂ ਸਨ, ਅੱਜ ਟੌਹੜਾ ਪਿੰਡ ਦੀਆਂ ਗਲੀਆਂ ਸੁੰਨਸਾਨ ਪਈਆਂ ਹਨ। ਅੱਜ ਜਦੋਂ ਸਿੱਖ ਜਗਤ ਦੁਬਿਧਾ ਵਿਚ ਪਿਆ ਹੋਇਆ ਹੈ, ਤਾਂ ਗੁਰਚਰਨ ਸਿੰਘ ਟੌਹੜਾ ਵਰਗੇ ਸਿਦਕਵਾਨ ਸਿੱਖ ਨੇਤਾ ਦੀ ਲੋੜ ਮਹਿਸੂਸ ਹੋ ਰਹੀ ਹੈ। ਸਿੱਖ ਨੌਜਵਾਨ ਸਿੱਖ ਸਿਧਾਂਤਾਂ ਤੋਂ ਕਿਨਾਰਾ ਕਰੀ ਜਾ ਰਹੇ ਹਨ। ਉਨ੍ਹਾਂ 'ਤੇ ਪਤਿਤਪੁਣਾ ਭਾਰੂ ਹੈ ਅਤੇ ਸਿੱਖੀ ਸੋਚ ਦੀ ਵਿਚਾਰਧਾਰਾ 'ਤੇ ਅਮਲ ਬਾਰੇ ਭੰਬਲਭੂਸੇ ਵਿਚ ਪਏ ਹੋਏ ਹਨ। ਅਜਿਹੇ ਨਾਜ਼ੁਕ ਸਮੇਂ ਵਿਚ ਉਨ੍ਹਾਂ ਨੂੰ ਯੋਗ ਅਗਵਾਈ ਦੇਣ ਵਾਲਾ ਕਦਾਵਰ ਧਾਰਮਿਕ ਨੇਤਾ ਨਹੀਂ ਹੈ। ਗੰਭੀਰ ਸੰਕਟ ਦੇ ਸਮੇਂ ਸਿੱਖੀ ਸਿਦਕ ਦੇ ਮੁੱਦਈ ਗੁਰਮਤਿ ਦੇ ਧਾਰਨੀ ਧਾਰਮਿਕ ਵਿਦਵਾਨ ਬੁੱਧੀਜੀਵੀਆਂ ਨੂੰ ਯੋਗ ਅਗਵਾਈ ਲਈ ਮੋਹਰੀ ਦੀ ਭੂਮਿਕਾ ਨਿਭਾਉਣੀ ਚਾਹੀਦੀ ਹੈ। ਗੁਰਚਰਨ ਸਿੰਘ ਟੌਹੜਾ 18 ਸਾਲ ਸਿੱਖੀ ਅਤੇ ਸਿੱਖ ਵਿਚਾਰਧਾਰਾ ਦੇ ਪ੍ਰਚਾਰਕ ਦੇ ਤੌਰ 'ਤੇ ਵਿਚਰਦੇ ਰਹੇ। ਉਹ ਸਾਰੀ ਉਮਰ ਸਿੱਖ ਵਿਚਾਰਧਾਰਾ ਨੂੰ ਸਮਰਪਿਤ ਰਹੇ। ਉਨ੍ਹਾਂ ਨੇ ਭਾਵੇਂ ਬਹੁਤੀ ਅਕਾਦਮਿਕ ਵਿਦਿਆ ਪ੍ਰਾਪਤ ਨਹੀਂ ਕੀਤੀ ਪ੍ਰੰਤੂ ਪੰਜਾਬ ਯੂਨੀਵਰਸਿਟੀ ਲਾਹੌਰ ਤੋਂ ਗਿਆਨੀ ਦੀ ਪ੍ਰੀਖਿਆ ਪਾਸ ਕਰ ਲਈ ਅਤੇ ਥੋੜ੍ਹਾ ਸਮਾਂ ਸੰਸਕ੍ਰਿਤ ਵਿਦਿਆਲਿਆ ਪਟਿਆਲਾ ਵਿਚ ਪੜ੍ਹਾਈ ਕੀਤੀ। ਉਨ੍ਹਾਂ ਨੇ 14 ਸਾਲ ਦੀ ਉਮਰ ਵਿਚ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਲ ਹੋ ਕੇ ਆਪਣਾ ਧਾਰਮਿਕ ਅਤੇ ਸਿਆਸੀ ਜੀਵਨ ਸ਼ੁਰੂ ਕਰ ਲਿਆ ਸੀ। ਉਨ੍ਹਾਂ ਨੇ ਅਕਾਲੀ ਮੋਰਚੇ ਵਿਚ 1944 ਵਿਚ ਹਿੱਸਾ ਲਿਆ ਅਤੇ ਜੇਲ੍ਹ ਯਾਤਰਾ ਵੀ ਕੀਤੀ। ਇਸ ਤੋ ਬਾਅਦ ਉਨ੍ਹਾਂ ਨੇ ਹਰ ਅਕਾਲੀ ਮੋਰਚੇ ਵਿਚ ਸਰਗਰਮੀ ਨਾਲ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ ਅਤੇ ਅਨੇਕਾਂ ਵਾਰ ਜੇਲ੍ਹ ਕੱਟੀ। 1960 ਵਿਚ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਚੁਣੇ ਗਏ ਅਤੇ ਲਗਾਤਾਰ ਉਸ ਤੋਂ ਬਾਅਦ ਆਪਣੀ ਮੌਤ 1 ਅਪ੍ਰੈਲ, 2004 ਤੱਕ ਇਸਦੇ ਮੈਂਬਰ ਰਹੇ। ਉਹ 6 ਜਨਵਰੀ 1973 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਚੁਣੇ ਗਏ ਅਤੇ 28 ਸਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਰਹੇ, ਇਸ ਸਮੇਂ ਦੌਰਾਨ ਉਨ੍ਹਾਂ ਨੇ ਸਿੱਖੀ ਸੋਚ, ਪ੍ਰੰਪਰਾਵਾਂ ਅਤੇ ਵਿਚਾਰਧਾਰਾ ਨਾਲ ਨੌਜਵਾਨ ਪੀੜ੍ਹੀ ਨੂੰ ਜੋੜਨ ਲਈ ਅਣਥੱਕ ਕੋਸ਼ਿਸ਼ਾਂ ਕੀਤੀਆਂ। ਕੁਝ ਹੱਦ ਤੱਕ ਉਹ ਸਫਲ ਵੀ ਹੋਏ। ਉਹ ਹਮੇਸ਼ਾ ਇਹ ਕਹਿੰਦੇ ਸਨ ਕਿ ਭਾਵੇਂ ਤੁਸੀਂ ਕਿਸੇ ਵੀ ਧਰਮ ਦੇ ਮੁੱਦਈ ਹੋਵੋ ਪ੍ਰੰਤੂ ਆਪੋ-ਆਪਣੇ ਧਰਮ ਵਿਚ ਪ੍ਰਪੱਕ ਹੋਣੇ ਚਾਹੀਦੇ ਹੋ। ਉਹ 1 ਅਪ੍ਰੈਲ, 2004 ਨੂੰ ਸਾਡੇ ਤੋਂ ਵਿਦਾ ਹੋ ਗਏ ਸਨ। ਉਨ੍ਹਾਂ ਦੀ ਧਾਰਮਿਕ ਅਕੀਦਤ ਅਤੇ ਸਮਰਪਣ ਭਾਵਨਾ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਉਨ੍ਹਾਂ ਨੂੰ ਦਿਲ ਦਾ ਦੌਰਾ ਵੀ ਉਸ ਸਮੇਂ ਪਿਆ, ਜਦੋਂ ਉਹ ਸ੍ਰੀ ਹਰਿਮੰਦਰ ਸਾਹਿਬ ਦੇ ਸਰੋਵਰ ਦੀ ਕਾਰ ਸੇਵਾ ਵਿਚ ਹਿੱਸਾ ਲੈ ਰਹੇ ਸਨ। ਅਜੇ ਉਨ੍ਹਾਂ ਨੂੰ ਇਸ ਫ਼ਾਨੀ ਸੰਸਾਰ ਤੋਂ ਅਲਵਿਦਾ ਹੋਇਆਂ 19 ਸਾਲ ਹੀ ਹੋਏ ਹਨ ਪ੍ਰੰਤੂ ਸਿੱਖ ਧਰਮ ਵਿਚ ਨਿਘਾਰ ਬਹੁਤ ਜ਼ਿਆਦਾ ਆ ਗਿਆ ਹੈ। ਇਸ ਸਮੇਂ ਸਿੱਖ ਜਗਤ ਘੋਰ ਸੰਕਟ ਵਿਚ ਹੈ। ਜਥੇਦਾਰ ਗੁਰਚਰਨ ਸਿੰਘ ਟੌਹੜਾ ਵਰਗਾ ਵਿਅਕਤੀ ਹੀ, ਉਸ ਨੂੰ ਸੁਚੱਜੀ ਅਗਵਾਈ ਦੇ ਕੇ ਸਹੀ ਰਸਤੇ 'ਤੇ ਲਿਆ ਸਕਦਾ ਹੈ। 80ਵਿਆਂ ਵਿਚ ਸਿੱਖ ਨੌਜਵਾਨਾਂ ਨੇ ਇਕ ਲਹਿਰ ਚਲਾਈ ਸੀ, ਜਿਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਘਰਾਂ ਤੋਂ ਬਾਹਰ ਪ੍ਰਕਾਸ਼ ਕਰਨ 'ਤੇ ਪਾਬੰਦੀ ਲਾਈ ਸੀ। ਵਿਆਹਾਂ ਸਮੇਂ ਆਨੰਦ ਕਾਰਜ ਵੀ ਸਿਰਫ ਗੁਰੂ ਘਰਾਂ ਵਿਚ ਕਰਨ ਲਈ ਕਿਹਾ ਸੀ, ਜਿਸ 'ਤੇ ਪੂਰਾ ਅਮਲ ਹੁੰਦਾ ਰਿਹਾ ਪ੍ਰੰਤੂ ਅੱਜ ਕੀ ਹੋ ਰਿਹਾ ਹੈ, ਇਹ ਤੁਹਾਡੇ ਸਾਹਮਣੇ ਹਨ। ਸਿੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਥਾਂ ਕੁ ਥਾਂ ਲਈ ਫਿਰਦੇ ਹਨ। ਮਰਿਆਦਾ 'ਤੇ ਪੂਰਾ ਅਮਲ ਨਹੀਂ ਹੋ ਰਿਹਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਿਛਲੇ 19 ਸਾਲਾਂ ਤੋਂ ਆਪਣੀ ਜ਼ਿੰਮੇਵਾਰੀ ਨਿਭਾਉਣ ਵਿਚ ਅਸਫਲ ਰਹੀ ਹੈ। ਨੌਜਵਾਨਾਂ ਨੂੰ ਸਹੀ ਦਿਸ਼ਾ ਨਿਰਦੇਸ਼ ਨਹੀਂ ਮਿਲ ਰਹੇ। ਨੌਜਵਾਨ ਪਤਿਤ ਹੋ ਰਹੇ ਹਨ। ਇਸ ਵਜ੍ਹਾ ਕਰਕੇ ਹੀ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਯਾਦ ਆ ਰਹੀ ਹੈ। ਸਿੱਖ ਜਗਤ ਲਈ ਹਾਲਾਤ ਸਾਜਗਾਰ ਨਹੀਂ ਹਨ।

ਜਥੇਦਾਰ ਗੁਰਚਰਨ ਸਿੰਘ ਹਰ ਕਦਮ ਸਮੇਂ ਦੀ ਨਜ਼ਾਕਤ ਅਨੁਸਾਰ ਚੁੱਕਦੇ ਸਨ। ਇਕ ਉਦਾਹਰਣ ਦੇਵਾਂਗਾ, ਮੈਨੂੰ ਚੰਗੀ ਤਰ੍ਹਾਂ ਯਾਦ ਹੈ ਕਿ ਜਦੋਂ ਜਥੇਦਾਰ ਗੁਰਚਰਨ ਸਿੰਘ ਟੌਹੜਾ ਉਪਰ ਪ੍ਰੇਮ ਸਿੰਘ ਚੰਦੂਮਾਜਰਾ ਦੀ ਪਟਿਆਲਾ ਲੋਕ ਸਭਾ ਦੀ ਚੋਣ ਸਮੇਂ ਨਿਰੰਕਾਰੀ ਭਵਨ ਵਿਚ ਜਾਣ 'ਤੇ ਵਾਵਰੋਲਾ ਉਠਿਆ ਸੀ, ਉਸ ਸਮੇਂ ਉਨ੍ਹਾਂ ਬੇਬਾਕੀ ਨਾਲ ਕਿਹਾ ਸੀ ਕਿ ਪੰਜਾਬ ਵਿਚ ਸਦਭਾਵਨਾ ਦਾ ਮਾਹੌਲ ਪੈਦਾ ਕਰਨ ਅਤੇ ਸ਼ਾਂਤੀ ਸਥਾਪਤ ਕਰਨ ਲਈ ਅਜਿਹੇ ਕਦਮ ਚੁਕਣੇ ਪੈਂਦੇ ਹਨ। ਉਹ ਹਿੰਦੂ ਸਿੱਖਾਂ ਵਿਚੋਂ ਕੁੜੱਤਣ ਖ਼ਤਮ ਕਰਨ ਦੇ ਹੱਕ ਵਿਚ ਸਨ। ਉਸ ਸਮੇਂ ਉਨ੍ਹਾਂ ਦੇ ਜਵਾਈ ਹਰਮੇਲ ਸਿੰਘ ਟੌਹੜਾ ਪੰਜਾਬ ਦੇ ਲੋਕ ਨਿਰਮਾਣ ਮੰਤਰੀ ਸਨ। ਉਨ੍ਹਾਂ ਨੇ ਪਟਿਆਲਾ-ਅਮਲੋਹ ਸੜਕ 'ਤੇ ਨਹਿਰ ਦੇ ਪੁਲ ਦਾ ਨੀਂਹ ਪੱਥਰ ਟੌਹੜਾ ਸਾਹਿਬ ਤੋਂ ਰਖਵਾਇਆ ਸੀ। ਉਦੋਂ ਮੈਂ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ ਪਟਿਆਲਾ ਸੀ। ਮੇਰੇ ਨਾਲ ਕੁਝ ਪੱਤਰਕਾਰ ਟੌਹੜਾ ਸਾਹਿਬ ਨੂੰ ਮਿਲਣ ਲਈ ਸਮਾਗਮ 'ਤੇ ਗਏ ਸਨ। ਟੌਹੜਾ ਸਾਹਿਬ ਨੇ ਕਿਹਾ ਕਿ ਤੁਸੀਂ ਸਰਕਟ ਹਾਊਸ ਚਲੋ, ਮੈਂ ਉਥੇ ਹੀ ਪੱਤਰਕਾਰਾਂ ਨਾਲ ਗੱਲ ਕਰਾਂਗਾ। ਉਨ੍ਹਾਂ ਸਰਕਟ ਹਾਊਸ ਵਿਚ ਪੱਤਰਕਾਰਾਂ ਨਾਲ ਗੱਲ ਕਰਦਿਆਂ ਆਫ਼ ਦਾ ਰਿਕਾਰਡ ਨਿਰੰਕਾਰੀ ਭਵਨ ਜਾਣ ਬਾਰੇ ਸਾਰੀ ਗੱਲ ਦੱਸ ਦਿੱਤੀ ਸੀ, ਜਿਸ ਵਿਚ ਉਨ੍ਹਾਂ ਕਿਹਾ ਸੀ ਕਿ ਪੰਜਾਬ ਵਿਚ ਸ਼ਾਂਤੀ ਸਥਾਪਤ ਕਰਨ ਲਈ ਮੈਂ ਹਰ ਕੁਰਬਾਨੀ ਕਰਨ ਲਈ ਤਿਆਰ ਹਾਂ। ਅਜਿਹੇ ਸਨ ਜਥੇਦਾਰ ਗੁਰਚਰਨ ਸਿੰਘ ਟੌਹੜਾ। ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਲੀਡਰਸ਼ਿਪ ਦੀਆਂ ਗ਼ਲਤੀਆਂ ਕਰਕੇ ਸਿੱਖ ਜਗਤ ਅਤੇ ਖਾਸ ਕਰਕੇ ਸਿੱਖ ਨੌਜਵਾਨ ਦਿਸ਼ਾਹੀਣ ਹੋਏ ਪਏ ਹਨ। ਸਿੱਖ ਬੁੱਧੀਜੀਵੀਆਂ ਨੂੰ ਆਪਸੀ ਖ਼ਹਿਬਾਜ਼ੀ ਛੱਡ ਕੇ ਸਿੱਖ ਧਰਮ ਦੀ ਬਿਹਤਰੀ ਲਈ ਇੱਕਮਤ ਹੋ ਕੇ ਸਿੱਖ ਜਗਤ ਨੂੰ ਸਹੀ ਅਗਵਾਈ ਦੇਣ ਲਈ ਅੱਗੇ ਆਉਣਾ ਚਾਹੀਦਾ ਹੈ। ਸਿੱਖ ਜਗਤ ਨੂੰ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਸੋਚ ਅਤੇ ਵਿਚਾਰਧਾਰਾ 'ਤੇ ਪਹਿਰਾ ਦੇਣ ਦਾ ਪ੍ਰਣ ਕਰਨਾ ਚਾਹੀਦਾ ਹੈ। ਸਿੱਖ ਲੀਡਰਸ਼ਿਪ ਨੂੰ ਅੱਜ ਟੌਹੜਾ ਸਾਹਿਬ ਦੀ ਬਰਸੀ 'ਤੇ ਫ਼ੈਸਲਾ ਕਰਨਾ ਚਾਹੀਦਾ ਹੈ ਕਿ ਉਹ ਸਿੱਖ ਧਰਮ ਦੀ ਪ੍ਰਫੁਲਤਾ ਲਈ ਆਪਸੀ ਮਤਭੇਦ ਭੁਲਾ ਕੇ ਏਕਤਾ ਦਾ ਸਬੂਤ ਦੇਣਗੇ। ਜੇਕਰ ਸਿੱਖ ਨੇਤਾ ਏਸੇ ਤਰ੍ਹਾਂ ਅੱਡੋਫਾਟੀ ਹੋਏ ਰਹੇ, ਤਾਂ ਸਿੱਖ ਧਰਮ ਦਾ ਨੁਕਸਾਨ ਹੋਵੇਗਾ। ਆਪਸੀ ਟਕਰਾਓ ਨਾਲ ਸਿੱਖ ਜਗਤ ਦਾ ਨੁਕਸਾਨ ਹੋ ਰਿਹਾ ਹੈ। ਏਕਤਾ ਦਾ ਸਬੂਤ ਦੇਣਾ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।


ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ





e-Baba Entertainment App ਨੂੰ Download ਕਰੋ।

ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।





ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

## ‘ਜੋ ਦਿਖਾ, ਸੋ ਲਿਖਾ’

# ਸਿੱਧੂ ਦੀ ਐਂਟਰੀ ਨਾਲ ਪੰਜਾਬ ਦੀ ਰਾਜਨੀਤੀ ਵਿਚ ਉਬਾਲ

## ਸਮੱਰਥਕਾਂ ਵਿਚ ਜੋਸ਼, ਲੀਡਰਾਂ ਨੇ ਬਣਾਈ ਦੂਰੀ

**ਦਰਸ਼ਨ ਸਿੰਘ ਸ਼ੰਕਰ**
ਜ਼ਿਲ੍ਹਾ ਲੋਕ ਸੰਪਰਕ ਅਫਸਰ (ਰਿਟਾ.)
ਫੋਨ: 99158-36543
(Punjab Mail USA)



ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ‘ਰੋਡ ਰੇਜ’ ਮਾਮਲੇ ਵਿਚ 10 ਮਹੀਨੇ ਦੀ ਜੇਲ੍ਹ ਕੱਟਣ ਤੋਂ ਬਾਅਦ 1 ਅਪ੍ਰੈਲ ਨੂੰ ਰਿਹਾਅ ਹੋਏ ਨੇ। ਪਟਿਆਲਾ ਜੇਲ੍ਹ ਤੋਂ ਬਾਹਰ ਆਉਣ ਤੇ ਸਿੱਧੂ ਦਾ ਸਮੱਰਥਕਾਂ ਨੇ ਢੋਲ ਢਮੱਕੇ ਨਾਲ ਸੁਆਗਤ ਕੀਤਾ। ਸਿੱਧੂ 34 ਸਾਲ ਪੁਰਾਣੇ ‘ਰੋਡ ਰੇਜ’ ਦੇ ਕੇਸ ਵਿਚ ਮਾਨਯੋਗ ਸੁਪਰੀਮ ਕੋਰਟ ਵਲੋਂ ਸੁਣਾਈ ਇੱਕ ਸਾਲ ਦੀ ਸਜ਼ਾ ਕੱਟ ਕੇ ਪਟਿਆਲਾ ਜੇਲ੍ਹ ਤੋਂ ਬਾਹਰ ਆਏ ਨੇ। ਸਿੱਧੂ ਦੇ ਜੇਲ ’ਚੋਂ ਛੁੱਟਣ ’ਤੇ ਸੂਬੇ ਦੀ ਰਾਜਨੀਤੀ ਪੂਰੀ ਤਰ੍ਹਾਂ ਗਰਮਾ ਗਈ ਹੈ। ਅਕਸਰ ਸਜ਼ਾ ਕੱਟਣ ਪਿੱਛੋਂ ਵਿਅਕਤੀ ਦਾ ਮਿਜਾਜ਼ ਠੰਡਾ ਹੁੰਦੈ। ਪਰ ਬਾਹਰ ਆਉਂਦੇ ਹੀ ਸਿੱਧੂ ਦੇ ਤੇਵਰ ਪਹਿਲਾਂ ਦੀ ਤਰ੍ਹਾਂ ਆਕਰਮਕ ਨਜ਼ਰ ਆਏ। ਉਨ੍ਹਾਂ ਨੇ ਆਪਣੇ ਤੇਜ਼ਤਰਾਰ ਅੰਦਾਜ਼ ਵਿਚ ਆਪਣੀ ਰਾਜਨੀਤਿਕ ਦਿਸ਼ਾ ਦਾ ਸੰਕੇਤ ਦੇ ਦਿੱਤਾ। ਪਹਿਲੇ ਬਿਆਨ ਤੋਂ ਸਪੱਸ਼ਟ ਹੈ ਕਿ ਨਵੀਂ ਪਾਰਟੀ ਦੀ ਬਜਾਏ ਕਾਂਗਰਸ ਵਿਚ ਹੀ ਭਵਿੱਖ ਤਲਾਸ਼ਣਗੇ। ਉਨ੍ਹਾਂ ਦੀ ਰਿਹਾਈ ’ਤੇ ਪ੍ਰਮੁੱਖ ਕਾਂਗਰਸ ਨੇਤਾਵਾਂ ਨੇ ਫਿਲਹਾਲ ਚੁੱਪ ਰਹਿਣਾ ਹੀ ਬਿਹਤਰ ਸਮਝਿਐ। ਉਂਝ ਸੂਬਾ ਪ੍ਰਧਾਨ ਅਮਰਿੰਦਰ ਰਾਜਾ ਵੜਿੰਗ ਅਤੇ ਰਾਜਿੰਦਰ ਕੌਰ ਭੱਠਲ ਨੇ ਰਿਹਾਈ ’ਤੇ ਖੁਸ਼ੀ ਜ਼ਾਹਿਰ ਕੀਤੀ ਹੈ। ਸਿੱਧੂ ਨੇ ਰਾਹੁਲ ਗਾਂਧੀ ਦੇ ਕਸੀਦੇ ਕੱਢਦੇ ਉਸ ਨੂੰ ਭਵਿੱਖ ਦੀ ਕ੍ਰਾਂਤੀ ਦੱਸਿਆ ਅਤੇ ਕਿਹਾ ਕਿ ਉਹ ਲੋਕਤੰਤਰ ਅਤੇ ਸੰਵਿਧਾਨਿਕ ਸੰਸਥਾਵਾਂ ਦੀ ਆਜ਼ਾਦੀ ਲਈ ਲੜ ਰਿਹੈ। ਬੀ.ਜੇ.ਪੀ. ਸਰਕਾਰ ਦੀਆਂ ਨੀਤੀਆਂ ਨੂੰ ਦਮਨਕਾਰੀ ਦੱਸਕੇ ਤਿੱਖੇ ਹਮਲੇ ਕੀਤੇ। ਤੰਜ ਕੱਸਿਆ ਕਿ ਬੀ.ਜੇ.ਪੀ. ਰਾਜ ਵਿਚ ਇਨਸਾਫ਼ ਦੀ ਆਸ ਖਤਮ ਹੋ ਚੁੱਕੀ ਹੈ ਅਤੇ ਲੋਕਾਂ ਦੀ ਤਾਕਤ ਲੋਕਾਂ ਕੋਲ ਨਹੀਂ ਰਹੀ। ਉਨ੍ਹਾਂ ਕਿਹਾ ਕਿ ਜੇ ਪੰਜਾਬ ਨੂੰ ਕਮਜ਼ੋਰ ਕਰੋਗੇ, ਤਾਂ ਦੇਸ਼ ਕਮਜ਼ੋਰ ਹੋਵੇਗਾ। ਸਿੱਧੂ ਨੇ ਸਪੱਸ਼ਟ ਕੀਤਾ ਕਿ ਪੰਜਾਬ ਹੀ ਉਸ ਦੀ ਅਸਲ ਕਰਮ ਭੂਮੀ ਰਹੇਗਾ ਅਤੇ ਇਸ ਨੂੰ ਦਲਦਲ ਵਿਚੋਂ ਕੱਢਣਾ ਉਸ ਦਾ ਮਿਸ਼ਨ ਹੈ। ਸਿੱਧੂ ਨੇ ਦੂਜੇ ਹੀ ਦਿਨ ਉਘੇ ਗਾਇਕ ਸਿੱਧੂ ਮੂਸੇਵਾਲੇ ਦੇ ਪਿੰਡ ਪੁੱਜ ਕੇ ਉਸ ਦੇ ਮਾਤਾ-ਪਿਤਾ ਨਾਲ ਅਫਸੋਸ ਪ੍ਰਗਟਾਇਆ। ਦੂਜੇ ਹੀ ਦਿਨ ਸਿੱਧੂ ਮੂਸੇਵਾਲਾ ਦੇ ਮਾਤਾ-ਪਿਤਾ ਨਾਲ ਪਿੰਡ ਮੂਸੇਵਾਲਾ ਪੁੱਜ ਕੇ ਅਫਸੋਸ ਪ੍ਰਕਟ ਕਰਕੇ ਸਰਗਰਮੀ ਸ਼ੁਰੂ ਕਰ ਦਿੱਤੀ। ਉਨ੍ਹਾਂ ਕਿਹਾ ਕਿ ਪਿੱਛੋਂ ਸਾਲ ਲੰਘਣ ਦੇ ਬਾਵਜੂਦ ਪਰਿਵਾਰ ਇੰਨਸਾਫ ਲਈ ਭਟਕ ਰਿਹੈ। ਪੰਜਾਬ ਦੇ ਵਿਗੜੇ ਹਾਲਾਤਾਂ ਲਈ ਸੂਬਾ ਸਰਕਾਰ ’ਤੇ ਵੀ ਸਿੱਧੇ ਸਵਾਲ ਉਠਾਉਂਦੇ ਕਿਹਾ ਕਿ ਸਰਕਾਰ ਹਰ ਮੁਹਾਜ ’ਤੇ ਫੇਲ ਹੈ। ਮੁੱਖ ਮੰਤਰੀ ’ਤੇ ਤਿੱਖੇ ਹਮਲੇ ਕਰਦੇ ਫੋਕੇ ਵਾਅਦਿਆਂ ਰਾਹੀਂ ਲੋਕਾਂ ਨਾਲ ਧੋਖਾ ਕਰਨ ਦਾ ਦੋਸ਼ ਲਗਾਇਆ। ਵਿਗੜੀ ਕਾਨੂੰਨ ਵਿਵਸਥਾ ਲਈ ਕੇਂਦਰ ਅਤੇ ਸੂਬਾ ਸਰਕਾਰ ਨੂੰ ਬਰਾਬਰ ਦੀ ਜ਼ਿੰਮੇਵਾਰ ਦੱਸਿਆ। ਪਤਨੀ ਦੇ ਕੈਂਸਰ ਨਾਲ ਪੀੜਤ ਹੋਣ ਦਾ ਦਰਦ ਵੀ ਚੇਹਰੇ ’ਤੇ ਝਲਕਦਾ ਦਿਖਾਈ ਦਿੱਤਾ।





### ਕਾਂਗਰਸ ਵਿਚ ਭੂਮਿਕਾ

ਜਿਥੇ ਉਸ ਦੇ ਹਮਾਇਤੀ ਕਾਫੀ ਉਤਸ਼ਾਹਿਤ ਦਿਸਦੇ ਨੇ, ਉਥੇ ਪਾਰਟੀ ਦੇ ਵੱਡੇ ਲੀਡਰਾਂ ਵਿਚ ਚਿੰਤਾ ਉਭਰਦੀ ਦਿੱਸਦੀ ਹੈ। ਉਹ ਹਮੇਸ਼ਾਂ ਭ੍ਰਿਸ਼ਟ ਰਾਜਨੀਤੀ ਨੂੰ ਬਦਲ ਕੇ ਪੰਜਾਬ ਨੂੰ ਵਿੱਤੀ ਸੰਕਟ ਵਿਚੋਂ ਉਭਾਰਨ ਦੀ ਗੱਲ ਕਰਦੇ ਰਹੇ ਨੇ ਅਤੇ ਆਪਣਾ ਵਿਜਨ ਪੇਸ਼ ਕਰ ਚੁੱਕੇ ਨੇ। ਰਾਹੁਲ ਗਾਂਧੀ ਅਤੇ ਪ੍ਰਿਯੰਕਾ ਗਾਂਧੀ ਨਾਲ ਨੇੜਤਾ ਹੋਣ ਕਾਰਨ ਪਾਰਟੀ ਵਿਚ ਵੱਡੀ ਜ਼ਿੰਮੇਵਾਰੀ ਮਿਲਣੀ ਤੈਅ ਸਮਝੀ ਜਾ ਰਹੀ ਹੈ। ਇਸ ਸਮੇਂ ਸੂਬੇ ਵਿਚ ਕਾਂਗਰਸ ਕਈ ਧੜਿਆਂ ਵਿਚ ਵੰਡੀ ਹੋਈ ਹੈ। ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ, ਮੌਜੂਦਾ ਪ੍ਰਧਾਨ ਰਾਜਾ ਵੜਿੰਗ, ਸਾਬਕਾ ਉੱਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ, ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਗਲੇ ਮੁੱਖ ਮੰਤਰੀ ਬਣਨ ਦੇ ਸੁਪਨੇ ਲੈ ਰਹੇ ਨੇ। ਇਸੇ ਕਾਰਨ ਇਹ ਸਾਰੇ ਨੇਤਾ ਸਿੱਧੇ ਜਾਂ ਅਸਿੱਧੇ ਨਵਜੋਤ ਸਿੱਧੂ ਦੇ ਵਿਰੋਧ ਵਿਚ ਇਕੱਠੇ ਦਿੱਖਦੇ ਨੇ। ਸਿੱਧੂ ਦੇ ਉਭਾਰ ਵਿਚ ਇਹ ਆਗੂ ਆਪਣੀ ਰਾਜਨੀਤੀ ਦਾ ਅੰਤ ਮੰਨ ਕੇ ਚਲਦੇ ਨੇ ਅਤੇ ਕਿਸੇ ਵੀ ਹਾਲਤ ਵਿਚ ਇਹ ਸਿੱਧੂ ਦੀ ਅਗਵਾਈ ਲਈ ਰਾਜ਼ੀ ਹੁੰਦੇ ਨਹੀਂ ਜਾਪਦੇ। ਉਂਝ ਰਾਜਨੀਤੀ ਵਿਚ ਕੁੱਝ ਵੀ ਵਾਪਰਨ ਦੀ ਗੁੰਜਾਇਸ਼ ਬਣੀ ਰਹਿੰਦੀ ਹੈ। ਫਿਲਹਾਲ ਪੰਜਾਬ ਵਿਚ ਕਾਂਗਰਸ ਦੇ ਮੁੜ ਉਭਾਰ ਦੀ ਉਮੀਦ ਘੱਟ ਹੀ ਦਿੱਸਦੀ ਹੈ। ਸਿੱਧੂ ਭ੍ਰਿਸ਼ਟਾਚਾਰ ਵਿਰੁੱਧ ਬੇਬਾਕ ਬੋਲਦੇ ਰਹੇ ਨੇ। ਇਸੇ ਕਾਰਨ ਪਾਰਟੀ ਵਿਚ ਉਨ੍ਹਾਂ ਦੇ ਦੋਸਤ ਘੱਟ ਅਤੇ ਦੁਸ਼ਮਣ ਵਧੇਰੇ ਪੈਦਾ ਹੋ ਚੁੱਕੇ ਨੇ। ਇਸ ਸਮੇਂ ਪੰਜਾਬ ਵਿਚ ਜਲੰਧਰ ਲੋਕ ਸਭਾ ਹਲਕੇ ਦੀ ਚੋਣ ਪ੍ਰੀਕ੍ਰਿਆ ਸ਼ੁਰੂ ਹੋ ਚੁੱਕੀ ਹੈ। ਇਹ ਸੀਟ ਕਾਂਗਰਸ ਦੀ ਵਕਾਰੀ ਸੀਟ ਹੈ, ਬਹੁਤੀ ਵਾਰ ਇਥੋਂ ਕਾਂਗਰਸੀ ਉਮੀਦਵਾਰ ਹੀ ਜਿੱਤੇ ਨੇ। ਚੋਣ ਪ੍ਰਚਾਰ ਲਈ ਪਾਰਟੀ ਆਗੂਆਂ ਦੀਆਂ ਡਿਊਟੀਆਂ ਲੱਗ ਚੁੱਕੀਆਂ ਨੇ। ਪਰ ਨਾਲ ਹੀ ਕਰਨਾਟਕਾ ਸੂਬੇ ਦੀਆਂ ਵਿਧਾਨ ਸਭਾ ਚੋਣਾਂ ਲਈ ਵੀ ਪ੍ਰਚਾਰ ਸ਼ੁਰੂ ਹੈ, ਜੋ ਪਾਰਟੀ ਲਈ ਬਹੁਤ ਅਹਿਮ ਹੈ। ਜਾਪਦੈ, ਇਸ ਸਮੇਂ ਜਲੰਧਰ ਸੀਟ ’ਤੇ ਚੋਣ ਪ੍ਰਚਾਰ ਵਿਚ ਸਿੱਧੂ ਦਾ ਖਾਸ ਰੋਲ ਨਹੀਂ ਰਹੇਗਾ। ਪਾਰਟੀ ਸਿੱਧੂ ਨੂੰ ਕਰਨਾਟਕਾ ਚੋਣ ਪ੍ਰਚਾਰ ਲਈ ਹੀ ਵਰਤੇਗੀ। ਹਾਲਾਤਾਂ ਅਨੁਸਾਰ ਵਕਤੀ ਤੌਰ ’ਤੇ ਸਿੱਧੂ ਕੌਮੀ ਰਾਜਨੀਤੀ ਵਿਚ ਸਰਗਰਮ ਭੂਮਿਕਾ ਨਿਭਾਉਂਦੇ ਨਜ਼ਰ ਆ ਸਕਦੇ ਨੇ। ਸਿੱਧੂ ਕੌਮੀ ਪੱਧਰ ’ਤੇ ਚੰਗਾ ਅਕਸ ਰੱਖਦੇ ਨੇ, ਉਹ 2024 ਲੋਕ ਸਭਾ ਚੋਣਾਂ ਵਿਚ ਸਾਰੇ ਦੇਸ਼ ਅੰਦਰ ਕਾਂਗਰਸ ਲਈ ਸਟਾਰ ਪ੍ਰਚਾਰਕ ਤਾਂ ਹੋਣਗੇ ਹੀ। ਜਲੰਧਰ ਚੋਣ ਪਿੱਛੋਂ ਸਿੱਧੂ ਦੇ ਪੰਜਾਬ ਦੀ ਰਾਜਨੀਤੀ ਵਿਚ ਪੂਰੇ ਸਰਗਰਮ ਹੋਣਗੇ।

### ਸਿੱਧੂ ਦੀ ਕਾਰਜਸ਼ੈਲੀ

ਪੰਜਾਬੀ ਇਮਾਨਦਾਰੀ ਅਤੇ ਬੇਬਾਕੀ ਕਾਰਨ ਸਿੱਧੂ ’ਤੇ ਵਿਸ਼ਵਾਸ ਕਰਦੇ ਨੇ ਅਤੇ ਸੂਬੇ ਦੀ ਦਸ਼ਾ ਸੁਧਾਰਨ ਦੀ ਆਸ ਵੀ ਰੱਖਦੇ ਨੇ। ਚੰਗੇ ਬੁਲਾਰੇ ਨੇ ਅਤੇ ਲੱਛੇਦਾਰ ਸ਼ਾਇਰੀ ਨਾਲ ਪ੍ਰਭਾਵਤ ਕਰਨ ਦੇ ਮਾਹਰ ਵੀ ਨੇ। ਬੀਤੇ ਵਿਚ ਉਨ੍ਹਾਂ ਬੀ.ਜੇ.ਪੀ. ਅਤੇ ਕਾਂਗਰਸ ਲਈ ਸਟਾਰ ਪ੍ਰਚਾਰਕ ਵਜੋਂ ਆਪਣੀ ਨਿਵੇਕਲੀ ਛਾਪ ਛੱਡੀ ਹੈ। ਪਰ ਉਹ ਜਥੇਬੰਦੀ ਦੀ ਮਜ਼ਬੂਤੀ ਅਤੇ ਸਾਥੀਆਂ ਨੂੰ ਨਾਲ ਲੈ ਕੇ ਕੰਮ ਕਰਨ ਤੋਂ ਕੋਰੇ ਨੇ ਅਤੇ ਪਾਰਟੀ ਪ੍ਰਧਾਨ ਰਹਿਣ ਦੇ ਬਾਵਜੂਦ ਸਿੱਧੂ ਪਾਰਟੀ ਵਿਚ ਵੱਢਾ ਧੜਾ ਨਹੀਂ ਬਣਾ ਸਕੇ। ਪਹਿਲਾਂ ਤੱਤਕਾਲੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਅਹੁਦੇ ਤੋਂ ਲਾਹੁਣ ਵਿਚ ਮੁੱਖ ਭੂਮਿਕਾ ਰਹੀ। ਫਿਰ ਚਰਨਜੀਤ ਚੰਨੀ ਨਾਲ ਵੀ ਇੱਟ-ਖੜੱਕਾ ਚੱਲਦਾ ਰਿਹੈ। ਜਾਪਦੈ ਕਿ ਸੂਬੇ ਦੇ ਟਕਸਾਲੀ ਕਾਂਗਰਸੀ ਲੀਡਰ ਅਤੇ ਵਰਕਰ ਆਸਾਨੀ ਨਾਲ ਸਿੱਧੂ ਦੀ ਅਗਵਾਈ ਮੰਨਣ ਵਾਲੇ ਨਹੀਂ।

### ਸਿੱਧੂ ਦੀ ਅਸਲ ਪ੍ਰੀਖਿਆ

ਇਸ ਸਮੇਂ ਪੰਜਾਬ ਰਾਜਨੀਤਿਕ ਖਲਾਅ ਦੇ ਦੌਰ ’ਚੋਂ ਲੰਘ ਰਿਹੈ। ਅਕਾਲੀ ਦਲ ਅਤੇ ਬੀ.ਜੇ.ਪੀ. ਵਾਂਗ ਕਾਂਗਰਸ ਨੂੰ ਵੀ ਜਨਤਾ ਮੂੰਹ ਲਾਉਣ ਨੂੰ ਤਿਆਰ ਨਹੀਂ ਦਿੱਸਦੀ। ਬਦਲਾਅ ਦੀ ਲਹਿਰ ਨਾਲ ਸੱਤਾ ਵਿਚ ਆਈ ‘ਆਪ’ ਦਾ ਗਰਾਫ ਵੀ ਦਿਨੋਂ-ਦਿਨ ਨੀਚੇ ਡਿੱਗ ਰਿਹੈ। ਹਿਮਾਚਲ ਅਤੇ ਗੁਜਰਾਤ ਵਿਚ ਮਿਲੀਆਂ ਹਾਰਾਂ ਨਾਲ ‘ਆਪ’ ਵਰਕਰਾਂ ਵਿਚ ਨਿਮੋਸ਼ੀ ਦਾ ਮਾਹੌਲ ਹੈ। ਜਨਤਾ ਬਦਲਾਵ ਲਈ ਲਿਆਂਦੀ ‘ਆਪ’ ਸਰਕਾਰ ਤੋਂ ਖਫਾ ਹੈ। ਇਸ ਵਕਤ ਸਿੱਧੂ ਇਕੋ ਇਕ ਇਮਾਨਦਾਰ ਅਕਸ ਵਾਲੇ ਲੀਡਰ ਦਿਖਾਈ ਦਿੰਦੇ ਨੇ, ਜੋ ਕਾਂਗਰਸ ਪਾਰਟੀ ਨੂੰ ਸੂਬੇ ਵਿਚ ਮੁੜ ਤੋਂ ਉਭਾਰਨ ਦੇ ਸਮੱਰਥ ਹੋ ਸਕਦੇ ਨੇ। ਪਰ ਬਹੁਤੇ ਲੀਡਰ ਉਨ੍ਹਾਂ ਦੀ ਅਗਵਾਈ ਕਬੂਲਣ ਲਈ ਤਿਆਰ ਨਹੀਂ ਹੋਣਗੇ। ਇਹ ਵੀ ਚਰਚਾਵਾਂ ਰਹੀਆਂ ਨੇ ਕਿ ਸਿੱਧੂ ਆਪਣੀ ਪਾਰਟੀ ਬਣਾ ਸਕਦੇ ਨੇ, ਪਰ ਨਵੀਂ ਪਾਰਟੀ ਖੜ੍ਹੀ ਕਰਨਾ ਕੋਈ ਖਾਲਾ ਜੀ ਦਾ ਵਾੜਾ ਨਹੀਂ। ਜੇਲ੍ਹ ਜਾਣ ਤੋਂ ਪਹਿਲਾਂ ਨਵਜੋਤ ਸਿੱਧੂ ਨੇ ਵਿਗੜਦੀ ਕਾਨੂੰਨ ਵਿਵੱਸਥਾ ਨੂੰ ਪੰਜਾਬ ’ਚ ਵੱਡਾ ਮੁੱਦਾ ਬਣਾਇਆ ਸੀ। ਪਰ ਪੂਰਾ ਇਕ ਸਾਲ ਉਹ ਸੂਬੇ ਦੀ ਰਾਜਨੀਤੀ ਤੋਂ ਲਾਂਭੇ ਰਹੇ ਨੇ। ਇਸ ਸਮੇਂ ਗੈਂਗਸਟਰਾਂ ਦੀ ਸਰਗਰਮੀ ਅਤੇ ਅੰਮ੍ਰਿਤਪਾਲ ਸਿੰਘ ਦੇ ਮਾਮਲੇ ਕਾਰਨ ਸੂਬੇ ਦਾ ਮਾਹੌਲ ਕਾਫੀ ਖਰਾਬ ਚੱਲ ਰਿਹੈ। ਸਾਰੀਆਂ ਪਾਰਟੀਆਂ ਵੀ ਸਿੱਧੂ ਨੂੰ ਵੱਡਾ ਖਤਰਾ ਸਮਝ ਰਹੀਆਂ ਨੇ। ਸੱਤਾਧਾਰੀ ਪਾਰਟੀ ਨੇ ਤਾਂ ਸਿੱਧੂ ਨੂੰ ਡਰਾਮੇਬਾਜ਼ ਦੱਸਕੇ ਹਮਲਾ ਸ਼ੁਰੂ ਵੀ ਕਰ ਦਿੱਤੈ। ਸਿੱਧੂ ਸਾਹਮਣੇ ਇਸ ਸਮੇਂ ਵਿਰੋਧੀਆਂ ਨਾਲ ਸਿੱਝਣ ਦੇ ਨਾਲ ਆਪਣੀ ਪਾਰਟੀ ਵਿਚੋਂ ਪੂਰੀ ਹਮਾਇਤ ਹਾਸਿਲ ਕਰਨ ਦਾ ਵੱਡਾ ਚੈਲਿੰਜ਼ ਹੈ। ਸਿੱਧੂ ਦੀ ਅੱਖੜ ਵਰਤਾਰੇ ਅਤੇ ਬੇਬਾਕ ਭਾਸ਼ਾ ਕਾਰਨ ਦੂਜੇ ਲੀਡਰ ਉਸ ਤੋਂ ਪਾਸਾ ਵੱਟ ਜਾਂਦੇ ਨੇ। ਸਿੱਧੂ ਨੂੰ ਪਾਰਟੀ ਕੇਡਰ ਨਾਲ ਜੋੜਨ ਲਈ ਆਪਣੀ ਕਾਰਜਸ਼ੈਲੀ ਅਤੇ ਭਾਸ਼ਾ ਵਿਚ ਸੁਧਾਰ ਕਰਨਾ ਹੋਏਗਾ। ਆਉਂਦੇ ਦਿਨਾਂ ਵਿਚ ਪਤਾ ਲਗੇਗਾ ਕਿ ਉਹ ਲੋਕਾਂ ਦੀਆਂ ਉਮੀਦਾਂ ’ਤੇ ਕਿਸ ਤਰ੍ਹਾਂ ਅਤੇ ਕਿੰਨੇ ਖਰੇ ਉਤਰਦੇ ਨੇ।

---

# ਘਰ ਤੇ ਬਾਹਰ ਦਾ ਫਰਕ

ਬਲਰਾਜ ਸਿੰਘ ਸਿੱਧੂ ਐਸ.ਪੀ.
ਪੰਡੋਰੀ ਸਿੱਧਵਾਂ 95011-00062
(Punjab Mail USA)



ਜੱਸਾ ਕਮਲਾ ਆਪਣੇ ਦੋਸਤਾਂ ਨਾਲ ਇੱਕ ਵਿਆਹ ਵੇਖ ਰਿਹਾ ਸੀ। ਵੈਸੇ ਤਾਂ ਉਹ ਐੱਮ.ਏ. ਪਾਸ ਸੀ ਪਰ ਮੂੰਹ ’ਤੇ ਸੱਚ ਬੋਲਣ ਦੀ ਮਾੜੀ ਆਦਤ ਕਾਰਨ (ਸਾਡੇ ਸਮਾਜ ਦਾ ਸਭ ਤੋਂ ਵੱਡਾ ਗੁਨਾਹ) ਲੋਕਾਂ ਨੇ ਉਸ ਦਾ ਨਾਮ ਕਮਲਾ ਪਾਇਆ ਹੋਇਆ ਸੀ। ਉਸ ਦੇ ਦੋਸਤ ਖਾਣੇ ਦੀਆਂ ਧੱਜੀਆਂ ਉਡਾ ਕੇ ਸ਼ਗਣ ਵਿਚ ਦਿੱਤੇ ਪੰਜ ਸੌ ਰੁਪਏ ਦੀ ਪੂਰਤੀ ਕਰਨ ਦੀ ਕੋਸ਼ਿਸ਼ ਰਹੇ ਸਨ। ਖਾਧਾ ਘੱਟ ਤੇ ਖਰਾਬ ਜ਼ਿਆਦਾ ਕੀਤਾ ਜਾ ਰਿਹਾ ਸੀ। ਕਦੇ ਕਿਸੇ ਡਿੱਸ਼ ਦੀ ਪਲੇਟ ਭਰ ਲੈਂਦੇ ਤੇ ਕਦੇ ਕਿਸੇ ਡਿੱਸ਼ ਦੀ। ਫਿਰ ਸਵਾਦੀ ਨਾ ਹੋਣ ਦਾ ਬਹਾਨਾ ਬਣਾ ਕੇ ਸਣੇ ਪਲੇਟ ਡਿੱਸ਼ ਡਸਟ ਬਿੱਨ ਵਿਚ ਵਗਾਹ ਮਾਰਦੇ। ਚਿਕਨ ਦੇ ਲੈੱਗ ਪੀਸਾਂ ਦੀ ਤਾਂ ਸਿਰਫ ਦਾਤਣ ਕੀਤੀ ਜਾ ਰਹੀ ਸੀ। ਥੋੜ੍ਹੀ ਜਿਹੀ ਦੰਦੀ ਵੱਢ ਕੇ ਬਾਕੀ ਚੱਲ ਮੇਜ ਦੇ ਥੱਲੇ। ਖਾਣੇ ਦੀ ਹੋ ਰਹੀ ਬਰਬਾਦੀ ਜੱਸੇ ਕੋਲੋਂ ਬਰਦਾਸ਼ਤ ਨਾ ਹੋਈ। ਜਦੋਂ ਦੋਸਤ ਉਸ ਦੇ ਸਮਝਾਉਣ ’ਤੇ ਵੀ ਖਰਮਸਤੀਆਂ ਕਰਨੋਂ ਨਾ ਹਟੇ, ਤਾਂ ਸਮਾਜ ਵੱਲੋਂ ਘੋਸ਼ਿਤ ਕਮਲੇ (ਅਸਲ ਵਿਚ ਸੱਚੇ ਬੰਦੇ) ਨੇ ਸੱਚੋ ਸੱਚ ਸੁਣਾਉਣੀਆਂ ਸ਼ੁਰੂ ਕਰ ਦਿੱਤੀਆਂ, “ਜਿਵੇਂ ਆਪਾਂ ਹੁਣ ਕਰ ਰਹੇ ਹਾਂ, ਪੱਲਿਉਂ ਪੈਸੇ ਖਰਚ ਕੇ ਲਏ ਸਮਾਨ ਨਾਲ ਕੀਤਾ ਕਦੇ ਇਸ ਤਰ੍ਹਾਂ? ਰੇਹੜੀ ਵਾਲਾ ਗੋਲ ਗੱਪੇ ਖਾਣ ਤੋਂ ਬਾਅਦ ਮੁਫਤ ਵਿਚ ਥੋੜ੍ਹੀ ਜਿਹੀ ਕਾਂਜੀ ਨਾ ਪਿਆਵੇ, ਤਾਂ ਉਸ ਨਾਲ ਲੜਨ ਤੱਕ ਜਾਂਦੇ ਹਾਂ। ਆਈਸ ਕਰੀਮ ਦਾ ਕੱਪ ਖੋਲ੍ਹ ਕੇ ਪਹਿਲਾਂ ਉਸ ਦਾ ਢੱਕਣ ਚੱਟਦੇ ਹਾਂ। ਪੈਕਟ ਦਾ ਦੁੱਧ ਪਤੀਲੇ ਵਿਚ ਪਾ ਕੇ, ਉਸ ਦੇ ਖਾਲੀ ਲਿਫਾਫੇ ਵਿਚ ਪਾਣੀ ਪਾ ਕੇ ਚੰਗੀ ਤਰ੍ਹਾਂ ਹਿਲਾ ਕੇ ਤੇ ਪਤੀਲੇ ਵਿਚ ਪਾ ਕੇ ਫਿਰ ਸੁੱਟਦੇ ਹਾਂ। ਪੰਜਾਂ ਰੁਪਈਆਂ ਦੀ ਮੂੰਗਫਲੀ ਖਾਣ ਤੋਂ ਬਾਅਦ ਛਿੱਲਾਂ ਵਿਚੋਂ ਡਿੱਗੇ ਹੋਏ ਦਾਣੇ ਲੱਭਦੇ ਹਾਂ। ਦੀਵਾਲੀ ਤੋਂ ਅਗਲੇ ਦਿਨ ਸਵੇਰੇ ਉੱਠ ਕੇ ਰਾਤ ਦੇ ਮਿੱਸ ਪਟਾਕੇ ਲੱਭ ਕੇ ਦੁਬਾਰਾ ਚਲਾਉਣ ਦੀ ਕੋਸ਼ਿਸ਼ ਕਰਦੇ ਹਾਂ। ਘਰ ਬੱਕਰਾ ਬਣਾਇਆ ਹੋਵੇ, ਤਾਂ ਉਸ ਦੀ ਹੱਡੀ ਉਨੀ ਦੇਰ ਤੱਕ ਚੂਸਦੇ ਹਾਂ, ਜਦ ਤੱਕ ਉਹ ਬਾਂਸੁਰੀ ਵਾਂਗ ਖੋਖਲੀ ਨਾ ਹੋ ਜਾਵੇ। ਟਰਾਂਜਿਸਟਰ ਜਾਂ ਰੇਡਿਉ ਚੱਲਣ ਯੋਗ ਨਾ ਰਹੇ, ਤਾਂ ਸਪੀਕਰ ਵਿਚੋਂ ਚੁੰਬਕ ਕੱਢ ਲੈਂਦੇ ਹਾਂ। ਅਖਬਾਰਾਂ ਦੀ ਰੱਦੀ ਅਤੇ ਘਰ ਦਾ ਹੋਰ ਕਬਾੜ ਵੇਚ ਕੇ ਸੌ-ਪੰਜਾਹ ਕਮਾ ਲੈਂਦੇ ਹਾਂ। ਇਸ ਲਈ ਜਿਵੇਂ ਘਰ ਵਿਚ ਬਚਤ ਕਰਦੇ ਉ, ਉਸੇ ਤਰ੍ਹਾਂ ਇਸ ਗਰੀਬ ਬਾਪ ਦਾ ਵੀ ਖਿਆਲ ਰੱਖੋ, ਜੋ ਆਪਣੀ ਸਾਰੀ ਜਮਾਂ ਪੂੰਜੀ ਲਗਾ ਕੇ ਧੀ ਦਾ ਵਿਆਹ ਕਰ ਰਿਹਾ ਹੈ। ਖਾਣਾ ਓਨਾ ਹੀ ਪਲੇਟ ਵਿਚ ਪਾਉ, ਜਿੰਨਾ ਖਾ ਸਕਦੇ ਉ।” ਸੁਣ ਕੇ ਸਾਰੇ ਦੋਸਤਾਂ ਦੀਆਂ ਨਜ਼ਰਾਂ ਝੁੱਕ ਗਈਆਂ।



# ਖੇਡਾਂ ਅਤੇ ਖਿਡਾਰੀਆਂ ਦਾ ਪਰਛਾਵਾਂ ਹੈ 'ਜਗਰੂਪ ਸਿੰਘ ਜਰਖੜ'

ਪ੍ਰੋ. ਹਰਦੀਪ ਸਿੰਘ
ਸੰਗਰੂਰ
ਸਰਕਾਰੀ ਰਣਬੀਰ ਕਾਲਜ,
ਸੰਗਰੂਰ, 94174-60316



(Punjab Mail USA)






ਮੌਜੂਦਾ ਸਮੇਂ ਵਿਚ ਮਾਡਰਨ ਖੇਡਾਂ ਵਜੋਂ ਮਸ਼ਹੂਰ ਹੋਈਆਂ ਜਰਖੜ ਪਿੰਡ ਦੀਆਂ ਖੇਡਾਂ ਨੂੰ ਜੇਕਰ ਜਗਰੂਪ ਸਿੰਘ ਜਰਖੜ ਦੀਆਂ ਖੇਡਾਂ ਕਹਿ ਦੇਈਏ ਤਾਂ ਕੋਈ ਅੱਥਕਥਨੀ ਨਹੀਂ ਹੋਵੇਗੀ। ਕਿਉਂਕਿ ਇਨ੍ਹਾਂ ਖੇਡਾਂ ਨੂੰ ਸਾਲ 1986 ਤੋਂ ਪਿੰਡ ਦੇ ਟੋਬੇ ਨੂੰ ਭਰਤ ਵਾਲੀ ਮਿੱਟੀ ਨਾਲ ਪੂਰਕੇ ਖੇਡ ਗਰਾਊਂਡ ਬਣਾਕੇ ਸ਼ੁਰੂ ਕਰਨ ਵਾਲਾ, ਖੇਡਾਂ ਨੂੰ ਅੱਗੇ ਤੋਰਨ ਵਾਲਾ ਤੇ ਇਨ੍ਹਾਂ ਖੇਡਾਂ ਦੀ ਦੇਸ਼-ਵਿਦੇਸ਼ ਵਿਚ ਭੱਲ ਬਣਾਉਣ ਵਾਲਾ ਬੰਦਾ ਜਗਰੂਪ ਸਿੰਘ ਜਰਖੜ ਹੀ ਹੈ। ਇਨ੍ਹਾਂ ਖੇਡਾਂ ਦੀ ਤਰੱਕੀ ਲਈ ਉਸਦੀ ਭੂਮਿਕਾ ਹਮੇਸ਼ਾ ਮੋਹਰੀਆਂ ਵਾਲੀ ਹੀ ਰਹੀ। ਜਰਖੜ ਪਿੰਡ ਦੀਆਂ ਮਾਡਰਨ ਖੇਡਾਂ ਬੀਤੇ 37 ਸਾਲ ਪਹਿਲਾਂ ਜਦੋਂ ਸ਼ੁਰੂ ਹੋਈਆਂ, ਤਾਂ ਇਨ੍ਹਾਂ ਖੇਡਾਂ ਦਾ ਬਜਟ ਸਿਰਫ਼, ਹਜ਼ਾਰ-ਬਾਰਾਂ ਸੌ ਰੁਪਏ ਤੱਕ ਹੀ ਸੀ, ਜੋ ਮੌਜੂਦਾ ਸਮੇਂ 'ਚ ਵਧ ਕੇ 30 ਲੱਖ ਤੱਕ ਦਾ ਹੋ ਗਿਆ। ਕਦੇ ਇਹ ਕਿਹਾ ਜਾਂਦਾ ਸੀ ਕਿ, "ਜਿਹਨੇ ਕਿਲਾ ਰਾਏਪੁਰ ਦੀਆਂ ਖੇਡਾਂ ਨੀ ਦੇਖੀਆਂ ਉਹ ਅਜੇ ਜੰਮਿਆ ਹੀ ਨੀਂ" ਪਰ ਹੁਣ ਇਹੋ ਗੱਲ ਜਰਖੜ ਖੇਡਾਂ 'ਤੇ ਵੀ ਢੁਕਣ ਲੱਗ ਪਈ ਹੈ, ਜਿਸ ਦਾ ਸਿਹਰਾ ਜਗਰੂਪ ਸਿੰਘ ਜਰਖੜ ਦੇ ਸਿਰ 'ਤੇ ਹੀ ਬੰਨ੍ਹਿਆ ਜਾਵੇਗਾ।

ਦਿੱਖ ਪੱਖੋਂ ਉਹ ਜਮਾ ਹੀ ਯੋਗੀ ਲਗਦੈ, ਰਮਤਾ ਯੋਗੀ, ਜਿਵੇਂ ਹੁਣੇ ਪਹਾੜੋਂ ਉੱਤਰ ਕੇ ਆਇਆ ਹੋਵੇ। ਉਹਦਾ ਨਾਂ ਜਗਰੂਪ ਸਿੰਘ ਜਮੀਂ ਉਹਦੇ ਸੁਭਾਅ ਨਾਲ ਮੇਲ ਖਾਂਦੈ ਕਿਉਂਕਿ ਉਹ ਜੱਗ ਨਾਲ ਵਿਚਰਦਾ ਵੀ ਜੱਗ ਦਾ ਰੂਪ ਬਣਕੇ ਹੀ ਹੈ। ਜਿਹਨੂੰ ਵੀ ਮਿਲਦੈ ਪੂਰੀ ਅਪਣੱਤ ਨਾਲ, ਜਿਵੇਂ ਉਸਨੂੰ ਅਗਾਊਂ ਹੀ ਜਾਣਦਾ ਹੋਵੇ। ਉਹ ਕਦੇ ਵੀ ਵਿਹਲਾ ਨੀਂ ਦਿਸਦਾ। ਹਮੇਸ਼ਾ ਰੁਝੇਵੇਂ 'ਤੇ ਤੋਰੇ-ਫੇਰੇ 'ਚ ਰਹਿੰਦਾ। ਕਦੇ ਉਹ ਆਪਣੇ ਪਿੰਡ ਜਰਖੜ ਦੇ ਸਟੇਡੀਅਮ ਵਿਚ ਪ੍ਰੈਕਟਿਸ ਕਰ ਰਹੇ ਖਿਡਾਰੀਆਂ ਕੋਲ ਹੁੰਦੈ, ਕਦੇ ਕਿਸੇ ਖੇਡ ਮੇਲੇ ਜਾਂ ਟੂਰਨਾਮੈਂਟ ਦੀ ਖੇਡ ਪੱਤਰਕਾਰ ਵਜੋਂ ਕਵਰੇਜ਼ ਕਰਦਾ ਹੋਇਆ ਨਜ਼ਰ ਆਉਂਦੈ, ਕਦੇ ਖੇਡ ਮੇਲੇ ਦੀ ਕੁਮੈਂਟਰੀ ਕਰਦਾ ਦਿਸਦੈ, ਕਦੇ ਕਿਸੇ ਉੱਘੇ ਖਿਡਾਰੀ ਦੀ ਇੰਟਰਵਿਊ ਲੈਂਦਾ ਨਜ਼ਰੀ ਪੈਂਦੈ ਤੇ ਕਦੇ ਕਿਸੇ ਖੇਡ ਸੈਮੀਨਾਰ ਵਿਚ ਸ਼ਿਰਕਤ ਕਰ ਰਿਹਾ ਹੁੰਦੈ। ਗੱਲ ਕੀ, ਉਹ ਹਮੇਸ਼ਾ ਖੇਡਾਂ ਤੇ ਖਿਡਾਰੀਆਂ ਦਾ ਪਰਛਾਵਾਂ ਬਣ ਵਿਚਰਦੈ। ਉਹਦਾ ਹਰੇਕ ਪਲ, ਹਰੇਕ ਦਿਨ ਖੇਡਾਂ ਤੇ ਖਿਡਾਰੀਆਂ ਲਈ ਹੈ। ਜਗਰੂਪ ਸਿੰਘ ਜਰਖੜ ਇਕੋ ਵੇਲੇ ਖੇਡ ਪ੍ਰੋਮੋਟਰ, ਖੇਡ ਲੇਖਕ, ਖੇਡ ਪੱਤਰਕਾਰ, ਖੇਡ ਕਮੈਂਟੇਟਰ ਅਤੇ ਆਨ ਲਾਈਨ ਖੇਡ ਮੈਗਜ਼ੀਨ "ਖੇਡ ਮੈਦਾਨ ਬੋਲਦਾ ਹੈ" ਦਾ ਸੰਸਥਾਪਕ ਹੈ। ਖੇਡਾਂ ਅਤੇ ਖਿਡਾਰੀਆਂ ਬਾਰੇ ਉਹ ਪਿਛਲੇ 33 ਸਾਲਾਂ ਤੋਂ ਵੱਖ-ਵੱਖ ਅਖਬਾਰਾਂ ਵਿਚ ਨਿਰਵਿਘਨ ਲਿਖਦਾ ਆ ਰਿਹਾ ਹੈ। ਉਸਨੇ ਕੌਮਾਂਤਰੀ ਖੇਡ ਪੱਤਰਕਾਰੀ ਕਰਦਿਆਂ ਉਲੰਪਿਕ ਖੇਡਾਂ, ਵਿਸ਼ਵ ਕੱਪ ਹਾਕੀ, ਰਾਸ਼ਟਰਮੰਡਲ ਖੇਡਾਂ, ਏਸ਼ੀਆਈ ਖੇਡਾਂ ਅਤੇ ਅਨੇਕਾਂ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਖੇਡ ਮੁਕਾਬਲਿਆਂ ਦੀ ਬਤੌਰ ਮੀਡੀਆ ਨੁਮਾਇੰਦੇ ਵਜੋਂ ਕਵਰੇਜ਼ ਕੀਤੀ ਹੈ।

ਸਨਅਤੀ ਸ਼ਹਿਰ ਲੁਧਿਆਣਾ ਦੇ ਨਜ਼ਦੀਕ ਵਸੇ ਛੋਟੇ ਜਿਹੇ ਪਿੰਡ ਜਰਖੜ ਵਿਖੇ ਮਿਤੀ 1 ਜਨਵਰੀ 1964 ਨੂੰ ਪਿਤਾ ਹਰਨੇਕ ਸਿੰਘ ਦੇ ਘਰ ਮਾਤਾ ਨਛੱਤਰ ਕੌਰ ਦੀ ਕੁੱਖੋਂ ਜਨਮੇ ਜਗਰੂਪ ਸਿੰਘ ਨੇ ਬਚਪਨ ਵਿਚ ਗੁਰਬਤ ਨਾਲ ਆਢਾ ਲਾ ਕੇ ਜਵਾਨੀ ਨੂੰ ਸਹੂਲਤਾਂ ਜੋਗਾ ਕੀਤਾ। ਉਸਨੇ ਆਪਣੀ ਮੁੱਢਲੀ ਪੜ੍ਹਾਈ ਜਰਖੜ ਤੋਂ ਮੈਟ੍ਰਿਕ ਆਲਮਗੀਰ ਤੋਂ, ਤੇ ਬੀ.ਏ. ਗੁਰੂ ਨਾਨਕ ਨੈਸ਼ਨਲ ਕਾਲਜ, ਦੋਰਾਹੇ ਤੋਂ ਕਰ ਸਰਕਾਰੀ ਕਾਲਜ ਮਲੇਰਕੋਟਲੇ ਜਾ ਕੇ ਐੱਮ.ਏ. ਅਰਥ ਸਾਸਤਰ ਵਿਚ ਦਾਖਲਾ ਲੈ ਲਿਆ, ਜੋ ਘਰ ਦੀ ਮਜਬੂਰੀ ਕਾਰਨ ਵਿਚੇ ਛੱਡਣੀ ਪਈ। ਬਚਪਨ ਵਿਚ ਉਸਦੀ ਹਾਕੀ ਖੇਡਣ ਦੀ ਚਾਹਤ ਸੀ ਪਰ ਘਰ ਦੀ ਆਰਥਿਕ ਤੰਗੀ ਕਾਰਨ ਉਹ ਹਾਕੀ ਨਾ ਖਰੀਦ ਸਕਿਆ। ਜਦੋਂ ਉਹ ਆਰਥਿਕ ਪੱਖੋਂ ਸਮਰੱਥ ਹੋਇਆ, ਤਾਂ ਪੰਜ ਤੋਂ ਛੇ ਹਜ਼ਾਰ ਰੁਪਏ ਕੀਮਤ ਵਾਲੀਆਂ ਸੈਂਕੜੇ ਹਾਕੀਆਂ ਬੱਚਿਆਂ ਨੂੰ ਹਰ ਸਾਲ ਮੁਫ਼ਤੋ-ਮੁਫ਼ਤੀ ਲੰਗਰ ਦੀ ਰਸਦ ਵਾਂਗ ਵੰਡੀ ਜਾ ਰਿਹੈ। ਤੇ ਇਸ ਕੰਮ ਲਈ ਉਹ ਰੱਬ ਦਾ ਸ਼ੁਕਰਾਨਾ ਵੀ ਨਾਲੋਂ-ਨਾਲ ਕਰੀ ਜਾਂਦੈ। ਜਗਰੂਪ ਸਿੰਘ ਨੇ ਦੱਸਿਆ ਕਿ ਉਸਦੀ ਹਾਕੀ ਖੇਡ ਵਿਚ ਦਿਲਚਸਪੀ ਉਦੋਂ ਪੈਦਾ ਹੋਈ, ਜਦੋਂ ਉਸਨੇ 1975 ਦੇ ਵਿਸ਼ਵ ਹਾਕੀ ਕੱਪ ਦੀ ਕਮੈਂਟਰੀ ਨੂੰ ਕਮੈਂਟੇਟਰ ਜਸਦੇਵ ਸਿੰਘ ਦੀ ਆਵਾਜ਼ ਵਿਚ ਰੇਡੀਓ ਤੋਂ ਸੁਣਿਆ। ਕਮੈਂਟਰੀ ਸੁਣ ਉਹਦੇ ਦਿਲ ਵਿਚ ਵੀ ਹਾਕੀ ਖੇਡਣ ਦਾ ਉਬਾਲ ਜਿਹਾ ਉਠਿਆ। ਉਸਨੇ ਸਕੂਲ ਪੱਧਰ ਤੋਂ ਹਾਕੀ ਖੇਡਣੀ ਸ਼ੁਰੂ ਕੀਤੀ ਤੇ ਸਟੇਟ, ਅੰਤਰ ਯੂਨੀਵਰਸਿਟੀ ਪੱਧਰ ਤੱਕ ਖੇਡੀ। ਵਿਚੇ ਉਹ ਜ਼ਿਲ੍ਹਾ ਪੱਧਰ ਦੇ ਨੈਸ਼ਨਲ ਸਟਾਈਲ ਕਬੱਡੀ ਮੁਕਾਬਲਿਆਂ ਵਿਚ ਰੇਡਾਂ ਪਾਉਂਦਾ ਰਿਹਾ। ਲੇਕਿਨ ਹਾਕੀ ਖੇਡ ਵਿਚ ਕਮਾਏ ਖੇਡ ਸਰਟੀਫਿਕੇਟਾਂ ਨੇ ਉਸਨੂੰ ਬਿਜਲੀ ਬੋਰਡ ਵਿਚ ਨੌਕਰੀ ਦਿਵਾਈ ਤੇ ਰੋਟੀ ਜੋਗਾ ਕੀਤਾ। ਬਾਅਦ ਵਿਚ ਜਗਰੂਪ ਸਿੰਘ ਨੇ ਲੋਕ ਸੰਪਰਕ ਅਫ਼ਸਰ ਦੀ ਨੌਕਰੀ ਵੀ ਕੀਤੀ, ਜੋ ਉਸਨੇ ਛੱਡ ਦਿੱਤੀ। ਮੁੜ ਰਾਜਨੀਤੀ ਵੱਲ ਰੁੱਖ ਕੀਤਾ ਤਾਂ ਆਪ ਪਾਰਟੀ ਦਾ ਮੁੱਢਲਾ ਵਰਕਰ ਬਣ ਸਮਾਜ ਸੇਵਾ ਕਰ ਹਲਕੇ ਵਿਚ ਚੰਗੀ ਭੱਲ ਬਣਾਈ ਤੇ ਉਦੋਂ ਲੋਕਾਂ ਨੇ ਕਿਹਾ ਕਿ ਪਾਰਟੀ ਟਿਕਟ ਜਗਰੂਪ ਸਿੰਘ ਨੂੰ ਮਿਲਣੀ ਚਾਹੀਦੀ ਹੈ। ਪਰ ਸਾਧ ਬਿਰਤੀ ਇਸ ਬੰਦੇ ਨੇ ਲੋਕ ਸੇਵਾ ਨੂੰ ਹੀ ਪਹਿਲ ਦਿੱਤੀ।







ਕੋਈ ਵਿਅਕਤੀ ਜਦੋਂ ਚੰਗਾ ਕੰਮ ਸ਼ੁਰੂ ਕਰਦੈ, ਤਾਂ ਵਿਰੋਧ ਕਰਨ ਵਾਲੇ ਵੀ ਉੱਠ ਖੜ੍ਹਦੇ ਨੇ। ਜਗਰੂਪ ਸਿੰਘ ਨਾਲ ਵੀ ਏਦਾਂ ਹੀ ਹੋਇਆ। ਉਹਨੇ ਵੀ ਇਨ੍ਹਾਂ ਖੇਡਾਂ ਦੇ ਸ਼ੁਰੂ ਹੋਣ ਤੋਂ ਲੈ ਕੇ ਵੱਖ-ਵੱਖ ਸਮੇਂ ਤੱਕ ਕਈ ਆਰਥਿਕ, ਸਮਾਜਿਕ, ਰਾਜਸੀ ਅੜਚਨਾਂ ਅਤੇ ਜ਼ਿੰਦਗੀ ਨੂੰ ਖਤਰੇ 'ਚ ਪਾਉਣ ਵਾਲੀਆਂ ਕਈ ਔਕੜਾਂ ਦਾ ਸਾਹਮਣਾ ਕੀਤਾ। ਗਾਇਕ ਸੰਦੀਲੇ ਦੇ ਗੀਤ ਵਾਂਗੂ, "ਉਹ ਸੀਪ ਲਾਉਣ ਨੂੰ ਫਿਰਦੇ ਸੀ, ਉਹਨੇ ਖੋਹ ਕੇ ਤਾਸ਼ ਹੀ ਪਾੜ ਦਿੱਤੀ"। ਜਗਰੂਪ ਸਿੰਘ ਨੇ ਮਿਹਨਤ ਕਰ ਜਰਖੜ ਖੇਡਾਂ ਨੂੰ ਤਰੱਕੀ ਵੱਲ ਤੋਰਿਆ ਤੇ ਸਾਰੇ ਵਿਰੋਧੀਆਂ ਦੇ ਮੂੰਹ ਬੰਦ ਕਰਵਾ ਦਿੱਤੇ। ਇਨ੍ਹਾਂ ਖੇਡਾਂ ਨੂੰ ਉਪਰ ਚੁੱਕਣ ਵਿਚ ਜਗਰੂਪ ਸਿੰਘ ਦਾ ਸਾਥ ਦਿੱਤਾ ਪਿੰਡ ਦੇ ਸਰਪੰਚ ਮੇਜਰ ਸਿੰਘ ਨੇ ਅਤੇ ਬੀਬੀ ਸੁਰਜੀਤ ਕੌਰ ਨੇ, ਜੋ ਗੁਰਦੁਆਰਾ ਮਾਤਾ ਸਾਹਿਬ ਸਾਹਿਬ ਕੌਰ ਮੰਜੀ ਸਾਹਿਬ, ਜਰਖੜ ਦੀ ਮੁੱਖ ਸੇਵਾਦਾਰ ਹੈ। ਜਗਰੂਪ ਸਿੰਘ ਨੇ ਆਪਣੀ ਅਪਣੱਤ ਨਾਲ ਸਾਬਕਾ ਡੀ.ਜੀ.ਪੀ. ਸ. ਰਾਜਦੀਪ ਸਿੰਘ ਗਿੱਲ ਅਤੇ ਸ. ਨਰਿੰਦਰਪਾਲ ਸਿੰਘ "ਰੂਬੀ ਸਿੱਧੂ" ਹੋਰਾਂ ਤੋਂ ਵੀ ਇਨ੍ਹਾਂ ਖੇਡਾਂ ਦੀ ਭਲਾਈ ਲਈ ਸਹਿਯੋਗ ਨੂੰ ਲੰਬਾ ਸਮਾਂ ਮਾਣਿਆ।

ਸ਼ੁਰੂ ਵਿਚ ਜਰਖੜ ਦਾ ਖੇਡ ਮੈਦਾਨ ਬੜਾ ਛੋਟਾ ਤੇ ਮਿੱਟੀ ਵਾਲਾ ਸੀ, ਜੋ ਅੱਜ ਇੱਕ ਵਿਸ਼ਾਲ ਖੇਡ ਕੰਪਲੈਕਸ ਦਾ ਰੂਪ ਲੈ ਚੁੱਕਾ ਹੈ, ਜਿਸ ਵਿਚ ਇੱਕੋ ਸਮੇਂ ਫਲੱਡ ਲਾਈਟਾਂ ਵਾਲੇ ਨੀਲੇ ਐਸਟਰੋਟਰਫ ਤੇ ਹਾਕੀ, ਵੱਖੋ-ਵੱਖਰੇ ਖੇਡ ਮੈਦਾਨਾਂ ਉਪਰ ਕੱਬਡੀ, ਹੈਂਡਬਾਲ, ਬਾਸਕਟਬਾਲ, ਕੁਸ਼ਤੀ, ਵਾਲੀਬਾਲ ਖੇਡਾਂ ਹੋ ਸਕਦੀਆਂ ਨੇ ਅਤੇ ਮੁੱਕੇਬਾਜ਼ੀ ਲਈ ਰਿੰਗ ਵੀ ਉਪਲੱਭਧ ਹੈ। ਜਰਖੜ ਦੀ ਹਾਕੀ ਅਕੈਡਮੀ ਸੈਂਕੜੇ ਹਾਕੀ ਖਿਡਾਰੀ ਨੈਸ਼ਨਲ ਖੇਡਾਂ ਅਤੇ ਅੰਤਰ ਵਰਸਿਟੀ ਖੇਡ ਮੁਕਾਬਲੇ ਖੇਡ ਨਾਮਣਾ ਖੱਟ ਚੁੱਕੇ ਨੇ। ਇਨ੍ਹਾਂ ਵਿਚੋਂ ਅਨੇਕਾਂ ਸਰਕਾਰੀ ਨੌਕਰੀ ਵੀ ਪ੍ਰਾਪਤ ਕਰ ਚੁੱਕੇ ਹਨ। ਹਰ ਸਾਲ ਜਰਖੜ ਹਾਕੀ ਅਕੈਡਮੀ 'ਤੇ 20 ਤੋਂ 22 ਲੱਖ ਰੁਪਏ ਦਾ ਖਰਚਾ ਆਉਂਦਾ ਹੈ, ਜਿਸ ਨੂੰ ਉਹ ਦੇਸ਼ ਵਿਦੇਸ਼ ਦੇ ਦਾਨੀ ਸੱਜਣਾਂ ਕੋਲੋਂ ਇਕੱਤਰ ਕਰ ਕੰਮ ਚਲਾ ਰਿਹਾ ਹੈ। ਉਸਨੇ ਆਪਣੀ ਸਰਕਾਰੀ ਨੌਕਰੀ ਦੀ ਰਿਟਾਇਰਮੈਂਟ ਵੇਲੇ ਮਿਲੀ ਸਾਰੀ ਪੂੰਜੀ ਵੀ ਖੇਡ ਸਟੇਡੀਅਮ ਦੀ ਉਸਾਰੀ 'ਤੇ ਲਗਾ ਦਿੱਤੀ ਤੇ ਖੇਡ ਸਟੇਡੀਅਮ ਨੂੰ ਸੋਹਣੀ ਦਿੱਖ ਪ੍ਰਦਾਨ ਕੀਤੀ। ਲੋਕਾਂ ਨੇ ਬਥੇਰਾ ਕਿਹਾ, ਓ ਭਾਈ, ਕੁਝ ਆਪਣੇ ਬੱਚਿਆਂ ਲਈ ਵੀ ਬਚਾ ਲੈ, ਤਾਂ ਜਗਰੂਪ ਸਿੰਘ ਨੇ ਕਿਹਾ, ਖੇਡ ਮੈਦਾਨ ਵਿਚ ਖੇਡਣ ਵਾਲੇ ਸਾਰੇ ਬੱਚੇ ਵੀ ਮੇਰੇ ਬੱਚਿਆਂ ਵਾਂਗ ਹੀ ਨੇ।"

ਜਰਖੜ ਦਾ ਖੇਡ ਸਟੇਡੀਅਮ ਪਹਿਲਾ ਅਜਿਹਾ ਖੇਡ ਸਟੇਡੀਅਮ ਬਣ ਗਿਆ ਹੈ, ਜਿਥੇ ਦੌੜਾਕ ਮਿਲਖਾ ਸਿੰਘ, ਹਾਕੀ ਖਿਡਾਰੀ ਧਿਆਨ ਚੰਦ, ਪ੍ਰਿਥੀਪਾਲ ਸਿੰਘ, ਊਧਮ ਸਿੰਘ, ਸੁਰਜੀਤ ਸਿੰਘ ਅਤੇ ਸੀਨੀਅਰ ਬਲਬੀਰ ਸਿੰਘ ਹੋਰਾਂ ਦੇ ਆਦਮ ਕਦ ਬੁੱਤ ਸਥਾਪਿਤ ਕੀਤੇ ਗਏ ਨੇ। ਇਸ ਤੋਂ ਇਲਾਵਾ ਜਰਖੜ ਖੇਡ ਮੇਲੇ ਉਪਰ ਹਰ ਸਾਲ ਉੱਘੀਆਂ ਖੇਡ ਸ਼ਖਸੀਅਤਾਂ ਨੂੰ ਸਨਮਾਨਿਤ ਕੀਤਾ ਜਾਂਦਾ ਹੈ। ਇਸ ਸਾਲ ਦੇ ਖੇਡ ਮੇਲੇ ਵਿਚ ਖੇਡ ਸਾਹਿਤ ਰਚਣ ਵਾਲੇ ਲੇਖਕਾਂ ਲਈ ਵੀ ਸਨਮਾਨ ਸ਼ੁਰੂ ਕੀਤਾ ਗਿਆ ਹੈ ਤੇ ਇਹ ਸਨਮਾਨ "ਖੇਡ ਲੇਖਣੀ ਦੇ ਬਾਬਾ ਬੋਹੜ" ਪ੍ਰਿੰਸੀਪਲ ਸਰਵਣ ਸਿੰਘ ਨੂੰ ਦੇ ਕੇ ਚੰਗੀ ਸ਼ੁਰੂਆਤ ਕੀਤੀ ਗਈ ਹੈ।

ਖੇਡਾਂ ਅਤੇ ਖਿਡਾਰੀਆਂ ਦੀ ਬਿਹਤਰੀ ਲਈ ਜਗਰੂਪ ਸਿੰਘ ਜਰਖੜ ਆਖਦਾ ਹੈ ਕਿ ਪ੍ਰਮਾਤਮਾ ਨੇ ਉਸਨੂੰ ਜਿੰਨ੍ਹੇ ਸੁਆਸ ਦਿੱਤੇ ਨੇ ਉਨ੍ਹਾਂ ਦੀ ਆਖਰੀ ਲੜੀ ਤੱਕ ਉਹ ਆਪਣੇ ਯਤਨ ਜਾਰੀ ਰੱਖੇਗਾ। ਉਸਦਾ ਹਰ ਇਕ ਪਲ ਜਰਖੜ ਖੇਡ ਮੈਦਾਨਾਂ ਅਤੇ ਇਨ੍ਹਾਂ ਮੈਦਾਨਾਂ 'ਤੇ ਖੇਡ ਰਹੇ ਖਿਡਾਰੀਆਂ ਨੂੰ ਸਮਰਪਿਤ ਹੁੰਦੈ। ਵਾਹਿਗੁਰੂ ਅੱਗੇ ਅਰਦਾਸ ਹੈ ਕਿ ਖਿਡਾਰੀਆਂ ਦੇ ਇਸ ਫ਼ਰਿਸ਼ਤੇ ਨੂੰ ਤੰਦਰੁਸਤੀ ਅਤੇ ਚੜ੍ਹਦੀ ਕਲਾ ਬਕਸ਼ੇ।



# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਹਰਜਿੰਦਰ ਸਿੰਘ ਧਾਮੀ ਦੇ ਨਾਮ ਪੱਤਰ

**ਸਰਵਜੀਤ ਸਿੰਘ**
**ਸੈਕਰਾਮੈਂਟੋ**
(Punjab Mail USA)



**ਸ. ਹਰਜਿੰਦਰ ਸਿੰਘ ਧਾਮੀ,**
**ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,**


ਵਾਹਿਗੁਰੂ ਜੀ ਕਾ ਖਾਲਸਾ।
ਵਾਹਿਗੁਰੂ ਜੀ ਕੀ ਫ਼ਤਿਹ।

ਵਿਸ਼ਾ:- ਸ. ਜੱਸਾ ਸਿੰਘ ਰਾਮਗੜ੍ਹੀਆਂ ਜੀ ਦੀ ਤੀਜੀ ਜਨਮ ਸ਼ਤਾਬਦੀ

ਸ. ਹਰਜਿੰਦਰ ਸਿੰਘ ਧਾਮੀ ਜੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ. ਜੱਸਾ ਸਿੰਘ ਰਾਮਗੜ੍ਹੀਆਂ ਜੀ ਦੀ ਤੀਜੀ ਜਨਮ ਸ਼ਤਾਬਦੀ ਸਬੰਧੀ ਉਲੀਕੇ ਗਏ ਪ੍ਰੋਗਰਾਮ (16 ਅਪ੍ਰੈਲ ਤੋਂ 5 ਮਈ) ਬਾਰੇ ਜਾਣ ਕੇ ਖੁਸ਼ੀ ਹੋਈ ਹੈ। ਸਿੱਖ ਸਰਦਾਰਾਂ ਦੇ ਜਨਮ ਦਿਹਾੜੇ ਅਤੇ ਸ਼ਹੀਦੀ ਦਿਹਾੜੇ ਮਨਾਉਣਾ ਕੌਮ ਦਾ ਫਰਜ਼ ਹੈ। ਆਪ ਜੀ ਦੀ ਅਗਵਾਈ ਵਿਚ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਹ ਜ਼ਿੰਮੇਵਾਰੀ ਨਿਭਾ ਰਹੀ ਹੈ। ਆਪ ਜੀ ਦੀ ਸਮੁੱਚੀ ਟੀਮ ਦਾ ਧੰਨਵਾਦ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜਾਰੀ ਕੀਤੇ ਗਏ ਕੈਲੰਡਰ (ਸੰਮਤ 555 ਨਾਨਕਸ਼ਾਹੀ) ਵਿਚ ਸ. ਜੱਸਾ ਸਿੰਘ ਰਾਮਗੜੀਆਂ ਦੀ ਤੀਜੀ ਜਨਮ ਸ਼ਤਾਬਦੀ, 22 ਵੈਸਾਖ/5 ਮਈ ਦਰਜ ਹੈ। ਹੁਣ ਜੇ 22 ਵੈਸਾਖ ਨੂੰ ਸਹੀ ਮੰਨੀਏ, ਤਾਂ ਇਸ ਦਿਨ ਅੱਜ ਤੋਂ 300 ਸਾਲ ਪਹਿਲਾ, 22 ਵੈਸਾਖ ਸੰਮਤ 1780 ਬਿਕ੍ਰਮੀ ਦਿਨ ਸ਼ੁਕਰਵਾਰ ਨੂੰ 19 ਅਪ੍ਰੈਲ 1723 ਈ: (ਜੂਲੀਅਨ) ਬਣਦੀ ਹੈ। ਪਰ ਆਮ ਤੌਰ 'ਤੇ (ਔਨ ਲਾਈਨ) ਜੱਸਾ ਸਿੰਘ ਰਾਮਗੜੀਆਂ ਜੀ ਦੀ ਜਨਮ ਤਾਰੀਖ 5 ਮਈ 1723 ਈ: ਹੀ ਮਿਲਦੀ ਹੈ। ਇਸ ਤੋਂ ਸਪੱਸ਼ਟ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੀ ਇਹ ਸ਼ਤਾਬਦੀ ਅੰਗਰੇਜ਼ੀ ਤਾਰੀਖ ਮੁਤਾਬਕ, 5 ਮਈ ਨੂੰ ਮਨਾ ਰਹੀ ਹੈ।

ਪ੍ਰਧਾਨ ਜੀ, ਇਹ ਤਾਰੀਖ ਉਸ ਕੈਲੰਡਰ (ਜੂਲੀਅਨ) ਦੀ ਹੈ, ਜਿਹੜਾ ਕਦੇ ਆਪਣੇ ਖਿੱਤੇ ਵਿਚ ਲਾਗੂ ਹੀ ਨਹੀਂ ਹੋਇਆ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਜਿਹੜਾ ਕੈਲੰਡਰ ਕਦੇ ਲਾਗੂ ਹੀ ਨਹੀਂ ਹੋਇਆ, ਉਸ ਵਿਚ ਇਤਿਹਾਸ ਕਿਵੇਂ ਲਿਖਿਆ ਗਿਆ ਹੋਵੇਗਾ? ਇਹ ਠੀਕ ਹੈ ਕਿ ਜੂਲੀਅਨ ਕੈਲੰਡਰ ਵਿਚ ਸੋਧ ਅਕਤੂਬਰ 1582 ਈ: ਵਿਚ ਹੋ ਗਈ ਸੀ ਪਰ ਇੰਗਲੈਂਡ ਨੇ ਇਸ ਸੋਧ ਨੂੰ ਸਤੰਬਰ 1752 ਈ: ਵਿਚ ਮਾਨਤਾ ਦਿੱਤੀ ਸੀ। ਆਪਣੇ ਦੇਸ਼ ਵਿਚ ਅੰਗਰੇਜੀ ਕੈਲੰਡਰ, ਗੋਰਿਆਂ ਦੇ ਆਉਣ ਨਾਲ ਹੀ ਆਇਆ ਸੀ। ਉਹ ਕੈਲੰਡਰ ਗਰੈਗੋਰੀਅਨ ਸੀ। ਆਪਣੇ ਦੇਸ਼ ਵਿਚ ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ (ਸੂਰਜੀ ਸਿਧਾਂਤ) ਪ੍ਰਚੱਲਤ ਸੀ। ਗੁਰੂ ਕਾਲ ਤੋਂ ਸਾਰੀਆਂ ਤਾਰੀਖ ਇਸੇ ਕੈਲੰਡਰ ਮੁਤਾਬਕ ਹੀ ਮਿਲਦੀਆਂ ਹਨ।



ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ (ਸੂਰਜੀ ਸਿਧਾਂਤ) ਮੁਤਾਬਕ, ਸ. ਜੱਸਾ ਸਿੰਘ ਰਾਮਗੜ੍ਹੀਆਂ ਜੀ ਦੀ ਜਨਮ ਤਾਰੀਖ 7 ਜੇਠ, ਸੰਮਤ 1723 ਬਿਕ੍ਰਮੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜਾਰੀ ਕੀਤੇ ਗਏ ਕੈਲੰਡਰ ਵਿਚ, 7 ਜੇਠ, 21 ਮਈ ਦੀ ਦਰਜ ਹੈ। ਪਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਹ ਦਿਹਾੜਾ 5 ਮਈ ਨੂੰ ਮਨਾ ਰਹੀ ਹੈ। ਕੀ ਕਾਰਨ ਹੈ, ਸ਼੍ਰੋਮਣੀ ਕਮੇਟੀ ਸ. ਜੱਸਾ ਸਿੰਘ ਰਾਮਗੜ੍ਹੀਆਂ ਜੀ ਦੀ ਜਨਮ ਸ਼ਤਾਬਦੀ ਅਸਲ ਪ੍ਰਵਿਸ਼ਟੇ 7 ਜੇਠ (21 ਮਈ) ਨੂੰ ਮਨਾਉਣ ਦੀ ਬਿਜਾਏ 5 ਮਈ (22 ਵੈਸਾਖ) ਨੂੰ ਮਨਾ ਰਹੀ ਹੈ? ਕੀ ਇਸ ਤਰ੍ਹਾਂ ਇਤਿਹਾਸਕ ਤਾਰੀਖ ਨੂੰ ਮਨਮਰਜ਼ੀ ਨਾਲ ਬਦਲੀ ਕਰਨਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸ਼ੋਭਾ ਦਿੰਦਾ ਹੈ? ਕੀ ਸ਼੍ਰੋਮਣੀ ਕਮੇਟੀ ਦੇ ਵਿਦਵਾਨ, ਇਸ ਤਾਰੀਖ ਨੂੰ ਬਦਲੀ ਕਰਨ ਦੇ ਕਾਰਨਾਂ ਬਾਰੇ ਜਾਣਕਾਰੀ ਸੰਗਤਾਂ ਨਾਲ ਸਾਂਝੀ ਕਰਨਗੇ?

ਸ. ਹਰਜਿੰਦਰ ਸਿੰਘ ਧਾਮੀ ਜੀ, ਨਿਮਰਤਾ ਸਹਿਤ ਬੇਨਤੀ ਹੈ ਕਿ ਇਤਿਹਾਸਿਕ ਤਾਰੀਖ ਨਾਲ ਛੇੜਛਾੜ ਕਰਨ ਪਿੱਛੇ ਕੰਮ ਕਰਦੀ ਸ਼ਾਜਿਸ ਦੀ ਪੜਤਾਲ ਕਰਵਾ ਕੇ ਜ਼ਿੰਮੇਵਾਰ ਵਿਅਕਤੀਆਂ ਖਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ ਅਤੇ ਸ. ਜੱਸਾ ਸਿੰਘ ਰਾਮਗੜ੍ਹੀਆਂ ਜੀ ਦੀ ਤੀਜੀ ਜਨਮ ਸ਼ਤਾਬਦੀ ਗਲਤ ਤਾਰੀਖ (5 ਮਈ) ਨੂੰ ਮਨਾਉਣ ਦੀ ਬਿਜਾਏ, ਗੁਰੂ ਕਾਲ ਤੋਂ ਪ੍ਰਚੱਲਤ ਕੈਲੰਡਰ ਭਾਵ ਬਿਕ੍ਰਮੀ ਕੈਲੰਡਰ ਮੁਤਾਬਕ, 7 ਜੇਠ (21 ਮਈ) ਨੂੰ ਮਨਾਉਣ ਦਾ ਐਲਾਨ ਕੀਤਾ ਜਾਵੇ।

**ਧੰਨਵਾਦ**
**ਸਤਿਕਾਰ ਸਹਿਤ**
**ਸਰਵਜੀਤ ਸਿੰਘ ਸੈਕਰਾਮੈਂਟੋ**
**21 ਚੇਤ, ਸੰਮਤ 555 ਨਾਨਕਸ਼ਾਹੀ** (3 **ਅਪ੍ਰੈਲ**, 2023 **ਈ:**)

# ਰੁੱਤ 'ਵਾਅਦੇ ਕਰਨ' ਦੀ ਆਈ...

**ਸਿੰਦਰ ਸਿੰਘ ਮੀਰਪੁਰੀ**
**ਫਰਿਜ਼ਨੋ ਅਮਰੀਕਾ**
ਮੋ.: 559-285-0841
(Punjab Mail USA



ਆਉਣ ਵਾਲੀ 10 ਮਈ ਨੂੰ ਲੋਕ ਸਭਾ ਹਲਕਾ ਜਲੰਧਰ ਦੇ ਵੋਟਰਾਂ ਵੱਲੋਂ ਆਪਣੇ ਵੋਟ ਦਾ ਇਸਤੇਮਾਲ ਕਰ ਕੇ ਆਪਣਾ ਨਵਾਂ ਮੈਂਬਰ ਪਾਰਲੀਮੈਂਟ ਚੁਣਨ ਦਾ ਰਾਹ ਪੱਧਰਾ ਕਰਨਾ ਹੈ। ਕਿਉਂਕਿ-ਕਿਉਂਕਿ ਉਥੋਂ ਮੌਜੂਦਾ ਕਾਂਗਰਸੀ ਮੈਂਬਰ ਪਾਰਲੀਮੈਂਟ ਚੌਧਰੀ ਸੰਤੋਖ ਸਿੰਘ ਦੀ ਮੌਤ ਹੋ ਚੁੱਕੀ ਹੈ। ਹੁਣ ਵੋਟਾਂ ਪੈਣ ਵਾਲੇ ਦਿਨ ਤੋਂ 2 ਦਿਨ ਪਹਿਲਾਂ ਤੱਕ ਪੰਜਾਬ ਦੀਆਂ ਸਾਰੀਆਂ ਹੀ ਰਾਜਸੀ ਧਿਰਾਂ ਵੱਲੋਂ ਚੋਣ ਅਖਾੜੇ ਦੇ ਵਿਚ ਕੁੱਦ ਕੇ ਵਾਇਦਿਆਂ ਅਤੇ ਦੇ ਲਾਰਿਆਂ ਦੀ ਰਾਜਨੀਤੀ ਰਾਹੀਂ ਆਪਣੀ 'ਸੱਤਾ ਦੇ ਸੂਰਜ' ਨੂੰ ਚਮਕਾਉਣ ਦਾ ਯਤਨ ਕੀਤਾ ਜਾਵੇਗਾ, ਇਹ ਵੱਖਰੀ ਗੱਲ ਹੈ ਕਿ ਸਿਆਸੀ ਆਗੂਆਂ ਦੇ ਕੀਤੇ ਵਾਅਦੇ, ਦਾਅਵਿਆਂ ਦੇ ਰੂਪ ਵਿਚ ਬਦਲਦੇ ਹਨ ਜਾਂ ਨਹੀਂ। ਸੱਤਾਧਾਰੀ ਧਿਰ ਆਪ, ਕਾਂਗਰਸ, ਅਕਾਲੀ ਦਲ ਭਾਜਪਾ, ਆਦਿ ਵਲੋਂ ਜਿੱਤ ਦੀ ਸਿਰਤੋੜ ਕੋਸ਼ਿਸ਼ ਕੀਤੀ ਜਾਵੇਗੀ।

ਹਰ ਵਾਰ ਦੀ ਤਰ੍ਹਾਂ ਸਿਆਸੀ ਪਾਰਟੀਆਂ ਵੱਲੋਂ ਵੋਟਰਾਂ ਨੂੰ ਭਰਮਾਉਣ ਅਤੇ ਵੋਟਾਂ ਬਟੋਰਨ ਦੇ ਲਈ ਤਰ੍ਹਾਂ-ਤਰ੍ਹਾਂ ਦੇ ਹੱਥਕੰਡੇ ਅਪਣਾ ਕੇ 'ਆਪਣੇ ਪਾਲ਼ੇ' ਵਿਚ ਖਿੱਚਣ ਦੀ ਸਿਰਤੋੜ ਕੋਸ਼ਿਸ਼ ਕੀਤੀ ਜਾਵੇਗੀ। ਸਿਆਸੀ ਧਿਰਾਂ ਵੱਲੋਂ 'ਸੱਤਾ ਦਾ ਸੁਆਦ' ਮਾਨਣ ਦੇ ਲਈ ਪੰਜਾਬ ਦੇ ਲੋਕਾਂ ਨਾਲ ਵੱਡੇ-ਵੱਡੇ ਵਾਅਦੇ ਕਰਦਿਆਂ ਧੂੰਆਧਾਰ ਤਕਰੀਰਾਂ ਕਰਕੇ ਉਨ੍ਹਾਂ ਨੂੰ ਆਪਣੇ ਨੇੜੇ ਲਿਆਉਣ ਦਾ ਯਤਨ ਵੱਡੀ ਪੱਧਰ 'ਤੇ ਕੀਤਾ ਜਾ ਰਿਹਾ ਹੈ। ਪੰਜਾਬ ਦੇ ਲੋਕਾਂ ਦੇ ਅਸਲੀ ਦਿਲਾਂ ਦੇ ਦਰਦ ਨੂੰ ਕਿਸੇ ਵੀ ਪਾਰਟੀ ਵੱਲੋਂ ਸਮਝਣ ਦਾ



ਯਤਨ ਹੀ ਕੀਤਾ ਨਹੀਂ ਕੀਤਾ ਜਾ ਰਿਹਾ ਜਾਂ ਜਾਣ-ਬੁੱਝ ਕੇ ਉਸ ਨੂੰ ਅਣਗੌਲਿਆਂ ਕਰਨ ਦੀ ਕਵਾਇਦ ਤੇਜ਼ ਹੋ ਚੁੱਕੀ ਵਿਖਾਈ ਦਿੰਦੀ ਹੈ। ਇਸ ਆਲਮ ਦੇ ਕਾਰਨ ਚਾਰੇ ਪਾਸੇ ਸੰਨਾਟਾ ਛਾਇਆ ਵਿਖਾਈ ਦਿੰਦਾ ਹੈ, ਸਿਵਾਏ ਸਿਆਸੀ ਰਾਮ ਰੌਲੇ ਦੇ।

ਕਰਜ਼ੇ ਦੇ ਵਿਚ ਧੁਰ ਅੰਦਰ ਤੱਕ ਡੁੱਬ ਚੁੱਕੇ ਪੰਜਾਬ ਦੇ ਵਾਸੀਆਂ ਨੂੰ ਕੇਵਲ ਮੁਫ਼ਤਖੋਰੀ ਅਤੇ ਲਾਲਚ ਦੇ ਘਨੇੜੇ ਚੜ੍ਹ ਕੇ ਵੋਟਾਂ ਭੁਗਤਾਉਣ ਦੀਆਂ ਕੀਤੀਆਂ ਜਾ ਰਹੀਆਂ ਬੇਨਤੀਆਂ ਨਿੱਜੀ ਹਿੱਤਾਂ ਦੀ ਪੂਰਤੀ ਤਾਂ ਕਰ ਸਕਦੀਆਂ ਹਨ ਪਰ ਪੰਜਾਬ ਦਾ ਭਲਾ ਕਦੇ ਵੀ ਨਹੀਂ ਕਰ ਸਕਦੀਆਂ। ਹੈਰਾਨੀ ਦੀ ਹੱਦ ਹੋ ਚੁੱਕੀ ਹੈ ਕਿ ਪੰਜਾਬ ਦੇ ਵਾਸੀਆਂ ਨੂੰ ਰੁਜ਼ਗਾਰ ਦੇ ਮੌਕੇ ਮੁਹੱਈਆ ਕਰਾਉਣ ਦੀ ਬਜਾਏ ਮੁਫ਼ਤਖੋਰੀ ਦਾ 'ਜਾਮ' ਪਿਆ ਕੇ 'ਪੰਜਾਬੀਆਂ ਦੀ ਗ਼ੈਰਤ ਨੂੰ ਲਾਲਚ ਦੇ ਆਟੇ ਵਿਚ ਗੁੰਨ੍ਹ ਕੇ ਸਿਆਸੀ ਚੁੱਲ੍ਹੇ ਉੱਤੇ ਰਾੜ੍ਹਿਆ' ਜਾ ਰਿਹਾ ਹੈ, ਜਿਸ ਨੂੰ ਕਿਸੇ ਵੀ ਪਾਸਿਓਂ ਸਹੀ ਨਹੀਂ ਠਹਿਰਾਇਆ ਜਾ ਸਕਦਾ। ਚਾਰੇ ਪਾਸੇ ਨਿਗ੍ਹਾ ਮਾਰਦਿਆਂ ਸਾਰੀਆਂ ਹੀ ਸਿਆਸੀ ਧਿਰਾਂ ਵੱਲੋਂ ਮੁਫ਼ਤਖੋਰੀ ਅਤੇ ਲਾਲਚ ਦੇ ਸਿਰ 'ਤੇ ਆਪਣੀ ਸਰਕਾਰ ਦੀ ਸਥਾਪਤੀ ਦਾ ਰਾਹ ਪੱਧਰਾ ਕੀਤਾ ਜਾ ਰਿਹਾ ਹੈ। ਕਦੇ-ਕਦੇ ਤਾਂ ਇਉਂ ਪ੍ਰਤੀਤ ਹੁੰਦਾ ਹੈ, ਜਿਵੇਂ ਪੰਜਾਬ ਦੇ ਰਾਜਸੀ ਨੇਤਾ ਮੁਫ਼ਤਖੋਰੀ-ਮੁਫ਼ਤਖੋਰੀ ਦੀ ਖੇਡ-ਖੇਡ ਰਹੇ ਹੋਣ। ਪਰ ਇਹ ਕੋਈ ਨਹੀਂ ਸੋਚਦਾ ਕਿ ਇੰਨਾ ਕੁਝ ਮੁਫ਼ਤ ਦਾ ਦੇਣ ਦੇ ਲਈ ਪੈਸਾ ਕਿੱਥੋਂ ਆਵੇਗਾ।

ਪੰਜਾਬ ਦੀ ਸਿਆਸਤ ਇਸ ਵੇਲੇ ਬਾਂਦਰਕੀਲੇ ਦਾ ਅਖਾੜਾ ਬਣੀ ਨਜ਼ਰ ਆਉਂਦੀ ਹੈ, ਜੋ ਵੀ ਸਿਆਸੀ ਨੇਤਾ ਸੱਚ ਅਤੇ ਹੱਕ ਦੀ ਗੱਲ ਕਰਦਾ ਹੈ, ਉਸ ਦੇ ਪਿੱਛੇ ਬਾਕੀ ਸਿਆਸੀ ਧਿਰਾਂ ਦੇ ਆਗੂ ਹੱਥ ਧੋ ਕੇ ਪੈ ਜਾਂਦੇ ਹਨ। ਜੋ ਪੰਜਾਬ ਦੇ ਮੁੱਦੇ ਚੁੱਕ ਕੇ ਪੰਜਾਬ ਦੇ ਹਿੱਤਾਂ ਦੀ ਗੱਲ ਕਰਦਾ ਹੈ, ਉਸ ਦੀ ਗੱਲ ਨੂੰ ਰੋਲ-ਘਚੋਲੇ ਵਿਚ ਰੌਂਦ ਦੇਣਾ ਅੱਜ ਦੇ ਸਿਆਸੀ ਨੇਤਾਵਾਂ ਦੀ ਪਹਿਲੀ ਪਸੰਦ ਬਣ ਚੁੱਕਿਆ ਹੈ। ਇਸ ਦੇ ਮੁਕਾਬਲੇ 'ਤੇ ਜੋ ਸਿਆਸੀ ਆਗੂ ਝੂਠ ਦੀ ਪੰਡ ਲੈ ਕੇ ਰਾਜਨੀਤੀ ਦੇ ਬਾਜ਼ਾਰ ਵਿਚ ਵੇਚਣ ਨਿਕਲਦਾ ਹੈ, ਉਸ ਦਾ ਝੂਠ 'ਸਾਝਰੇ' ਹੀ ਵਿਕ ਜਾਣਾ ਆਮ ਗੱਲ ਬਣ ਚੁੱਕੀ ਹੈ। ਮੇਰੇ ਖਿਆਲ ਮੁਤਾਬਕ ਜੋ ਸਿਆਸੀ ਆਗੂ ਸੱਤ ਦਹਾਕਿਆਂ ਤੱਕ ਆਜ਼ਾਦੀ ਤੋਂ ਬਾਅਦ ਵੀ ਦੇਸ਼ ਦੀਆਂ ਮੁੱਖ ਲੋੜਾਂ ਪੂਰੀਆਂ ਨਹੀਂ ਕਰ ਸਕੇ, ਉਨ੍ਹਾਂ ਤੋਂ ਆਸ ਰੱਖਣੀ ਨਾਮੁਮਕਿਨ ਹੈ। ਸਿੱਖਿਆ, ਭ੍ਰਿਸ਼ਟਾਚਾਰ ਅਤੇ ਵਿਕਾਸ ਨਾਂ ਦੇ ਸ਼ਬਦਾਂ ਨੂੰ ਸੁਣ-ਸੁਣ ਕੇ ਦੇਸ਼ ਦੇ ਵਾਸੀ ਅੱਕ ਚੁੱਕੇ ਹਨ। ਪਰ ਸਿਤਮ ਦੀ ਗੱਲ ਹੈ ਕਿ ਇੰਨਾ ਕੁਝ ਹੋਣ ਦੇ ਬਾਵਜੂਦ ਬਦਲ ਕੁਝ ਵੀ ਨਹੀਂ ਰਿਹਾ।

ਹੁਣ ਫੇਰ ਲਗਾਤਾਰ ਕਈ ਦਿਨ ਵੋਟਰਾਂ ਨੂੰ ਵੱਡੇ-ਵੱਡੇ ਵਾਅਦੇ ਸੁਣਨ ਨੂੰ ਮਿਲਣਗੇ ਅਤੇ ਲਾਰਿਆਂ ਦੀਆਂ ਪੰਡਾਂ ਪੰਜਾਬ ਵਾਸੀਆਂ ਦੇ ਸਿਰ 'ਤੇ ਰੱਖ ਕੇ ਨੇਤਾ ਲੋਕ ਅਗਲੇ ਸਾਲਾਂ ਲਈ ਰਫ਼ੂਚੱਕਰ ਹੋ ਜਾਣਗੇ। ਵਿਕਾਸ ਅਤੇ ਸਿੱਖਿਆ ਦੇ ਤੰਤਰ ਨੂੰ ਮਜ਼ਬੂਤ ਅਤੇ ਭ੍ਰਿਸ਼ਟਾਚਾਰ ਨੂੰ ਖਤਮ ਕਰਨ ਦੀਆਂ ਟਾਹਰਾਂ ਮਾਰੀਆਂ ਜਾਣਗੀਆਂ, ਸੂਬੇ ਨੂੰ ਕਰਜ਼ਾ ਮੁਕਤ ਕਰਕੇ ਨਵੀਂ ਵਿਉਂਤਬੰਦੀ ਰਾਹੀਂ ਲੱਖਾਂ ਨੌਜਵਾਨਾਂ ਨੂੰ ਰੁਜ਼ਗਾਰ ਮੁਹੱਈਆ ਕਰਵਾਉਣ ਦੇ ਵਾਅਦੇ ਕੀਤੇ ਜਾਣਗੇ। ਵੋਟਰਾਂ ਨੂੰ ਸਭ ਕੁਝ ਫ੍ਰੀ ਦੇਣ ਦੀ ਰਣਨੀਤੀ ਰਾਹੀਂ 'ਸਿਆਸੀ ਗੇਂਦ' ਨੂੰ ਆਪਣੇ ਪਾਲ਼ੇ ਵਿਚ ਕਰਨ ਦੇ ਲਈ ਹਰ ਪੱਥਰ ਪਲਟਾਇਆ ਜਾਵੇਗਾ। ਪਰ ਸਿਆਸੀ ਆਗੂਆਂ ਵੱਲੋਂ ਕੀਤੇ ਵਾਅਦੇ ਹਕੀਕਤ ਵਿਚ ਬਦਲ ਜਾਣਗੇ, ਇਸ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ। ਸੋ ਵੋਟ ਪਾਉਣ ਤੋਂ ਪਹਿਲਾਂ ਰਵਾਇਤੀ ਪਾਰਟੀਆਂ ਦੇ ਆਗੂਆਂ ਨੂੰ ਇੱਕ ਸੁਆਲ ਤਾਂ ਜ਼ਰੂਰ ਕਰਨਾ ਬਣਦਾ ਹੈ ਕਿ ਜੇਕਰ ਤੁਸੀਂ ਹਰ ਪੰਜਾਂ ਸਾਲਾਂ ਬਾਅਦ ਹਰ ਮੁੱਦੇ ਤੇ ਇੰਨੇ ਵਾਅਦੇ ਅਤੇ ਦਾਅਵੇ ਕਰਦੇ ਹੋ ਕਿ ਅਸੀਂ ਆਹ ਕਰ ਦਿੱਤਾ, ਅਸੀਂ ਔਹ ਕਰ ਦਿੱਤਾ, ਤਾਂ ਸਾਡੇ ਰੰਗਲੇ ਪੰਜਾਬ ਦੀ ਇਸ ਦੁਰਦਸ਼ਾ ਲਈ ਜ਼ਿੰਮੇਵਾਰ ਕੌਣ ਹੈ ਅਤੇ ਇਸ ਦੇ ਕਾਰਨ ਕੀ ਹਨ, ਇਸ ਨੂੰ ਹੱਲ ਕਰਨ ਦੇ ਲਈ ਤੁਹਾਡੇ ਕੋਲ ਕੀ 'ਗਿੱਦੜਸਿੰਗੀ' ਹੈ। ਇਹ ਸਵਾਲ ਹਰ ਵੋਟਰ ਦੀ ਜ਼ੁਬਾਨ 'ਤੇ ਲਾਜ਼ਮੀ ਹੈ। ਚੰਗਾ ਹੋਵੇ, ਤਬਾਹ ਹੋ ਰਹੇ ਪੰਜਾਬ ਨੂੰ ਬਚਾਉਣ ਦੇ ਲਈ ਸਾਰੀਆਂ ਹੀ ਸਿਆਸੀ ਧਿਰਾਂ ਸੱਚੇ-ਮਨੋਂ ਪਹਿਲ ਕਰਨ, ਤਾਂ ਸੱਚ ਦਾ ਸੂਰਜ ਚਮਕ ਸਕਦਾ ਹੈ। ਨਹੀਂ ਤਾਂ ਹਰ ਵਾਰ ਦੀਆਂ ਚੋਣਾਂ ਨੂੰ ਕੇਵਲ ਵਾਅਦੇ ਵੇਚਣ ਦੀ ਰੁੱਤ ਹੀ ਆਖ ਸਕਦੇ ਹਾਂ।

# ਕੰਜਕਾਂ

**ਹਰਕੀਰਤ ਕੌਰ**
97791-18066
(Punjab Mail USA



ਅੱਜ ਰਾਮਨੌਮੀ ਸੀ। ਸੁਨੀਤਾ ਦੀ ਸੱਸ ਨੇ ਕੰਜਕਾਂ ਪੂਜਣ ਲਈ ਗਲੀ-ਗੁਆਂਢ ਦੀਆਂ ਛੋਟੀਆਂ-ਛੋਟੀਆਂ ਕੁੜੀਆਂ ਨੂੰ ਬੁਲਾ ਲਿਆ ਸੀ। ਅੱਜ ਉਨ੍ਹਾਂ ਲਈ ਵੰਨ-ਸੁਵੰਨੇ ਪਕਵਾਨ ਘਰ ਵਿਚ ਬਣਾਏ ਗਏ। ਸੁਨੀਤਾ ਦੀ ਸੱਸ ਨੇ ਸਭ ਤੋਂ ਪਹਿਲਾਂ ਉਨ੍ਹਾਂ ਬੱਚੀਆਂ ਦੇ ਪੈਰ ਆਪਣੇ ਹੱਥਾਂ ਨਾਲ ਧੋਤੇ ਤੇ ਫਿਰ ਪਕਵਾਨ ਛਕਾਉਣ ਤੋਂ ਉਪਰੰਤ ਸਾਰੀਆਂ ਨੂੰ ਇੱਕ-ਇੱਕ ਸੂਟ ਦਿੱਤਾ। ਦੋ ਧੀਆਂ ਦੀ ਮਾਂ ਸੁਨੀਤਾ ਚੁੱਪ-ਚਪੀਤੀ ਸਭ ਵੇਖ ਰਹੀ ਸੀ। ਉਸ ਦੀਆਂ ਅੱਖਾਂ ਮੂਹਰੇ ਉਹ ਡਰਾਵਨਾ ਸੀਨ ਇੱਕ ਵਾਰ ਫਿਰ ਘੁੰਮ ਗਿਆ, ਜਦੋਂ ਉਸਦੀ ਕੁੱਖ ਵਿਚ ਪਲ ਰਹੀ ਤੀਸਰੀ ਧੀ ਨੂੰ ਸੱਸ ਨੇ ਕੁੱਖ ਵਿਚ ਇਹ ਕਹਿ ਕੇ ਮਰਵਾ ਦਿੱਤਾ ਸੀ ਕਿ ਉਸਦੇ ਪੁੱਤ ਦੇ ਮੋਢਿਆਂ ਵਿਚ ਏਨਾਂ ਜ਼ੋਰ ਨਹੀਂ ਕਿ ਉਹ ਤਿੰਨ-ਤਿੰਨ ਧੀਆਂ ਦਾ ਬੋਝ ਚੁੱਕ ਸਕੇ!



ਉਹ ਵੇਲਾ ਯਾਦ ਕਰ ਉਸਦੀਆਂ ਅੱਖਾਂ ਵਿੱਚੋਂ ਤ੍ਰਿਪ-ਤ੍ਰਿਪ ਕਰਕੇ ਹੰਝੂ ਵਹਿ ਤੁਰੇ। ਸੁਨੀਤਾ ਦੀ ਸੱਸ ਨੇ ਕੰਜਕਾਂ ਦੀ ਪੂਜਾ ਕਰ ਉਨ੍ਹਾਂ ਨੂੰ ਕਿਹਾ ਅਰਦਾਸ ਕਰੇਓ, ਰੱਬ ਸਾਡੇ ਘਰ ਪੁੱਤਰ ਦੀ ਦਾਤ ਦੇਵੇ, ਆਉਂਦੇ ਵਰ੍ਹੇ ਤੁਹਾਨੂੰ ਦੋ-ਦੋ ਸੂਟ ਬਣਵਾ ਕੇ ਦੇਵਾਂਗੀ। ਕੁਝ ਵੀ ਬੋਲਣ ਤੋਂ ਅਸਮਰੱਥ ਸੁਨੀਤਾ ਸੱਸ ਦੇ ਦੋਗਲੇ ਚਿਹਰੇ 'ਤੇ ਕੰਜਕਾਂ ਦੇ ਅਰਥ ਨੂੰ ਸਮਝਣ ਦਾ ਯਤਨ ਕਰਦੀ ਸੋਚ ਰਹੀ ਸੀ ਕਿ ਉਨ੍ਹਾਂ ਲੱਖਾਂ ਕੰਜਕਾਂ ਦਾ ਕੀ, ਜਿਨ੍ਹਾਂ ਦੀਆਂ ਮਾਵਾਂ ਦੀਆਂ ਕੁੱਖਾਂ ਹੀ ਕਬਰਾਂ ਬਣ ਗਈਆਂ!

# 'ਯਾਦ ਰੱਖਣ ਯੋਗ ਗੱਲਾਂ'

**ਹਰਦੀਪ ਸਿੰਘ ਸੋਢੀ ਨਡਾਲਾ**
ਫੀਨਿਕਸ 480-794-0325



- ਕੋਸ਼ਿਸ਼ ਕਰੋ ਕਿ ਤੁਹਾਡੀ ਵਜ੍ਹਾ ਨਾਲ ਕਿਸੇ ਦੀ ਅੱਖ ਵਿਚੋਂ ਹੰਝੂ ਨਾ ਕਿਰੇ ਤੇ ਕਦਰ ਕਰੋ ਉਸ ਹੰਝੂ ਦੀ, ਜੋ ਤੁਹਾਡੀ ਖਾਤਰ ਕਿਸੇ ਅੱਖ ਵਿਚੋਂ ਵਹੇ।
- ਸੱਚੇ ਇਨਸਾਨ ਨੂੰ ਡਿਗਰੀ ਬਾਰੇ ਪੁੱਛੋ ਤਾਂ ਉਸ ਨੂੰ ਚਾਅ ਚੜ੍ਹ ਜਾਂਦਾ ਹੈ। ਝੂਠੇ ਸਾਹਮਣੇ ਉਸ ਦੀ ਡਿਗਰੀ ਦਾ ਨਾਮ ਲਵੋ, ਤਾਂ ਉਸ ਨੂੰ ਸੌ ਡਿਗਰੀ ਬੁਖਾਰ ਹੋ ਜਾਂਦਾ ਹੈ।
- ਉਸ ਦੇਸ਼ ਦੀ ਵਿੱਦਿਅਕ ਪ੍ਰਣਾਲੀ ਨੂੰ ਛਾਣਨ ਦੀ ਲੋੜ ਨਹੀਂ ਹੁੰਦੀ, ਜਿਸ ਵਿਚ 31 ਮਾਰਚ ਵਾਲੇ ਦਿਨ ਸ਼ਰਾਬ ਪੂਰੀ ਸਸਤੀ ਅਤੇ ਕਿਤਾਬਾਂ ਪੂਰੇ ਹਾਈ ਰੇਟ 'ਤੇ ਹੋਣ।
- ਲਿਫਾਫਾ ਵੈਸੇ ਤਾਂ ਸਮਾਨ ਪਾਉਣ ਲਈ ਬਣਦਾ ਹੈ ਪਰ ਬਹੁਤੇ ਘਰਾਂ ਵਿਚ ਇੱਕ ਲਿਫਾਫਾ ਅਜਿਹਾ ਟੰਗਿਆ ਹੁੰਦਾ ਹੈ, ਜੋ ਖਾਲੀ ਲਿਫਾਫਿਆਂ ਨਾਲ ਭਰਿਆ ਹੁੰਦਾ ਹੈ।
- ਅੱਜ ਦਾ ਸਮਾਂ ਕਹਿੰਦਾ ਹੈ, ਆਪਣੀ ਜ਼ਿੰਦਗੀ ਜੀਉ, ਹੋਰਨਾਂ ਨੂੰ ਖੁਸ਼ ਕਰਨਾ ਸੌਖਾ ਨਹੀਂ ਰਿਹਾ। ਹੁਣ ਤਾਂ ਕਿਸੇ ਖਾਤਰ ਧੌਣ ਕਟਵਾਉਣ ਵਾਲੇ ਨੂੰ ਵੀ ਉਲਾਹਮਾ ਹੀ ਦਿੱਤਾ ਜਾਂਦਾ ਹੈ ਕਿ ਥੋੜ੍ਹੀ ਹੋਰ ਨੀਵੀਂ ਕਟਾਉਣੀ ਚਾਹੀਦੀ ਸੀ।
- ਜ਼ਿੰਦਗੀ ਵਿਚ ਦਰਦ ਅਤੇ ਫਰਜ਼ ਅਹਿਮ ਭੂਮਿਕਾ ਨਿਭਾਉਂਦੇ ਹਨ, ਦਰਦ ਜਿਉਣ ਨਹੀਂ ਦੇਂਦੇ ਅਤੇ ਫਰਜ਼ ਮਰਨ ਨਹੀਂ ਦੇਂਦੇ।
- ਸਮਾਂ ਕਿੰਨਾ ਤੇਜ਼ ਚੱਲਦਾ ਹੈ। ਕੁਝ ਕੁ ਵਰ੍ਹੇ ਪਹਿਲਾਂ ਕਹਿੰਦੇ ਸਨ ਕਿ ਅਕਲ ਬਦਾਮ ਖਾਣ ਨਾਲ ਆਉਂਦੀ ਹੈ, ਫਿਰ ਕਹਿਣ ਲੱਗੇ, ਨਹੀਂ-ਨਹੀਂ ਅਕਲ ਧੱਕੇ ਖਾਣ ਨਾਲ ਆਉਂਦੀ ਹੈ। ਹੁਣ ਕਹਿੰਦੇ ਹਨ, ਨਹੀਂ-ਨਹੀਂ ਅਕਲ ਮਾੜੀ ਪਾਰਟੀ ਨੂੰ ਵੋਟ ਪਾਉਣ ਉਪਰੰਤ ਆਉਂਦੀ ਹੈ।

(Punjab Mail USA)

# ਮੌਜੂਦਾ ਸਥਿਤੀ 'ਚ ਪੰਜਾਬੀਆਂ ਉਤੇ ਪ੍ਰਵਾਸ ਹੰਢਾਉਣ ਦਾ ਦਬਾਅ ਹੋਰ ਵਧੇਗਾ

ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
(Punjab Mail USA)





ਪੰਜਾਬ ਦੇ ਹਾਲਾਤ ਸੁਖਾਵੇਂ ਨਹੀਂ ਰਹਿਣ ਦਿੱਤੇ ਗਏ। ਇਸ ਵਾਸਤੇ ਜ਼ਿੰਮੇਵਾਰ ਕੌਣ ਹੈ, ਇਹ ਇੱਕ ਵੱਖਰਾ ਸਵਾਲ ਹੈ। ਪਰ ਇਸ ਵੇਲੇ ਪੰਜਾਬੀਆਂ ਦੇ ਮਨਾਂ ਵਿਚ ਸ਼ੰਕੇ, ਚਿੰਤਾ, ਫ਼ਿਕਰ, ਬੇਭਰੋਸਗੀ ਵਧ ਗਈ ਹੈ। ਸਭ ਤੋਂ ਵੱਧ ਫ਼ਿਕਰ ਉਨ੍ਹਾਂ ਪੰਜਾਬੀ ਮਾਪਿਆਂ ਨੂੰ ਹੈ, ਜਿਨ੍ਹਾਂ ਦੇ ਬੱਚੇ, ਬੱਚੀਆਂ ਜਵਾਨ ਹੋ ਗਏ ਹਨ ਜਾਂ ਹੋ ਰਹੇ ਹਨ।

ਫ਼ਿਕਰ ਉਨ੍ਹਾਂ ਦਾ ਹੁਣ ਦੋਹਰਾ, ਤੇਹਰਾ ਹੈ। ਬੱਚਿਆਂ ਨੂੰ ਬੁਰੀ ਸੰਗਤ ਤੋਂ ਕਿਵੇਂ ਬਚਾਉਣਾ ਹੈ? ਬੱਚਿਆਂ ਨੂੰ ਗੈਂਗਸਟਰਾਂ ਤੋਂ ਕਿਵੇਂ ਬਚਾਉਣਾ ਹੈ? ਬੱਚਿਆਂ ਨੂੰ ਨਸ਼ਿਆਂ ਤੋਂ ਕਿਵੇਂ ਦੂਰ ਰੱਖਣਾ ਹੈ। ਇਸ ਦਾ ਇੱਕ ਹੱਲ ਉਨ੍ਹਾਂ ਨੂੰ ਸਾਹਮਣੇ ਦਿੱਸਦਾ ਹੈ, ਬੱਚਿਆਂ ਨੂੰ ਪ੍ਰਦੇਸੀਂ ਤੋਰ ਦਿਓ। ਔਝੜੇ ਰਾਹੀਂ ਪਾ ਦਿਓ। ਹਾਲਾਤ ਦੇ ਸਾਹਮਣੇ ਸਿਰ ਝੁਕਾਕੇ, ਉਨ੍ਹਾਂ ਨੂੰ ਪੜ੍ਹਾਈ ਦੇ ਬਹਾਨੇ, ਆਇਲੈੱਟਸ ਕੀਤੀਆਂ ਲੜਕੀਆਂ ਦੇ ਪੈਸੇ ਨਾਲ ਖਰੀਦੇ ਵਰ ਬਣਾਕੇ, ਰੁੱਗਾਂ ਦੇ ਰੁੱਗ ਰੁਪੱਈਏ ਏਜੰਟਾਂ ਨੂੰ ਦੇ ਕੇ ਅਮਰੀਕਾ ਤੇ ਹੋਰ ਮੁਲਕਾਂ ਦੀਆਂ ਸਰਹੱਦਾਂ ਟਪਾਉਣ ਲਈ ਜਾਨ ਜ਼ੋਖ਼ਮ 'ਚ ਪਾਕੇ ਬਸ ਗਲੋਂ ਲਾਹ ਦਿਓ। ਉਨ੍ਹਾਂ ਪਿਆਰੀਆਂ, ਦੁਲਾਰੀਆਂ ਜਾਨਾਂ ਨੂੰ ਜਿਨ੍ਹਾਂ ਨੂੰ ਮੱਖਣਾ, ਪੇੜਿਆਂ, ਦੁੱਧ ਮਲਾਈਆਂ ਖੁਆਕੇ ਲਾਡਾਂ ਨਾਲ ਪਾਲਿਆ, ਪੋਸਿਆ ਅਤੇ ਪ੍ਰਵਾਨ ਚੜ੍ਹਾਇਆ ਹੈ।

ਪ੍ਰਵਾਸ ਪੰਜਾਬੀਆਂ ਲਈ ਨਵਾਂ ਨਹੀਂ ਹੈ। ਦਹਾਕਿਆਂ ਤੋਂ ਪੰਜਾਬੀ ਬਾਹਰਲੇ ਮੁਲਕਾਂ 'ਚ ਗਏ ਕਮਾਈਆਂ ਕਰਨ, ਮਲੇਸ਼ੀਆ ਤੋਂ ਲੈ ਕੇ ਬਰਤਾਨੀਆ, ਅਮਰੀਕਾ, ਕੈਨੇਡਾ ਅਤੇ ਫਿਰ ਅਸਟਰੇਲੀਆ, ਨਿਊਜ਼ੀਲੈਂਡ, ਅਰਬ ਦੇਸ਼। ਇੱਕ ਸਰਵੇ ਅਨੁਸਾਰ ਦੁਨੀਆਂ ਦੇ 103 ਦੇਸ਼ਾਂ 'ਚ ਪੰਜਾਬੀ ਵਸੇ ਹਨ, ਭਾਵੇਂ ਕਿਧਰੇ ਗਿਣਤੀ 'ਚ 5 ਜਾਂ 7 ਅਤੇ ਜਾਂ ਫਿਰ ਪੰਜ-ਸੱਤ ਹਜ਼ਾਰ ਅਤੇ ਜਾਂ ਫਿਰ ਹੁਣ ਗਿਣਤੀ ਲੱਖਾਂ 'ਚ ਪਹੁੰਚੀ ਹੋਈ ਹੈ। ਕੈਨੇਡਾ ਪੁੱਜਣ ਲਈ ਤਾਂ ਜਿਵੇਂ ਹੋੜ ਲੱਗੀ ਹੋਈ ਹੈ। ਅੰਦਾਜ਼ੇ ਮੁਤਾਬਕ ਡੇਢ ਲੱਖ ਵਿਦਿਆਰਥੀ ਪਿਛਲੇ ਕੁਝ ਸਾਲਾਂ ਤੋਂ ਹਰ ਸਾਲ ਅਤੇ ਪੱਕੇ ਤੌਰ 'ਤੇ ਮਾਪੇ ਅਤੇ ਹੋਰ ਸਪਾਂਸਰ ਅਲੱਗ।

ਨੌਜਵਾਨ, ਅੱਧਖੜ, ਬਜ਼ੁਰਗ, ਬੱਚੇ, ਬੱਚੀਆਂ ਝੋਲੇ ਚੁੱਕ ਪਾਸਪੋਰਟ ਬਣਵਾ ਬਸ ਤੁਰੇ ਹੀ ਜਾ ਰਹੇ ਹਨ। ਕੋਈ ਹੱਦ ਬੰਨਾ ਹੀ ਨਹੀਂ। ਪਾਸਪੋਰਟ ਦਫ਼ਤਰ ਭਰੇ ਪਏ ਹਨ। ਏਜੰਟਾਂ ਦੇ ਦਫ਼ਤਰਾਂ 'ਚ ਵਾਰ ਫੇਰ ਹੀ ਕੋਈ ਨਹੀਂ। ਆਇਲੈੱਟਸ ਸੈਂਟਰ ਤੁੰਨੇ ਪਏ ਹਨ। ਅਬੈਂਸੀਆਂ 'ਚ ਬਹੁਤੇ ਪੰਜਾਬੀ ਦਿੱਸਦੇ ਹਨ ਅਤੇ ਜਹਾਜ਼ਾਂ 'ਚ ਪੰਜਾਬੀਆਂ ਦੀ ਭਰਮਾਰ ਅਚੰਭਾ ਨਹੀਂ ਜਾਪਦੀ। ਕਿਸੇ ਵੀ ਬਾਹਰਵੀਂ ਪੜ੍ਹੇ ਨੂੰ ਪੁੱਛ ਲਓ, ਕੀ ਕਰਦੇ ਹੋ, ਅੱਗੋਂ ਜਵਾਬ ਮਿਲਦਾ ਆਇਲੈੱਟਸ। ਕਿਸੇ ਥੋੜੇ ਵਧ ਉਮਰ ਵਾਲੇ ਨੂੰ ਪੁੱਛ ਲਓ ਕੀ ਪ੍ਰੋਗਰਾਮ ਹੈ, ਤਾਂ ਜਵਾਬ ਮਿਲਦਾ ਹੈ, ਬਸ ਲੱਭ ਰਹੇ ਆਂ ਕੋਈ ਏਜੰਟ, ਜੋ ਬੇੜਾ ਬੰਨ੍ਹ ਲਾ ਦਏ। ਕੋਈ ਵਿਰਲਾ ਟਾਵਾਂ ਲੜਕਾ, ਲੜਕੀ ਮਿਲਦਾ ਹੈ, ਜਿਹੜਾ ਬੈਂਕ ਦੀ ਮੁਕਾਬਲਾ ਪ੍ਰੀਖਿਆ ਦੀ ਤਿਆਰੀ ਕਰਦਾ ਹੋਵੇ, ਆਈ.ਏ.ਐੱਸ., ਪੀ.ਸੀ.ਐੱਸ., ਆਈ.ਪੀ.ਐੱਸ. ਆਦਿ ਮੁਕਾਬਲੇ ਦੇ ਇਮਤਿਹਾਨ 'ਚ ਬੈਠਣ ਦੀ ਸੋਚ ਰੱਖਦਾ ਹੋਵੇ।

ਮਜਬੂਰੀ ਵੱਸ ਬਚੇ-ਖੁਚੇ ਪਲੱਸ ਟੂ ਪਾਸ ਨੌਜਵਾਨ ਯੁਵਕ-ਯੁਵਤੀਆਂ ਆਰਟਸ ਕਾਲਜ, ਪ੍ਰੋਫੈਸ਼ਨਲ ਕਾਲਜ 'ਚ ਦਾਖ਼ਲਾ ਲੈਂਦੇ ਹਨ। ਕੋਰਸ ਪਾਸ ਕਰਦੇ ਹਨ ਅਤੇ ਮਨ 'ਚ ਇਹ ਧਾਰੀ ਬੈਠੇ ਹੁੰਦੇ ਹਨ ਕਿ ਨੌਕਰੀ ਤਾਂ ਮਿਲਣੀ ਨਹੀਂ, ਡਿਗਰੀਆਂ ਦਾ ਆਖ਼ਰ ਫਾਇਦਾ ਕੀ? ਬੇਰੁਜ਼ਗਾਰੀ ਨੇ ਪੰਜਾਬੀਆਂ ਦੀ ਮੱਤ ਹੀ ਮਾਰ ਦਿੱਤੀ ਹੋਈ ਹੈ। ਦੇਸ਼ 'ਚ ਸਭ ਤੋਂ ਵੱਧ ਬੇਰੁਜ਼ਗਾਰੀ ਦਰ ਵਾਲੇ ਸੂਬਿਆਂ 'ਚੋਂ ਪੰਜਾਬ ਇੱਕ ਹੈ।

ਇਹ ਜਾਣਦਿਆਂ ਹੋਇਆ ਵੀ ਕਿ ਵਿਦੇਸ਼ ਜਾ ਕੇ ਨੌਜਵਾਨਾਂ ਨੇ ਸਿਰਫ਼ ਨਾਮ ਦੀ ਪੜ੍ਹਾਈ ਕਰਨੀ ਹੈ। ਫਿਰ ਟਰੱਕ ਚਲਾਉਣਾ ਹੈ, ਰੈਸਟੋਰੈਂਟਾਂ 'ਚ ਕੰਮ ਕਰਨਾ ਹੈ, ਲੇਬਰ ਵਾਲੇ ਹੋਰ ਕੰਮ ਕਰਨੇ ਹਨ। ਪਰਮਾਨੈਂਟ ਰੈਜ਼ੀਡੈਂਟ ਬਨਣ ਲਈ ਇਹ ਸਭ ਸ਼ਰਤਾਂ ਤਾਂ ਪੂਰੀਆਂ ਕਰਨੀਆਂ ਜ਼ਰੂਰੀ ਹਨ। ਪੀ.ਆਰ. ਤੋਂ ਬਾਅਦ ਲੇਬਰ ਹੀ ਕਰਨੀ ਹੈ। ਪਰ ਤਸੱਲੀ ਉਨ੍ਹਾਂ ਨੂੰ ਇਸ ਗੱਲ ਦੀ ਰਹਿੰਦੀ ਹੈ ਕਿ ਉਨ੍ਹਾਂ ਨੂੰ ਮਜ਼ਦੂਰੀ ਤਾਂ ਇੱਜ਼ਤਦਾਰ ਮਿਲੇਗੀ, ਇਥੋਂ ਵਾਂਗਰ ਨਹੀਂ ਕਿ ਲੈਕਚਰਾਰ, ਅਧਿਆਪਕ, ਐੱਮ.ਬੀ.ਏ. ਪ੍ਰਬੰਧਕ ਨੂੰ 10,000 ਰੁਪਏ ਮਹੀਨਾ ਹੱਥ ਆਉਣਾ ਹੈ, ਜਿਸ ਨਾਲ ਇਕੱਲਾ ਬੰਦਾ ਦੋ ਡੰਗ ਦੀ ਰੋਟੀ ਵੀ ਮਸਾਂ ਤੋਰਦਾ ਹੈ। ਮਾਪਿਆਂ ਪੱਲੇ ਕੀ ਪਏਗਾ? ਪੜ੍ਹਾਈ ਲਈ ਲਿਆ ਕਰਜ਼ਾ ਕਿਵੇਂ ਉਤਾਰੇਗਾ? ਆਪਣਾ ਅਗਲਾ ਗ੍ਰਹਿਸਥ ਜੀਵਨ ਕਿਵੇਂ ਗੁਜ਼ਾਰੇਗਾ?

ਪ੍ਰਵਾਸ ਪ੍ਰਵਿਰਤੀ ਦੁਨੀਆਂ ਭਰ 'ਚ ਹੈ। ਲੋਕ ਚੰਗੇ ਰੁਜ਼ਗਾਰ, ਵਿਆਹ-ਸ਼ਾਦੀ, ਪੜ੍ਹਾਈ ਅਤੇ ਕਈ ਵਾਰ ਜਾਨ ਬਚਾਉਣ ਦੀ ਮਜਬੂਰੀ ਖ਼ਾਤਰ ਪ੍ਰਦੇਸੀਂ ਤੁਰ ਜਾਂਦੇ ਹਨ। ਪ੍ਰਵਾਸ ਤਾਂ ਦੇਸ਼ ਵਿਚ ਵੀ ਹੁੰਦਾ ਹੈ। ਪਿੰਡਾਂ ਤੋਂ ਸ਼ਹਿਰਾਂ ਵੱਲ ਲੋਕ ਰੁਜ਼ਗਾਰ ਲਈ ਜਾਂਦੇ ਹਨ। ਜਿਥੋਂ ਉਹ ਜਦੋਂ ਜੀਆ ਚਾਹਿਆ ਜਾਂ ਜਦੋਂ ਹਾਲਾਤ ਨੇ ਇਜਾਜ਼ਤ ਦਿੱਤੀ, ਵਾਪਸ ਘਰ ਪਰਤਦੇ ਹਨ। ਪਰ ਪ੍ਰਦੇਸ਼ ਤਾਂ ਆਖ਼ਰ ਪ੍ਰਦੇਸ਼ ਹੈ। ਦੇਸ਼ਾਂ ਦੇ ਆਪਣੇ ਨਿਯਮ ਹੈ, ਪ੍ਰਦੇਸ ਜਾਣਾ ਕਿਵੇਂ ਹੈ ਤੇ ਮੁੜ ਆਉਣਾ ਕਿਵੇਂ ਹੈ। ਇਹ ਕਿਆਸ ਕਰਨਾ ਸੌਖਾ ਨਹੀਂ।

ਜਿਹੜੇ ਲੋਕ ਦੇਸ਼ ਛੱਡਕੇ, ਦੂਜੇ ਦੇਸ਼ਾਂ 'ਚ ਜਾ ਵਸਦੇ ਹਨ, ਉਨ੍ਹਾਂ ਨੂੰ ਉਥੋਂ ਦੇ ਹਾਲਾਤਾਂ ਅਨੁਸਾਰ ਵੱਡੀਆਂ ਕੋਸ਼ਿਸ਼ਾਂ ਬਾਅਦ ਹੀ ਔਖਿਆਈਆਂ ਝਾਂਗਕੇ, ਸੌਖ ਮਿਲਦੀ ਹੈ। ਪੈਸੇ ਦੀ ਤੰਗੀ, ਨੌਕਰੀ ਦਾ ਫ਼ਿਕਰ, ਰਿਹਾਇਸ਼ ਦਾ ਪ੍ਰਬੰਧ, ਉਥੋਂ ਦੀ ਬੋਲੀ, ਸੱਭਿਆਚਾਰ ਦਾ ਵਖਰੇਵਾਂ ਅਤੇ ਦਿੱਕਤਾਂ ਭਰਿਆ ਜੀਵਨ ਕੁਝ ਸਾਲ ਤਾਂ ਉਨ੍ਹਾਂ ਲਈ ਜੀਊਣ-ਮਰਨ ਬਰੋਬਰ ਰਹਿੰਦਾ ਹੈ। ਫਿਰ ਵੀ ਲੋਕ ਇਸੇ ਰਾਹ ਪਏ ਹਨ। ਪਹਿਲੀ ਜਨਵਰੀ-2023 ਨੂੰ ਛਪੀ ਇੱਕ ਰਿਪੋਰਟ ਅਨੁਸਾਰ ਸਾਲ 2022 'ਚ 70,000 ਪੰਜਾਬੀ ਕੈਨੇਡਾ ਲਈ ਪ੍ਰਵਾਸ ਕਰ ਗਏ।

ਪੰਜਾਬ 'ਚ ਸੁਖਾਵੇਂ ਹਾਲਤ ਨਾ ਰਹਿਣ ਦੇ ਮੱਦੇਨਜ਼ਰ 2016 ਤੋਂ ਫਰਵਰੀ 2021 ਤੱਕ ਲਗਭਗ 9.84 ਲੱਖ ਪੰਜਾਬੀ ਪੰਜਾਬ ਅਤੇ ਚੰਡੀਗੜ੍ਹ ਵਿਚੋਂ ਪ੍ਰਵਾਸ ਕਰ ਗਏ। ਇਨ੍ਹਾਂ ਵਿਚੋਂ 3.79 ਲੱਖ ਵਿਦਿਆਰਥੀ ਅਤੇ 6 ਲੱਖ ਤੋਂ ਜ਼ਿਆਦਾ ਵਰਕਰ ਸਨ। ਇਸ ਗਿਣਤੀ-ਮਿਣਤੀ ਦੀ ਸੂਚਨਾ ਵਿਦੇਸ਼ ਮੰਤਰਾਲੇ ਦੇ ਰਾਜ ਮੰਤਰੀ ਵੀ ਮੁਰਲੀਧਰਨ ਨੇ 19 ਫਰਵਰੀ, 2022 ਨੂੰ ਲੋਕ ਸਭਾ 'ਚ ਦਿੱਤੀ ਸੀ।

ਅਸਲ 'ਚ ਤਾਂ 19ਵੀਂ ਸਦੀ ਤੋਂ ਪੰਜਾਬੀ ਪੰਜਾਬ ਤੋਂ ਦੂਜੇ ਦੇਸ਼ਾਂ ਨੂੰ ਚਾਹਿਆ ਅਤੇ ਅਣਚਾਹਿਆ ਪ੍ਰਵਾਸ ਕਰ ਰਹੇ ਹਨ। ਪਹਿਲੀ ਸੰਸਾਰ ਜੰਗ ਵੇਲੇ ਭਾਰਤੀ ਫੌਜ 'ਚ ਵੱਡੀ ਗਿਣਤੀ ਪੰਜਾਬੀ ਭਰਤੀ ਕੀਤੇ ਗਏ, 19ਵੀਂ ਸਦੀ ਦੇ ਅੰਤ ਤੱਕ ਭਾਰਤੀ ਫੌਜ ਵਿਚ ਅੱਧੀ ਨਫ਼ਰੀ ਪੰਜਾਬੀਆਂ ਦੀ ਸੀ, ਭਾਵ ਅੱਧੀ ਫੌਜ। ਉਨ੍ਹਾਂ ਵਿਚੋਂ ਅੱਧੇ ਸਿੱਖ ਸਨ। ਇਸੇ ਤਰ੍ਹਾਂ ਬ੍ਰਿਟਿਸ਼ ਰਾਜ ਵੇਲੇ ਸਿੱਖਾਂ ਨੂੰ ਕਾਰੀਗਰ ਦੇ ਤੌਰ 'ਤੇ ਭਰਤੀ ਕਰਕੇ ਅਫਰੀਕੀ ਕਲੋਨੀਆਂ ਕੀਨੀਆ, ਯੁਗੰਡਾ, ਤਨਜਾਨੀਆ ਭੇਜਿਆ ਗਿਆ। ਉਪਰੰਤ ਕੈਨੇਡਾ, ਅਮਰੀਕਾ, ਯੂ.ਕੇ ਅਤੇ ਹੋਰ ਦੇਸ਼ਾਂ 'ਚ ਪੰਜਾਬੀਆਂ ਨੇ ਵਹੀਰਾਂ ਘੱਤ ਦਿੱਤੀਆਂ।

ਕਦੇ ਵਿਦੇਸ਼ ਗਏ ਪੰਜਾਬੀਆਂ ਨੇ ਆਪਣੇ ਸੂਬੇ 'ਚ ਜ਼ਮੀਨ, ਜ਼ਾਇਦਾਦ ਖਰੀਦਣ, ਘਰ ਬਨਾਉਣ ਲਈ ਬੇਅੰਤ ਰਕਮਾਂ ਭੇਜੀਆਂ। ਖ਼ਾਸ ਕਰਕੇ ਦੁਆਬੇ ਖਿੱਤੇ 'ਚ ਵੱਡੀਆਂ-ਵੱਡੀਆਂ ਕੋਠੀਆਂ ਬਣਾਈਆਂ। ਖ਼ਾਸ ਕਰਕੇ ਪਿੰਡਾਂ 'ਚ। ਸਰਬ ਸਾਂਝੇ ਕੰਮ ਕੀਤੇ ਗਏ। ਗਰਾਊਂਡਾਂ, ਸਕੂਲ, ਅੰਡਰਗਰਾਊਂਡ ਸੀਵਰੇਜ, ਬੁਢਾਪਾ ਪੈਨਸ਼ਨਾਂ, ਲੜਕੀਆਂ ਦੀ ਪੜ੍ਹਾਈ ਤੇ ਵਿਆਹਾਂ ਲਈ ਰਕਮਾਂ ਖਰਚੀਆਂ।


ਪਰ ਅੱਜ ਪੰਜਾਬ ਦੇ ਉਨ੍ਹਾਂ ਪੰਜਾਬੀਆਂ ਦੀ ਸੋਚ ਬਦਲ ਗਈ ਹੈ। ਉਹ ਆਪਣੀਆਂ ਜ਼ਮੀਨਾਂ, ਜਾਇਦਾਦ ਪੰਜਾਬ 'ਚੋਂ ਵੇਚਕੇ ਉਨ੍ਹਾਂ ਮੁਲਕਾਂ 'ਚ ਲੈ ਜਾ ਰਹੇ ਹਨ, ਜਿਥੇ ਉਨ੍ਹਾਂ ਦੇ ਘਰ ਹਨ, ਜਾਇਦਾਦ ਹੈ, ਬੱਚੇ ਹਨ (ਜਿਹੜੇ ਪੰਜਾਬ ਵੱਲ ਮੂੰਹ ਨਹੀਂ ਕਰਦੇ)। ਉਨ੍ਹਾਂ ਦਾ ਕਹਿਣ ਹੈ ਪੰਜਾਬ ਦੇ ਸਿਆਸਤਦਾਨਾਂ ਨੇ, ਪੰਜਾਬ ਰਹਿਣ ਦੇ ਲਾਇਕ ਹੀ ਨਹੀਂ ਰਹਿਣ ਦਿੱਤਾ। ਇਥੇ ਇਹੋ ਜਿਹੀ ਸਥਿਤੀ ਪੈਦਾ ਕਰ ਦਿੱਤੀ ਹੈ ਕਿ ਕੋਈ ਵੀ ਸੂਝਵਾਨ ਆਪਣੀ ਔਲਾਦ, ਆਪਣਾ ਧਨ, ਇਥੇ ਬਰਬਾਦ ਨਹੀਂ ਕਰਨਾ ਚਾਹੇਗਾ, ਭਾਵੇਂ ਕਿ ਉਨ੍ਹਾਂ ਦਾ ਤੇਹ, ਪਿਆਰ, ਆਪਣੀ ਜਨਮ ਭੂਮੀ ਨਾਲ ਅੰਤਾਂ ਦਾ ਹੈ।

ਦੂਜਾ, ਹੁਣ ਪੰਜਾਬ ਵਿਚੋਂ ਜਿਸ ਤੇਜ਼ੀ ਨਾਲ ਪ੍ਰਵਾਸ ਹੋ ਰਿਹਾ ਹੈ, ਉਹ ਚਿੰਤਾਜਨਕ ਹੈ। ਕਦੇ ਪੈਸਾ-ਧੰਨ ਪੰਜਾਬ 'ਚ ਆਉਂਦਾ ਸੀ, ਨਿਵੇਸ਼ ਹੁੰਦਾ ਸੀ। ਪੰਜਾਬ ਦੀ ਆਰਥਿਕਤਾ ਸੁਧਰਦੀ ਸੀ। ਹੁਣ ਕਰੋੜਾਂ ਰੁਪਏ ਪੰਜਾਬ 'ਚ ਕੈਨੇਡਾ, ਯੂ.ਕੇ., ਆਸਟਰੇਲੀਆ, ਅਮਰੀਕਾ, ਨਿਊਜ਼ੀਲੈਂਡ ਦੀਆਂ ਯੂਨੀਵਰਸਿਟੀਆਂ ਨੂੰ ਫ਼ੀਸਾਂ ਅਤੇ ਹੋਰ ਖ਼ਰਚੇ ਲਈ ਜਾ ਰਹੇ ਹਨ। ਧੜਾਧੜ ਛੋਟੀਆਂ ਜ਼ਮੀਨਾਂ ਬੈਂਕਾਂ ਕੋਲ ਗਿਰਵੀ ਰੱਖਕੇ ਕਰਜ਼ਾ ਲਿਆ ਜਾ ਰਿਹਾ ਹੈ, ਕਾਲਜ ਫ਼ੀਸਾਂ ਤਾਰਨ ਲਈ ਅਤੇ ਹੋਰ ਖ਼ਰਚੇ ਲਈ। ਪੰਜਾਬ ਜਿਹੜਾ ਆਰਥਿਕ ਪੱਖੋਂ ਮਜ਼ਬੂਤ ਗਿਣਿਆ ਜਾ ਰਿਹਾ ਸੀ, ਕਮਜ਼ੋਰ, ਕੰਗਾਲ ਹੋਣ ਵੱਲ ਅੱਗੇ ਵੱਧ ਰਿਹਾ ਹੈ। ਕਿਸ ਕਾਰਨ? ਪ੍ਰਵਾਸ ਕਾਰਨ। ਸੂਬੇ 'ਚ ਫੈਲੇ ਅਸੁਰੱਖਿਆ ਦੇ ਮਾਹੌਲ ਕਾਰਨ। ਪੰਜਾਬ ਦਾ ਬਰੇਨ (ਦਿਮਾਗ) ਅਤੇ ਵੈਲਥ (ਦੌਲਤ) ਲਗਾਤਾਰ ਬਾਹਰ ਜਾ ਰਹੀ ਹੈ। ਕਾਲਜਾਂ, ਪ੍ਰੋਫੈਸ਼ਨਲ ਕਾਲਜਾਂ 'ਚ ਪੰਜਾਬੀ ਨੌਜਵਾਨਾਂ ਦੀ ਗਿਣਤੀ ਘੱਟ ਰਹੀ ਹੈ ਅਤੇ ਦੂਜੇ ਸੂਬਿਆਂ ਤੋਂ ਆਏ ਤੇ ਪ੍ਰਵਾਸ ਹੰਢਾਉਣ ਵਾਲੇ ਮਾਪਿਆਂ ਦੇ ਬੱਚਿਆਂ ਦੀ ਗਿਣਤੀ ਸਕੂਲਾਂ, ਕਾਲਜਾਂ, ਪ੍ਰੋਫੈਸ਼ਨਲ ਕਾਲਜਾਂ 'ਚ ਵਧ ਰਹੀ ਹੈ। ਇੰਜ ਕੀ ਬਚੇਗਾ ਪੰਜਾਬ 'ਚ ਪੰਜਾਬੀਆਂ ਦਾ?

ਇਹ ਵੇਲਾ ਸਰਕਾਰਾਂ, ਸਿਆਸਤਦਾਨਾਂ, ਪੰਜਾਬ ਹਿਤੈਸ਼ੀਆਂ, ਬੁੱਧੀਜੀਵੀਆਂ ਲਈ ਸੋਚਣ ਵਿਚਾਰਨ ਅਤੇ ਅਮਲ ਕਰਨ ਦਾ ਹੈ। ਅੰਨ੍ਹੇਵਾਹ ਹੋ ਰਹੇ ਪ੍ਰਵਾਸ ਨੂੰ ਰੋਕਣ ਦਾ ਹੈ। ਪੰਜਾਬ ਦੀ ਮੌਜੂਦਾ ਸਥਿਤੀ ਨੂੰ ਸੁਧਾਰਨ ਦਾ ਹੈ। ਸਿਆਸੀ ਰੋਟੀਆਂ ਸੇਕਣ ਤੇ ਰਾਜ ਭਾਗ ਹਥਿਆਉਣ ਵਾਲੀ ਖੇਡ ਤੋਂ ਸਿਆਸਤਦਾਨਾਂ ਦੇ ਬਾਜ ਆਉਣ ਦਾ ਹੈ।

ਨੌਜਵਾਨਾਂ ਲਈ ਸਰਕਾਰਾਂ ਨੌਕਰੀਆਂ ਦਾ ਪ੍ਰਬੰਧ ਕਰਨ। ਮੁਕਾਬਲੇ ਦੇ ਇਮਤਿਹਾਨ ਆਈ.ਏ.ਐੱਸ., ਪੀ.ਸੀ.ਐੱਸ. ਇਮਤਿਹਾਨਾਂ ਲਈ ਮੁਫ਼ਤ ਟ੍ਰੇਨਿੰਗ ਦਾ ਪ੍ਰਬੰਧ ਕਰਨ ਅਤੇ ਸਭ ਤੋਂ ਵੱਡੀ ਗੱਲ ਇਹ ਕਿ ਪੰਜਾਬ ਦਾ ਮਾਹੌਲ ਠੀਕ ਅਤੇ ਸੁਰੱਖਿਅਤ ਕਰਨ ਲਈ ਸਭ ਧਿਰਾਂ ਸਿਰ ਜੋੜ ਕੇ ਬੈਠਣ।

ਇਸ ਵੇਲੇ ਉਨ੍ਹਾਂ ਦੇਸੀ, ਵਿਦੇਸ਼ੀ ਤਾਕਤਾਂ ਦਾ ਪਰਦਾਫਾਸ਼ ਕਰਨ ਦੀ ਲੋੜ ਵੀ ਹੈ, ਜੋ ਪਿਆਰੇ ਪੰਜਾਬ ਨੂੰ ਤਬਾਹ ਕਰਨ 'ਤੇ ਤੁਲੀਆਂ ਹੋਈਆਂ ਹਨ।




Editorial Board

Chief Editor
Gurjatinder Singh Randhawa

Sub Editors
Sandeep Kumar
Amit Saini

Distributor
Jai Singh

Website
Nikhil

Punjab Mail USA
9883 Novara Way,
Elk Grove, CA 95757
Ph: 916-320-9444
Fax : 916-209-8726
Email : punjabmailusa@yahoo.com
web : www.punjabmailusa.com

Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction.
ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਕਾਵਿ ਲਹਿਰਾਂ (ਲੰਮੀਆਂ ਕਵਿਤਾਵਾਂ) ਦਾ ਪੁਸਤਕ ਰਵਿਊ

ਰੀਵਿਊ ਕਰਤਾ
ਡਾ. ਸਰਬਜੀਤ ਸਿੰਘ
ਅਸਿਸਟੈਂਟ ਪ੍ਰੋਫੈਸਰ, ਪੰਜਾਬੀ
ਖ਼ਾਲਸਾ ਕਾਲਜ, ਪਟਿਆਲਾ
94176-26925
(Punjab Mail USA)






| | |
|---|---|
| ਸਿਰਲੇਖ | : ਕਾਵਿ ਲਹਿਰਾਂ (ਲੰਮੀਆਂ ਕਵਿਤਾਵਾਂ) |
| ਮੁਖ ਸੰਪਾਦਕ | : ਲਖਵੀਰ ਸਿੰਘ |
| ਸੰਪਾਦਕ | : ਡਾ. ਜਸਵਿੰਦਰ ਸਿੰਘ, ਡਾ. ਇੰਦਰਜੀਤ ਸਿੰਘ ਚੀਮਾ |
| ਕੁੱਲ ਪੰਨ | : 123 |
| ਮੁੱਲ | : 70 ਰੁਪਏ |
| ਪ੍ਰਕਾਸ਼ਕ | : ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, |
| ਆਈ. ਐੱਸ. ਬੀ. ਐੱਨ | : 978-81-302-360-7 |

ਕਾਵਿ ਲਹਿਰਾਂ ਪਾਠ-ਪੁਸਤਕ ਲੰਮੀਆਂ ਕਵਿਤਾਵਾਂ ਦਾ ਸੁਮੇਲ ਹੈ। ਵਿਦਿਆਰਥੀ, ਅੱਜ ਦੇ ਸਮੇਂ ਨੂੰ ਚੰਗੀ ਤਰ੍ਹਾਂ ਸਮਝਣ ਅਤੇ ਵੱਖ-ਵੱਖ ਵਰਤਾਰਿਆਂ ਪ੍ਰਤੀ ਸਾਹਿਤਕ ਤੌਰ 'ਤੇ ਵੀ ਚੇਤੰਨ ਹੋ ਸਕਣ, ਇਸ ਲਈ ਇਸ ਪਾਠ ਪੁਸਤਕ ਵਿਚ ਸ਼ਾਮਲ ਸਾਰੀਆਂ ਕਵਿਤਾਵਾਂ ਸਮੇਂ ਦੀਆਂ ਹਾਣੀ ਹੋਣ ਦੇ ਨਾਲ-ਨਾਲ ਸਮਾਜ ਦੇ ਪ੍ਰਤੀ ਵਿਦਿਆਰਥੀਆਂ ਅੰਦਰ ਨਵੀਂ ਸਮਝ ਪੇਸ਼ ਕਰਨ ਲਈ ਸਮਰੱਥ ਹੋਈਆਂ ਹਨ। ਪੰਜਾਬੀ ਜਨ ਜੀਵਨ ਵਿਚ ਵਾਪਰ ਰਹੇ ਵਰਤਾਰਿਆਂ ਨੂੰ ਆਧਾਰ ਬਣਾ ਕੇ ਪੰਜਾਬੀ ਸਾਹਿਤ ਦੇ ਨਾਮਵਰ ਲੇਖਕਾਂ ਦੀਆਂ ਕਵਿਤਾਵਾਂ ਇਸ ਪਾਠ-ਪੁਸਤਕ ਦਾ ਸ਼ਿੰਗਾਰ ਹਨ। ਵਿਦਿਆਰਥੀਆਂ ਨੂੰ ਇਸ ਸਮੇਂ ਜਿਹੜੀਆਂ ਸਮੱਸਿਆਵਾਂ ਦਰਪੇਸ਼ ਹੋ ਰਹੀਆਂ ਹਨ, ਉਨ੍ਹਾਂ ਪ੍ਰਤੀ ਸੂਖਮ ਨਜ਼ਰੀਆ ਪੈਦਾ ਹੋ ਸਕੇ, ਅਜਿਹੀ ਕੋਸ਼ਿਸ਼ ਇਨ੍ਹਾਂ ਕਵਿਤਾਵਾਂ ਵਿਚ ਝਲਕਦੀ ਹੈ। ਇਸ ਪਾਠ-ਪੁਸਤਕ ਵਿਚ ਸਭ ਤੋਂ ਪਹਿਲੀ ਕਵਿਤਾ 'ਅਟਕ' ਭਾਈ ਵੀਰ ਸਿੰਘ ਦੀ ਹੈ, ਜਿਸ ਵਿਚ ਉਹ ਉਹ ਮਨੁੱਖ ਨੂੰ ਸਮਝਾਉਣ ਵਿਚ ਯਤਨਸ਼ੀਲ ਹਨ ਕਿ ਜ਼ਿੰਦਗੀ ਦੀ ਲਗਾਤਾਰ ਗਤੀਸ਼ੀਲਤਾ ਜ਼ਰੂਰੀ ਹੈ ਅਤੇ ਦਰਿਆ ਦੇ ਵਾਂਗ ਹਮੇਸ਼ਾਂ ਵਗਦੇ ਰਹਿਣਾ ਹੀ ਜਿੰਦਗੀ ਦੀ ਖ਼ੂਬਸੂਰਤੀ ਹੈ। ਕਵਿਤਾ ਵਿਚ ਦਰਿਆ ਦਾ ਮੈਟਾਫਰ ਵਰਤ ਕੇ ਭਾਈ ਵੀਰ ਸਿੰਘ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਹੈ ਕਿ ਜੀਵਨ ਦਾ ਸੱਚ ਤੁਰੇ ਰਹਿਣ ਵਿਚ ਹੈ ਅਤੇ ਸਾਨੂੰ ਲਗਾਤਾਰ ਜ਼ਿੰਦਗੀ ਵਿਚ ਅੱਗੇ ਵਧਦੇ ਰਹਿਣਾ ਚਾਹੀਦਾ ਹੈ। ਦੂਜੀ ਕਵਿਤਾ 'ਮੁੱਲ ਪਾ ਤੂੰ ਆਪਣਾ' ਪ੍ਰੋ. ਪੂਰਨ ਸਿੰਘ ਦੀ ਹੈ, ਜਿਸ ਵਿਚ ਉਹ ਨੌਜਵਾਨਾਂ ਨੂੰ ਸੰਬੋਧਨ ਕਰਦੇ ਹੋਏ ਕਹਿੰਦੇ ਹਨ ਕਿ ਤੁਸੀਂ ਇਸ ਸੰਸਾਰ ਵਿਚ ਰਹਿ ਕੇ ਆਪਣਾ ਮੁੱਲ ਅਤੇ ਕਦਰ ਦੀ ਪਛਾਣ ਕਰੋ, ਤਾਂ ਹੀ ਤੁਸੀਂ ਸਕਾਰਾਤਮਕ ਸੋਚ ਰੱਖ ਕੇ ਅਪਣੇ ਟੀਚੇ ਵੱਲ ਵਧ ਸਕਦੇ ਹੋ। ਕਵੀ ਇਸ ਕਵਿਤਾ ਵਿਚ ਵੱਖ-ਵੱਖ ਪਹਿਲੂਆਂ ਦੀ ਪੇਸ਼ਕਾਰੀ ਕਰਦਾ ਹੋਇਆ ਪ੍ਰੇਰਣਾਤਮਕ ਅਤੇ ਸੁਹਜਮਈ ਭਾਸ਼ਾ ਦੀ ਵਰਤੋਂ ਕਰਦਾ ਹੈ। ਇਸ ਤੋਂ ਬਾਅਦ 'ਫੇਰ ਪਾਰੋ ਨੇ ਕਿਹਾ' ਕਵਿਤਾ ਬਾਵਾ ਬਲਵੰਤ ਦੀ ਹੈ, ਜਿਸ ਵਿਚ ਉਹ ਮਨੁੱਖ ਨੂੰ ਸੰਬੋਧਨ ਕਰਦਾ ਹੋਇਆ ਕਹਿ ਰਿਹਾ ਹੈ ਕਿ ਮਨੁੱਖ ਤੂੰ ਅਪਣੀ ਸੁੱਤੀ ਹੋਈ ਆਤਮਾ ਨੂੰ ਜਗਾ ਅਤੇ ਆਪਣੇ ਆਲੇ-ਦੁਆਲੇ ਝਾਤ ਮਾਰ ਕੇ ਦੇਖ ਕਿ ਦੁਸ਼ਮਣ ਝੂਠ, ਧੋਖੇ ਅਤੇ ਫਰੇਬ ਨਾਲ ਤੈਨੂੰ ਗੁਲਾਮ ਨਾ ਬਣਾ ਲਵੇ। ਕਵੀ ਇਸ ਵਿਚ ਸ਼ਿਵ ਦੇ ਪ੍ਰਸੰਗ ਰਾਹੀਂ ਮਨੁੱਖ ਦੀ ਆਤਮਾ ਨੂੰ ਜਾਗਣ ਦੀ ਗੱਲ ਕਰਦਾ ਹੋਇਆ, ਉਸ ਅੰਦਰ ਮਿਹਨਤ ਦੀ ਜਾਗ ਲਾਉਣ ਦੀ ਕੋਸ਼ਿਸ਼ ਕਰਦਾ ਹੈ। ਇਸ ਤੋਂ ਅਗਲੀ ਕਵਿਤਾ 'ਅੰਬੀ ਦੇ ਬੂਟੇ ਥੱਲੇ' ਪ੍ਰੋ. ਮੋਹਨ ਸਿੰਘ ਦੀ ਹੈ, ਜਿਸ ਵਿਚ ਲੇਖਕ ਇੱਕ ਸੱਜ ਵਿਆਹੀ ਮੁਟਿਆਰ ਦੇ ਵਲਵਲਿਆਂ ਦੀ ਗੱਲ ਕਰਦਾ ਹੋਇਆ, ਉਸਦੇ ਪਰਦੇਸ ਗਏ ਪਤੀ ਦੀ ਯਾਦ ਅਤੇ ਵਿਛੋੜੇ ਨੂੰ ਆਧਾਰ ਬਣਾ ਕੇ ਪਤੀ-ਪਤਨੀ ਦੇ ਸੱਚੇ-ਸੁੱਚੇ ਤੇ ਸਦੀਵੀ ਰਿਸ਼ਤੇ ਦੀ ਅਹਿਮੀਅਤ ਬਾਰੇ ਦੱਸਦਾ ਹੈ। ਕਵਿਤਾ ਦੀ ਭਾਸ਼ਾ ਸੱਚਮੁੱਚ ਭਾਵਾਂ ਦੀ ਤਰਜਮਾਨੀ ਕਰਦੀ ਹੋਈ ਇਕ ਵੱਖਰਾ ਕਾਵਿਕ ਮਾਹੌਲ ਸਿਰਜਦੀ ਹੈ। ਇਸ ਤੋਂ ਬਾਅਦ ਕਵਿਤਾ 'ਸੁਨੇਹੜੇ' ਜੋ ਕਿ ਅੰਮ੍ਰਿਤਾ ਪ੍ਰੀਤਮ ਦੀ ਲਿਖੀ ਹੋਈ ਹੈ, ਵਿਚ ਲੇਖਕਾ ਦੱਸਦੀ ਹੈ ਕਿ ਇਸਤਰੀ ਪ੍ਰੇਮ ਦੀ ਮੂਰਤ ਵੀ ਹੈ ਅਤੇ ਨਾਲ-ਨਾਲ ਵਿਛੋੜੇ ਦਾ ਅਨੁਭਵ ਕਰਨ ਵਾਲੀ ਵਿਜੋਗਣ ਦੀ ਹੈ। ਇਸ ਕਵਿਤਾ ਰਾਹੀਂ ਲੇਖਕਾ ਵੱਖ-ਵੱਖ ਔਰਤਾਂ ਦੇ ਅਨੁਭਵ ਨੂੰ ਆਪਣੇ ਅਨੁਭਵ ਮੰਨਦੀ ਹੋਈ ਉਨ੍ਹਾਂ ਔਰਤਾਂ ਦੀ ਪ੍ਰਤੀਨਿਧਤਾ ਕਰਦੀ ਹੈ, ਜੋ ਵਿਛੋੜੇ ਅਤੇ ਬਿਰਹਾ ਦੇ ਸੰਤਾਪ ਵਿਚੋਂ ਲੰਘ ਰਹੀਆਂ ਹਨ। ਇਸ ਤੋਂ ਬਾਅਦ 'ਮਸੀਹਾ' ਕਵਿਤਾ ਸ਼ਿਵ ਕੁਮਾਰ ਬਟਾਲਵੀ ਦੀ ਹੈ, ਜਿਸ ਵਿਚ ਲੇਖਕ ਆਪਣੇ ਦੋਸਤਾਂ ਲਈ ਮਸੀਹੇ ਦੇ ਰੂਪ ਵਿਚ ਇੱਕ ਸੰਦੇਸ਼ ਪਹੁੰਚਾਉਣ ਲਈ ਇਕ ਗੀਤ ਲਿਖ ਰਿਹਾ ਹੈ। ਇਸ ਗੀਤ ਰਾਹੀਂ ਉਹ ਆਪਣੇ ਦੋਸਤਾਂ ਨੂੰ ਸਮਾਜ ਵਿਚ ਵਾਪਰ ਰਹੀਆਂ ਹਕੀਕਤਾਂ ਦੇ ਰੂਬਰੂ ਕਰਦਾ ਹੋਇਆ ਯੁੱਧ ਅਤੇ ਸ਼ਾਂਤੀ ਦੇ ਅਰਥ ਸਮਝਾਉਣ ਦੀ ਕੋਸ਼ਿਸ਼ ਕਰਦਾ ਹੈ। ਇਸ ਤੋਂ ਬਾਅਦ 'ਤੇਰੇ ਹਜ਼ੂਰ ਮੇਰੀ ਹਾਜ਼ਰੀ ਦੀ ਦਾਸਤਾਨ' ਕਵਿਤਾ ਡਾ. ਹਰਿਭਜਨ ਸਿੰਘ ਦੀ ਹੈ। ਇਸ ਕਵਿਤਾ ਵਿਚ ਲੇਖਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਖਾਲਸਾ ਸਾਜਨਾ ਵੇਲੇ ਦੇ ਇਤਿਹਾਸਕ ਪ੍ਰਸੰਗ ਦਾ ਹਵਾਲਾ ਦਿੰਦੇ ਹੋਏ, ਇਕ ਸੰਵੇਦਨਸ਼ੀਲ ਵਿਅਕਤੀ ਦੀ ਮਾਨਸਿਕਤਾ ਦਾ ਜ਼ਿਕਰ ਕਰਦਾ ਹੈ, ਜਿਸ ਵਿਚ ਉਹ ਅਭਾਗਾ ਵਿਅਕਤੀ ਗੁਰੂ ਸਾਹਮਣੇ ਆਪਣਾ ਸੀਸ ਹੁੰਦੇ ਹੋਏ ਵੀ ਬੇਸੀਸ ਮਹਿਸੂਸ ਕਰਦਾ ਹੈ। ਸਮੁੱਚੀ ਕਵਿਤਾ ਵਿਚਾਰਾਂ ਦੀ ਲੜੀ ਵਿਚ ਵੱਖ-ਵੱਖ ਦ੍ਰਿਸ਼ ਸਿਰਜਦੀ ਹੋਈ ਇੱਕ ਲਹਿਰ ਵਿਚ ਅੱਗੇ ਚੱਲਦੀ ਹੈ। ਇਸ ਤੋਂ ਬਾਅਦ 'ਲੋਕਾਂ ਨਾਲ ਗੱਲ' ਤਾਰਾ ਸਿੰਘ ਦੀ ਕਵਿਤਾ ਹੈ, ਜਿਸ ਵਿਚ ਲੇਖਕ ਭਾਰਤ ਦੀ ਰਾਜਨੀਤੀ ਅਤੇ ਮਾੜੇ ਪ੍ਰਬੰਧ ਤੋਂ ਤੰਗ ਹੋ ਕੇ ਇਕ ਵੱਖਰੀ ਕਿਸਮ ਦਾ ਵਿਅੰਗ ਪੇਸ਼ ਕਰਨ ਦੀ ਕੋਸ਼ਿਸ਼ ਕਰਦਾ ਹੈ। ਉਹ ਸਾਰੇ ਰਾਜਨੀਤਿਕ ਨੇਤਾਵਾਂ ਵਿਚ ਸਮਾਨਤਾ ਦੀ ਗੱਲ ਕਰਦਾ ਹੋਇਆ ਸਿੱਧੀ ਲੋਕਾਂ ਨਾਲ ਗੱਲ ਕਰਨ ਦੀ ਕੋਸ਼ਿਸ਼ ਕਰਦਾ ਹੈ। ਇਹ ਕਵਿਤਾ ਸੰਬੋਧਨੀ ਸੁਰ ਵਿਚ ਹੋਣ ਕਰਕੇ ਸਾਧਾਰਨ ਭਾਸ਼ਾ ਸ਼ੈਲੀ ਵਿਚ ਲਿਖੀ ਹੋਈ ਹੈ। ਅਗਲੀ ਕਵਿਤਾ 'ਮੈਂ ਹੁਣ ਵਿਦਾ ਹੁੰਦਾ ਹਾਂ' ਪਾਸ਼ ਦੀ ਹੈ। ਇਸ ਵਿਚ ਲੇਖਕ ਆਪਣੇ ਅਜ਼ੀਜ ਦੋਸਤ ਲਈ ਕਵਿਤਾ ਲਿਖਦਾ ਹੈ, ਜਿਸ ਵਿਚ ਉਹ ਜ਼ਿੰਦਗੀ ਵਿਚ ਆਪਣੇ ਨਾਲ ਵਾਪਰੇ ਹੋਏ ਵਰਤਾਰਿਆਂ ਦਾ ਜ਼ਿਕਰ ਕਰਦਾ ਹੋਇਆ, ਪਿਆਰ ਅਤੇ ਜ਼ਿੰਦਗੀ ਦੀ ਅਹਿਮੀਅਤ ਦੇ ਨਵੇਂ ਅਰਥਾਂ ਦੀ ਤਲਾਸ਼ ਕਰਦਾ ਹੈ। ਇਸ ਤੋਂ ਅਗਲੀ ਕਵਿਤਾ 'ਖ਼ਤਾਂ ਦੀ ਉਡੀਕ' ਸੁਰਜੀਤ ਪਾਤਰ ਦੀ ਹੈ, ਜਿਸ ਵਿਚ ਲੇਖਕ ਪਰਵਾਸ ਵਿਚ ਰਹਿ ਰਹੇ ਨੌਜਵਾਨਾਂ ਦੀ ਮਨੋਸਥਿਤੀ ਅਤੇ ਮਾਪਿਆਂ ਦੀ ਅਣਹੋਂਦ ਦਾ ਜ਼ਿਕਰ ਕਰਦਾ ਹੋਇਆ, ਅਜਿਹੇ ਖਤ ਦੀ ਉਡੀਕ ਦਾ ਸੰਕਲਪ ਸਿਰਜਦਾ ਹੈ, ਜੋ ਮਨੁੱਖ ਦੀ ਹਾਲਤ ਅਤੇ ਤਰਾਸਦੀ ਦਾ ਖੁੱਲ੍ਹ ਕੇ ਜ਼ਿਕਰ ਕਰਦਾ ਹੈ। ਕਵਿਤਾ ਦੀ ਕਾਵਿ ਭਾਸ਼ਾ ਰੋਚਕ ਹੈ ਤੇ ਇਸ ਕਵਿਤਾ ਵਿਚ ਇਕ ਅਜਿਹੇ ਸੰਕਟ ਦੀ ਸੱਚਾਈ ਬਿਆਨ ਕੀਤੀ ਗਈ ਹੈ, ਜਿਸ ਤੋਂ ਅਸੀਂ ਮੁਨਕਰ ਨਹੀਂ ਹੋ ਸਕਦੇ। ਅਗਲੀ ਕਵਿਤਾ 'ਅੱਜ ਕੀਹ ਪਕਾਈਏ' ਅਨਵਰ ਮਸੂਦ ਦੀ ਹੈ, ਜਿਸ ਵਿਚ ਲੇਖਕ ਵੱਖ-ਵੱਖ ਪਕਵਾਨਾਂ ਨੂੰ ਆਧਾਰ ਬਣਾ ਕੇ ਵਰਤਮਾਨ ਦੇ ਵਿਚ ਵਾਪਰ ਰਹੇ ਸਮਾਜੀ, ਰਾਜਸੀ ਵਿਅੰਗ ਬਾਰੇ ਆਪਣੇ ਵਿਚਾਰ ਪੇਸ਼ ਕਰਦਾ ਹੈ। ਅਗਲੀ ਕਵਿਤਾ 'ਬਲੈਕ ਬਾਅ' ਅਵਤਾਰ ਜੰਡਿਆਲਵੀ ਦੀ ਹੈ। ਇਸ ਕਵਿਤਾ ਵਿਚ ਲੇਖਕ ਵਿਦੇਸ਼ਾਂ ਵਿਚ ਨਸਲਵਾਦ ਤੋਂ ਪ੍ਰਭਾਵਤ ਹੋ ਰਹੇ ਲੋਕਾਂ ਦੀਆਂ ਆਵਾਜ਼ਾਂ ਨੂੰ ਆਪਣੇ ਸ਼ਬਦ ਦਿੰਦਾ ਹੈ। ਇਸ ਕਵਿਤਾ ਵਿਚ ਲੇਖਕ ਨੇ ਸੱਪ, ਇੱਲ ਅਤੇ ਬਲੈਕ ਬਾਅ ਵਰਗੇ ਮੈਟਾਫਰ ਵਰਤ ਕੇ ਅੰਗਰੇਜ਼ ਬਸਤੀਵਾਦੀ ਸੋਚ ਦਾ ਪਰਦਾਫਾਸ਼ ਕੀਤਾ ਹੈ। ਇਸ ਤੋਂ ਅਗਲੀ ਕਵਿਤਾ 'ਪੰਜਾਬ ਕਥਾ' ਸੁਖਵਿੰਦਰ ਕੰਬੋਜ ਦੀ ਹੈ। ਇਸ ਵਿਚ ਲੇਖਕ ਪੰਜਾਬੀ ਮਾਨਸਿਕਤਾ ਰੱਖਣ ਵਾਲੇ ਪ੍ਰਵਾਸੀ ਦਾ ਆਪਣੀ ਧਰਤੀ ਪ੍ਰਤੀ ਅਥਾਹ ਪ੍ਰੇਮ ਅਤੇ ਉਸ ਅੰਦਰ ਪੈਦਾ ਹੋ ਰਹੇ ਵਿਛੋੜੇ ਨੂੰ ਆਪਣੇ ਸ਼ਬਦਾਂ ਦਾ ਰੂਪ ਦਿੱਤਾ ਹੈ। ਕਵਿਤਾ ਵਿਚ ਪਰਵਾਸੀ ਬੰਦਾ ਆਪਣੇ ਦੇਸ਼ ਦੇ ਚੰਗੇ ਭਵਿੱਖ ਅਤੇ ਅਗਲੀ ਪੀੜ੍ਹੀ ਲਈ ਚਿੰਤਨਸ਼ੀਲ ਹੈ। ਅਗਲੀ ਕਵਿਤਾ 'ਭਾਣਜੇ ਦੀ ਵਲੈਤ ਫੇਰੀ' ਜਸਵੰਤ ਦੀਦ ਦੀ ਹੈ, ਜਿਸ ਵਿਚ ਲੇਖਕ ਅਜਿਹੇ ਲੋਕਾਂ ਦੀ ਮਾਨਸਿਕਤਾ ਨੂੰ ਪੇਸ਼ ਕਰ ਰਿਹਾ ਹੈ, ਜੋ ਪਰਵਾਸ ਵਿਚ ਹਨ ਅਤੇ ਆਪਣੇ ਦੇਸ਼ ਨੂੰ ਨਰਕ ਮੰਨਦੇ ਹੋਏ, ਵਿਦੇਸ਼ੀ ਧਰਤੀਆਂ ਦੇ ਸੋਹਲੇ ਗਾ ਰਹੇ ਹਨ, ਜਦੋਂ ਉਹ ਵਿਅਕਤੀ ਇੰਡੀਆ ਨੂੰ ਨਰਕ ਕਹਿੰਦੇ ਹਨ, ਤਾਂ ਇਸ ਵਿਚ ਉਹ ਭਾਰਤੀ ਸਿਸਟਮ 'ਤੇ ਉਂਗਲ ਖੜ੍ਹੀ ਕਰਦੇ ਨਜ਼ਰ ਆ ਰਹੇ ਹਨ। ਇਸ ਤੋਂ ਅਗਲੀ ਕਵਿਤਾ 'ਅਹੱਲਿਆ' ਵਨੀਤਾ ਦੀ ਹੈ, ਜਿਸ ਵਿਚ ਲੇਖਕਾਂ ਇਕ ਅਹੱਲਿਆ ਪਾਤਰ ਦੇ ਮਾਧਿਅਮ ਰਾਹੀਂ ਪੁਰਾਤਨ ਯੁੱਗ ਤੋਂ ਲੈ ਕੇ ਅੱਜ ਦੇ ਯੁੱਗ ਤੱਕ ਨਾਰੀ ਦੀ ਸਥਿਤੀ ਦਾ ਮੰਥਨ ਕਰਦੀ ਹੋਈ, ਪਤੀ ਦੇ ਸੰਕਲਪ ਨੂੰ ਪੇਸ਼ ਕਰਦੀ ਹੈ। ਸਮੁੱਚੀ ਮਰਦ ਜਾਤ ਦੇ ਹਵਾਲੇ ਨਾਲ ਔਰਤ ਦੀ ਬਦਲਦੀ ਸਥਿਤੀ ਲਈ ਅੱਜ ਦੇ ਸਮੇਂ ਵਿਚ ਇਸਤਰੀ ਦੀ ਸਥਿਤੀ ਦੀ ਨਵੀਂ ਵਿਆਖਿਆ ਦੇ ਪ੍ਰਤੀ ਇਸ ਕਵਿਤਾ ਵਿਚ ਵੱਖ-ਵੱਖ ਵਿਅੰਗ ਅਤੇ ਕਟਾਕਸ਼ ਹਨ। ਅਗਲੀ ਕਵਿਤਾ 'ਮੈਂ ਸਮਾਂ ਹਾਂ' ਦਰਸ਼ਨ ਬੁੱਟਰ ਦੀ ਹੈ। ਇਸ ਕਵਿਤਾ ਵਿਚ ਲੇਖਕ ਇਤਿਹਾਸ, ਮਨੁੱਖੀ ਰਿਸ਼ਤਿਆਂ, ਮਨੁੱਖੀ ਕਰੋਪੀਆਂ ਅਤੇ ਖਪਤ ਸੱਭਿਆਚਾਰ ਦੀ ਨਿਸ਼ਾਨਦੇਹੀ ਕਰਦੇ ਹੋਏ ਸਮੇਂ ਦੇ ਅਨੁਸਾਰ ਬਦਲ ਰਹੀਆਂ ਕਦਰਾਂ-ਕੀਮਤਾਂ ਅਤੇ ਮਾਨਵੀ ਸਰੋਕਾਰਾਂ ਦੀ ਸਥਿਤੀ ਦੀ ਵਿਆਖਿਆ ਕਰਦਾ ਹੋਇਆ ਵਿਅੰਗ ਕਰਦਾ ਹੈ। ਸਮੁੱਚੀ ਕਵਿਤਾ ਵਿਚ ਮਨੁੱਖੀ ਮਨ ਦੇ ਸੂਖਮ ਪਹਿਲੂ ਅਤੇ ਮੌਜੂਦਾ ਪ੍ਰਸਥਿਤੀਆਂ ਦਾ ਸੱਚ ਇਕ ਚਿੰਤਨਸ਼ੀਲ ਸੰਵਾਦ ਹੈ। ਅਗਲੀ ਕਵਿਤਾ 'ਹੁਣ ਮਾਂ' ਸੁਖਵਿੰਦਰ ਅੰਮ੍ਰਿਤ ਦੀ ਹੈ, ਜਿਸ ਵਿਚ ਲੇਖਿਕਾ ਮਰਦ ਪ੍ਰਧਾਨ ਸਮਾਜ ਵਿਚ ਔਰਤ ਦੀ ਸਥਿਤੀ ਨੂੰ ਤਲਾਸ਼ ਕਰਦੀ ਹੋਈ ਔਰਤ ਨਾਲ ਹੋ ਰਹੀਆਂ ਜ਼ਿਆਦਤੀਆਂ ਦੀ ਤਸਵੀਰ ਪੇਸ਼ ਕਰਦੀ ਹੈ। ਕਵਿਤਾ ਵਿਚ ਸ਼ਬਦ ਚੋਣ, ਤਰਤੀਬ ਅਤੇ ਸੁਰਤਾਲ ਕਮਾਲ ਦੀ ਹੈ, ਜੋ ਸੰਵੇਦਨਸ਼ੀਲਤਾ ਦੀ ਗਵਾਹੀ ਭਰਦੀ ਹੈ। ਉਪਰੋਕਤ ਲੇਖਕਾਂ ਦੀਆਂ ਕਵਿਤਾਵਾਂ ਵੱਖ-ਵੱਖ ਵਿਸ਼ਿਆਂ ਨੂੰ ਛੂੰਹਦੀਆਂ ਹੋਈਆਂ, ਸਮਾਜਿਕ ਵਰਤਾਰਿਆਂ ਦੀ ਪੇਸ਼ਕਾਰੀ ਕਰਦੀਆਂ ਹਨ। ਇਹ ਕਵਿਤਾਵਾਂ ਵਿਦਿਆਰਥੀਆਂ ਅੱਗੇ ਅਜਿਹੇ, ਵੱਡੇ ਵਿਸ਼ੇ ਰੱਖਦੀਆਂ ਹਨ, ਜਿਨ੍ਹਾਂ ਬਾਰੇ ਜਾਣਕਾਰੀ ਹੋਣੀ ਬਹੁਤ ਜ਼ਰੂਰੀ ਹੈ। ਵਿਸ਼ਵੀਕਰਨ ਦੇ ਦੌਰ ਵਿਚ ਕਵਿਤਾ ਇਕ ਅਜਿਹਾ ਮਾਧਿਅਮ ਹੈ, ਜੋ ਮਨੁੱਖੀ ਮਨ ਨੂੰ ਮਨੁੱਖੀ ਮਨ ਨਾਲ ਜੋੜਦਾ ਹੋਇਆ ਇਕ ਅਜਿਹਾ ਵਾਤਾਵਰਣ ਸਿਰਜ ਸਕਦਾ ਹੈ, ਜਿਸ ਨਾਲ ਪੂਰੀ ਕਾਇਨਾਤ ਆਪਣੇ ਜੀਵਨ ਦੇ ਅਰਥਾਂ ਨੂੰ ਸਮਝ ਸਕਦੀ ਹੈ।

# ਛੁੱਟੀ

-ਮਾਸਟਰ ਨਿਰਮਲ ਸਿੰਘ ਲਾਲੀ
ਯੂਬਾ ਸਿਟੀ
530-777-0955
(Punjab Mail USA)



**ਮੇਰੇ ਵਿਦਿਆਰਥੀ ਜੀਵਨ ਦੀ ਘਟਨਾ ਹੈ। ਇਸ ਘਟਨਾ ਦਾ ਨਾਮ ਛੁੱਟੀ ਕਹਾਣੀ ਦੇ ਰੂਪ ਵਿਚ ਵਰਣਨ ਕੀਤਾ ਹੈ। ਇਹ ਕਹਾਣੀ ਮੇਰੇ ਜੀਵਨ ਦੀ ਸੱਚੀ ਕਹਾਣੀ ਹੈ, ਪਰ ਨਾਮ ਬਦਲਿਆ ਹੋਇਆ ਹੈ। ਕਹਾਣੀ ਇਸ ਪ੍ਰਕਾਰ ਹੈ :**

ਸੁਰਿੰਦਰ ਮਾਤਾ-ਪਿਤਾ ਦਾ ਇਕਲੌਤਾ ਪੁੱਤਰ ਸੀ ਪਰ ਸਿਆਣੇ ਆਖਦੇ ਹਨ ਕਿ ਭਾਵੇਂ ਹੋਵੇ ਇੱਕ ਪਰ ਹੋਵੇ ਨੇਕ। ਸੁਰਿੰਦਰ ਨੇ ਇਹ ਕਹਾਵਤ ਬਿਲਕੁਲ ਹੀ ਸਿੱਧ ਕਰ ਦਿੱਤੀ ਕਿਉਂਕਿ ਸੁਰਿੰਦਰ ਇੰਨਾ ਸੁਹਣਾ-ਸੁਨੱਖਾ, ਛੈਲ-ਛਬੀਲਾ, ਬਾਂਕਾ ਗੱਭਰੂ ਹੀ ਨਹੀਂ ਨਿਕਲਿਆ, ਸਗੋਂ ਪੜ੍ਹਾਈ ਵਿਚ ਵੀ ਇੰਨਾ ਹੁਸ਼ਿਆਰ ਨਿਕਲਿਆ ਕਿ ਸੁਰਿੰਦਰ ਸਾਰੇ ਅਧਿਆਪਕਾਂ ਦਾ ਹਰਮਨ ਪਿਆਰਾ ਵਿਦਿਆਰਥੀ ਬਣਿਆ। ਵਿਦਿਆਰਥੀ ਵੀ ਉਸ ਨੂੰ ਬਹੁਤ ਪਸੰਦ ਕਰਦੇ ਅਤੇ ਉਸ ਨੂੰ ਪ੍ਰੋ. ਦੇ ਨਾਮ ਨਾਲ ਪੁਕਾਰਿਆ ਕਰਦੇ ਸਨ।

ਸੁਰਿੰਦਰ ਜਿਥੇ ਪੜ੍ਹਾਈ ਵਿਚ ਬਹੁਤ ਹੁਸ਼ਿਆਰ ਸੀ, ਉਥੇ ਉਹ ਸਕੂਲ ਦੇ ਬਾਕੀ ਕੰਮਾਂ ਵਿਚ ਵੀ ਸਭ ਤੋਂ ਅੱਗੇ ਸੀ। ਸਕੂਲ ਦੀ ਸਾਹਿਤਕ ਸਭਾ ਦਾ ਸੈਕਟਰੀ ਅਤੇ ਹਰ ਸ਼ਨਿੱਚਰਵਾਰ ਨੂੰ ਜਦੋਂ ਸਭਾ ਲੱਗਦੀ, ਤਾਂ ਸੁਰਿੰਦਰ ਬੜੀ ਸਫਲਤਾ ਨਾਲ ਸੈਕਟਰੀ ਦੇ ਫਰਜ਼ ਨੂੰ ਨਿਭਾਉਂਦਾ। ਸੁਰਿੰਦਰ ਜਿੱਥੇ ਦੇਖਣ ਨੂੰ ਅਤਿ ਦਾ ਸੁੰਦਰ, ਉਥੇ ਉਸ ਦੀ ਆਵਾਜ਼ ਵੀ ਇੰਨੀ ਸੁਹਾਵਣੀ ਤੇ ਪਿਆਰੀ ਕਿ ਕੋਇਲ ਦੀ ਆਵਾਜ਼ ਨੂੰ ਵੀ ਮਾਤ ਪਾਉਂਦੀ। ਉਸ ਨੂੰ ਗਾਉਣ ਦਾ ਵੀ ਸ਼ੌਕ ਸੀ ਤੇ ਸ਼ਨਿੱਚਰਵਾਰ ਨੂੰ ਜਦੋਂ ਬਾਲ ਸਭਾ ਲੱਗਦੀ, ਤਾਂ ਗਾਣਾ ਸੁਣਾ ਕੇ ਸਾਰੇ ਵਿਦਿਆਰਥੀ ਤੇ ਅਧਿਆਪਕਾਂ ਦਾ ਮਨ ਮੋਹ ਲੈਂਦਾ। ਪੜ੍ਹਾਈ ਵਿਚ ਇੰਨਾ ਹੁਸ਼ਿਆਰ ਕਿ ਜਦੋਂ ਵਾਰਸ਼ਿਕ ਇਨਾਮ ਵੰਡ ਸਮਾਗਮ ਹੁੰਦਾ, ਤਾਂ ਸਾਰੇ ਵਿਸ਼ਿਆਂ ਵਿਚੋਂ ਇਨਾਮ ਸੁਰਿੰਦਰ ਦੇ ਹੀ ਹੁੰਦੇ। ਪਰ ਸੁਰਿੰਦਰ ਨਾਲ ਇਕ ਅਜਿਹੀ ਘਟਨਾ ਵਾਪਰੀ, ਜਿਸ ਨਾਲ ਸੁਰਿੰਦਰ ਦੀ ਸਕੂਲ ਵਿਚ ਬਣੀ ਇੱਜ਼ਤ ਨੂੰ ਧੱਕਾ ਲੱਗਾ। ਪਰ ਫਿਰ ਵੀ ਸੁਰਿੰਦਰ ਬੇ-ਇੱਜ਼ਤ ਹੋਣ ਤੋਂ ਵਾਲ-ਵਾਲ ਬਚ ਗਿਆ। ਘਟਨਾ ਇਹ ਹੋਈ ਕਿ ਸਕੂਲ ਦੀ ਪੜ੍ਹਾਈ ਦੇ ਪੀਰੀਅਡਾਂ ਤੋਂ ਬਾਅਦ ਪੀ.ਟੀ. ਦਾ ਪੀਰੀਅਡ ਲੱਗਦਾ ਸੀ। ਸਾਰੀਆਂ ਸ਼੍ਰੇਣੀਆਂ ਇਕੱਠੀਆਂ ਕਰਕੇ, ਉਨ੍ਹਾਂ ਨੂੰ ਪੀ.ਟੀ. ਮਾਸਟਰ ਡਰਿਲ ਕਰਾਉਂਦਾ ਹੁੰਦਾ ਸੀ। ਸੁਰਿੰਦਰ ਨੂੰ ਇਕ ਦਿਨ ਕੋਈ ਘਰ ਕੰਮ ਸੀ ਤੇ ਸੁਰਿੰਦਰ ਲਈ ਪੀ.ਟੀ. ਦੇ ਪੀਰੀਅਡ ਵਿਚ ਸ਼ਾਮਲ ਹੋਣਾ ਕਠਿਨ ਸੀ। ਇਸ ਲਈ ਉਸ ਨੇ, ਆਪਣੇ ਇੰਚਾਰਜ ਅਧਿਆਪਕ ਪਾਸੋਂ ਛੁੱਟੀ ਦੀ ਬਿਨੇ ਕੀਤੀ ਪਰ ਅਧਿਆਪਕ ਦੇ ਮਨ ਵਿਚ ਪਤਾ ਨਹੀਂ ਕੀ ਆਇਆ ਕਿ ਅਧਿਆਪਕ ਨੇ ਛੁੱਟੀ ਦੇਣ ਤੋਂ ਇਨਕਾਰ ਕਰ ਦਿੱਤਾ।

ਸੁਰਿੰਦਰ ਵਿਚ ਜਿਥੇ ਇੰਨੇ ਗੁਣ ਸਨ, ਉਥੋਂ ਸੁਰਿੰਦਰ ਅੱਤ ਦਾ ਅਣਖੀ ਨੌਜਵਾਨ ਸੀ। ਉਸ ਦੇ ਲਈ ਗੱਲ ਸਹਿਣ ਨਾ ਹੋਈ, ਤਾਂ ਉਸ ਦਾ ਮਨ ਵੀ ਬਹੁਤ ਦੁਖੀ ਸੀ। ਸੁਰਿੰਦਰ ਨੇ ਉਸ ਅਧਿਆਪਕ ਦੇ ਵਿਰੁੱਧ ਬਿਨੈਪੱਤਰ ਲਿਖ ਕੇ ਮੁੱਖ-ਅਧਿਆਪਕ ਨੂੰ ਦੇ ਦਿੱਤੀ। ਪਰ ਮੁੱਖ-ਅਧਿਆਪਕ ਨੇ ਵੀ ਸੁਰਿੰਦਰ ਨਾਲ ਕੋਈ ਹਮਦਰਦੀ, ਪਿਆਰ ਤੇ ਇਨਸਾਫ਼ ਨਾ ਕੀਤਾ, ਸਗੋਂ ਮੁੱਖ-ਅਧਿਆਪਕ ਨੇ ਸੁਰਿੰਦਰ ਦੀ ਬਿਨੈ-ਪੱਤਰ ਸੈਕਿੰਡ ਮਾਸਟਰ ਅਤੇ ਇਕ ਹੋਰ ਅਧਿਆਪਕ ਨੂੰ ਦੇ ਦਿੱਤੀ ਕਿ ਇਸ ਦਾ ਨਿਰਣਾ ਤੁਸੀਂ ਕਰੋ। ਇਥੇ ਦੱਸਣਾ ਜ਼ਰੂਰੀ ਹੈ ਕਿ ਮੁੱਖ ਅਧਿਆਪਕ ਵੀ ਸੁਰਿੰਦਰ ਦੇ ਪਿੰਡ ਦਾ ਹੀ ਸੀ। ਜੇਕਰ ਸੁਰਿੰਦਰ ਗਲਤ ਸੀ, ਤਾਂ ਉਹ ਸੁਰਿੰਦਰ ਨੂੰ ਕਹਿ ਸਕਦਾ ਸੀ ਕਿ ਸੁਰਿੰਦਰ ਆਪਣੀ ਬਿਨੈ-ਪੱਤਰ ਵਾਪਸ ਲੈ ਲਵੇ, ਤੇ ਮੈਂ ਅਧਿਆਪਕ ਨੂੰ ਪੁਛਾਂਗਾ। ਹੋ ਸਕਦਾ, ਸੁਰਿੰਦਰ ਪਿੰਡ ਦਾ ਹੋਣ ਕਰਕੇ, ਮੁੱਖ ਅਧਿਆਪਕਾਂ ਦੀ ਬੱਚਿਆਂ ਪ੍ਰਤੀ ਵੱਡੀ ਜ਼ਿੰਮੇਵਾਰੀ ਹੁੰਦੀ ਹੈ। ਵੱਡੇ ਗਲਤੀਆਂ ਕਰਦੇ ਹੁੰਦੇ ਹਨ ਅਤੇ ਬੱਚਿਆਂ ਦੀਆਂ ਗਲਤੀਆਂ ਨੂੰ ਠੀਕ ਕਰਨਾ ਮਾਤਾ-ਪਿਤਾ ਅਤੇ ਅਧਿਆਪਕਾਂ ਦਾ ਫਰਜ਼ ਹੁੰਦਾ ਹੈ। ਪਰ ਸੁਰਿੰਦਰ ਤਾਂ ਇੰਨਾ ਚੰਗਾ ਵਿਦਿਆਰਥੀ ਸੀ ਕਿ ਉਸ ਨੇ ਤਾਂ ਕਦੀ ਕੋਈ ਗਲਤੀ ਕੀਤੀ ਹੀ ਨਹੀਂ ਸੀ।

ਸੁਰਿੰਦਰ ਨੇ ਤਾਂ ਅਧਿਆਪਕ ਵੱਲੋਂ ਕੀਤੇ ਵਤੀਰੇ ਬਾਰੇ ਮੁੱਖ ਅਧਿਆਪਕ ਨੂੰ ਦੱਸਿਆ ਹੀ ਸੀ। ਸੁਰਿੰਦਰ ਨੇ ਅਧਿਆਪਕ ਨਾਲ ਬੁਰਾ ਵਿਹਾਰ ਭਾਵ ਕੋਈ ਅਪਸ਼ਬਦ ਵੀ ਨਹੀਂ ਵਰਤਿਆ ਸੀ। ਫਿਰ ਵੀ ਸੁਰਿੰਦਰ ਨਾਲ ਇੰਨਾ ਵੱਡਾ ਅਨਿਆਂ ਕਿ ਸੁਰਿੰਦਰ ਨੂੰ ਸਕੂਲ ਵਿਚੋਂ ਕਿਉਂ ਨਾ ਕੱਢਿਆ ਜਾਵੇ?

ਸੈਕਿੰਡ ਮਾਸਟਰ ਅਤੇ ਇਕ ਹੋਰ ਅਧਿਆਪਕ ਨੂੰ ਸੁਰਿੰਦਰ ਵੱਲੋਂ ਦਿੱਤੀ ਬਿਨੈ ਬਾਰੇ ਨਿਰਣਾ ਕੀਤਾ ਜਾਵੇ। ਦੂਸਰਾ ਅਧਿਆਪਕ ਕੌਣ ਸੀ, ਉਹ ਸੀ ਸਕੂਲ ਦਾ ਡਰਾਇੰਗ ਅਧਿਆਪਕ ਜਿਹੜਾ ਇਲਾਕੇ ਦਾ ਹੀ ਵਸਨੀਕ ਸੀ ਅਤੇ ਉਹ ਬਹੁਤ ਚੰਗਾ ਅਧਿਆਪਕ ਸੀ ਅਤੇ ਵਿਦਿਆਰਥੀਆਂ ਨਾਲ ਬਹੁਤ ਪਿਆਰ ਕਰਦੇ ਸਨ। ਸੈਕਿੰਡ ਮਾਸਟਰ ਅਤੇ ਡਰਾਇੰਗ ਅਧਿਆਪਕ ਦੋਨੋਂ ਹੀ ਕਲਾਸ ਵਿਚ ਆਏ ਅਤੇ ਸਾਰੇ ਵਿਦਿਆਰਥੀਆਂ ਨੂੰ ਪੁੱਛਿਆ ਕਿ ਸੁਰਿੰਦਰ ਦੀ ਇੰਚਾਰਜ ਅਧਿਆਪਕ ਨਾਲ ਕੀ ਗੱਲ ਹੋਈ ਸੀ। ਸਹਿਪਾਠੀਆਂ ਦਾ ਸੁਰਿੰਦਰ ਨਾਲ ਬਹੁਤ ਪਿਆਰ ਸੀ ਅਤੇ ਇਕ ਵਿਦਿਆਰਥੀ ਉੱਠਿਆ ਅਤੇ ਉਸ ਨੇ ਬਿਨਾਂ ਝਿਜਕ ਅਤੇ ਡਰ ਤੋਂ ਸਪੱਸ਼ਟ ਕਹਿ ਦਿੱਤਾ ਕਿ ਸੁਰਿੰਦਰ ਨੇ ਛੁੱਟੀ ਮੰਗੀ ਤੇ ਇੰਚਾਰਜ ਅਧਿਆਪਕ ਨੇ ਛੁੱਟੀ ਨਹੀਂ ਦਿੱਤੀ। ਹੁਣ ਸੈਕਿੰਡ ਮਾਸਟਰ ਨੂੰ ਇਹ ਪ੍ਰਮਾਣ ਵੀ ਮਿਲ ਗਿਆ ਕਿ ਸੁਰਿੰਦਰ ਦਾ ਕੋਈ ਦੋਸ਼ ਨਹੀਂ ਤੇ ਉਹ ਸੱਚਾ ਹੈ। ਪਰ ਫਿਰ ਵੀ ਸੈਕਿੰਡ ਮਾਸਟਰ ਨੇ ਸੁਰਿੰਦਰ ਨੂੰ ਬਾਹਰ ਬੁਲਾ ਕੇ ਪੁੱਛ-ਗਿੱਛ ਕਰਨੀ ਆਰੰਭ ਕਰ ਦਿੱਤੀ ਤੇ ਸੁਰਿੰਦਰ ਨੂੰ ਕਹਿਣ ਲੱਗਾ ਕਿ ਤੂੰ ਦੱਸ ਕਿ ਤੈਨੂੰ ਸਕੂਲ ਵਿਚੋਂ ਕਿਉਂ ਨਾ ਕੱਢਿਆ ਜਾਵੇ? ਸੁਰਿੰਦਰ ਨੇ ਵੀ ਇਕ ਦਮ ਹੀ ਉੱਤਰ ਦਿੱਤਾ ਕਿ ਤੁਸੀਂ ਦੱਸੋ ਕਿ ਮੈਨੂੰ ਸਕੂਲੋਂ ਕਿਉਂ ਕੱਢਿਆ ਜਾ ਰਿਹਾ ਹੈ? ਮੈਂ ਮੰਦਾ ਹਾਂ?

ਇਹ 'ਸ਼ਬਦ' ਕਹਿਣ ਦੀ ਦੇਰ, ਦੂਸਰੇ ਅਧਿਆਪਕ ਨੇ ਇਕ ਦਮ ਸੈਕਿੰਡ ਮਾਸਟਰ ਨੂੰ ਕਿਹਾ ਕਿ ਛੱਡੋ ਇਹ ਕੀ ਗੱਲ ਹੈ? ਇਸ ਗੱਲ ਨੂੰ ਹੋਰ ਨਾ ਵਧਾਵੋ। ਜ਼ਿੰਦਗੀ ਦਾ ਪ੍ਰਸ਼ਨ ਹੈ ਅਤੇ ਹਾਈ ਸਕੂਲ ਦਾ ਅੰਤਲਾ ਹੈ। ਇਸ ਨਾਲ ਹੀ ਸੈਕਿੰਡ ਮਾਸਟਰ ਨੇ ਕੋਈ ਗੱਲ ਨਾ ਕੀਤੀ ਤੇ ਗੱਲ ਸਮਾਪਤ ਹੋ ਗਈ।

# 21ਵੀਂ ਸਦੀ ਵਿਚ ਕਿਉਂ ਜ਼ਰੂਰੀ ਹੈ ਧਰਮ?




ਡਾ. ਜਸਵਿੰਦਰ ਸਿੰਘ
ਮੈਨੇਜਰ, ਖਾਲਸਾ ਦੀਵਾਨ
ਸਿੱਖ ਟੈਂਪਲ, ਹਾਂਗ ਕਾਂਗ
+852-93757031
(Punjab Mail USA)


ਸੰਸਾਰ ਦੀ ਇਸ ਵਕਤ ਜੋ ਦੀਨ ਦਸ਼ਾ ਹੋ ਰਹੀ ਹੈ, ਉਹ ਕਿਸੇ ਤੋਂ ਗੁੱਝੀ ਛਿਪੀ ਨਹੀਂ। ਇਹ ਦਿਨ-ਰਾਤ ਦੁਖੀਆਂ ਦਰਦਵੰਦਾਂ ਦੀ ਪੁਕਾਰ ਤੇ ਅਨਿਆਈ ਜਰਵਾਣਿਆ ਦਿਆਂ ਸ਼ਸਤਰਾਂ ਦੀ ਖੜਕਾਰ ਤੋਂ ਸਾਫ ਪ੍ਰਗਟ ਹੋ ਰਹੀ ਹੈ। ਪਰ ਇਹ ਸਿਰਫ਼ ਹੁਣ ਦੀ ਨਹੀਂ ਸ਼ੁਰੂ ਤੋਂ ਲੈ ਕੇ ਬਣੀ ਆਈ ਹੈ। ਮਨੁੱਖ ਅਜਿਹੇ ਜੀਵਨ ਤੋਂ ਹਮੇਸ਼ਾਂ ਤੰਗ ਰਿਹਾ। ਉਸ ਦੇ ਜੀਵਨ ਨੂੰ ਰਾਜਨੀਤਿਕ, ਭਾਈਚਾਰਕ, ਆਰਥਿਕ ਵਿਕਾਰਾਂ ਨੇ ਤਰਸਯੋਗ ਬਣਾ ਦਿਤਾ ਹੈ। ਤਾਂ ਮਨੁੱਖ ਕੋਲ ਕੀ ਚਾਰਾ ਹੈ ਅਜਿਹੀਆਂ ਅਲਾਮਤਾਂ ਤੋਂ ਛੁਟਕਾਰਾ ਪਾਉਣ ਦਾ। ਅਸੀਂ ਆਪਣੇ ਵਿਚਾਰ ਵਿਚ 'ਧਰਮ' ਨੂੰ ਇਕੋ-ਇਕ ਹੱਲ ਦੱਸਦੇ ਹਾਂ ਪਰ ਧਰਮ ਕੀ ਹੈ? ਇਸ ਦੀ ਵਿਚਾਰ ਕਰਨੀ ਇਥੇ ਅਰਥ ਭਰਪੂਰ ਹੋਵੇਗੀ। ਮਨੁੱਖ ਇਸ ਧਰਤੀ ਦਾ ਸਰਦਾਰ ਹੈ, ਧੁਰ ਕੀ ਬਾਣੀ ਵਿਚ ਇਹ ਵਿਚਾਰ ਇਉਂ ਆਇਆ ਹੈ:

"ਅਵਰ ਜੋਨਿ ਤੇਰੀ ਪਨਿਹਾਰ॥
ਇਸੁ ਧਰਤੀ ਮਹਿ ਤੇਰੀ ਸਿਕਦਾਰੀ॥ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ: 374)

ਪਰ ਇਸ ਦਾ ਇਥੇ ਆਉਣ ਦਾ ਉਦੇਸ਼ ਕੀ ਹੋ ਸਕਦਾ ਹੈ? ਕੀ ਸੰਸਾਰ ਨਾਲ ਸਬੰਧ ਪੈਦਾ ਕਰਨਾ ਇਸ ਦਾ ਉਦੇਸ਼ ਤਾਂ ਨਹੀਂ, ਜਾਂ ਖਾਣਾ-ਪੀਣਾ ਤੇ ਪਹਿਨਣਾ ਇਹੀ ਜੀਵਨ ਹੈ। ਹਾਂ, ਖਾਣ-ਪੀਣ ਨਾਲ ਜਿਊਂਦੇ ਰਹਿ ਸਕਦੇ ਹਾਂ ਪਰ ਜੀਵੀਏ ਤਾਂ ਕੀ ਕਰੀਏ? ਕੀ ਸਾਡੀ ਜੀਵਨ ਯਾਤਰਾ ਦਾ ਅੰਤ ਖਾਣ ਵਾਲੇ ਕਮਰੇ ਦੇ ਮੇਜ਼ 'ਤੇ ਹੀ ਹੋ ਜਾਣਾ ਹੈ? ਜਾਂ ਤਵੇ ਪਰਾਤ ਵਿਚ ਹੀ ਜਾ ਮੁਕਣਾ ਹੈ? ਜੇਕਰ ਨਹੀਂ ਤਾਂ ਫਿਰ ਉਸ ਗੱਲ ਦੀ ਖੋਜ ਕਿਉਂ ਨਾ ਕੀਤੀ ਜਾਵੇ, ਜਿਸਨੂੰ ਜੀਵਨ ਦੇ ਢੂੰਡਾਊਆਂ ਨੇ ਉਮਰਾਂ ਖਰਚ ਕੇ ਲੱਭਿਆ ਹੈ। ਜੀਵਨ ਦਾ ਪ੍ਰਵਿਰਤਕ ਅੰਗ ਕੋਈ ਬੜੀ ਉਚੀ ਚੀਜ਼ ਨਹੀਂ ਕਿਉਂਕਿ ਖਾਣ-ਪੀਣ ਤੇ ਪਹਿਨਣਾ ਸੰਤਾਨ ਪੈਦਾ ਕਰਨ ਵਿਚ ਤਾਂ ਮਨੁੱਖ ਪਸ਼ੂ ਦੀ ਬਰਾਬਰੀ ਕਰ ਹੀ ਨਹੀਂ ਸਕਦਾ। ਕੀ ਅਸੀਂ ਨਹੀਂ ਜਾਣਦੇ ਕਿ ਦੁਨੀਆਂ ਵਿਚ ਸਭ ਤੋਂ ਸੋਹਣਾ, ਸਾਫ਼ ਤੇ ਸਵਾਦਲਾ ਦੁੱਧ ਗਊਆਂ ਦੇ ਵੱਛੇ ਹੀ ਪੀਂਦੇ ਹਨ। ਵੱਡੇ-ਵੱਡੇ ਬਾਗ ਲੱਦਕੇ ਤੇ ਘਾਲਾਂ ਘਾਲਕੇ ਵੀ ਮਨੁੱਖ ਤੋਤਿਆਂ ਤੇ ਗਾਹਲੜਾਂ ਵਾਂਗ ਮੇਵੇ ਨਹੀਂ ਖਾ ਸਕਦਾ। ਕਿਸੀ ਵੱਡੇ ਰਾਜ ਦੀ ਮਲਕਾਂ ਵੀ ਆਪਣੇ ਬੱਚਿਆਂ ਨੂੰ ਮੋਰਾਂ ਵਰਗੀ ਸੋਹਣੀ, ਮੁਲਾਇਮ ਤੇ ਚਮਕੀਲੀ ਪੁਸ਼ਾਕ ਨਹੀਂ ਪੁਆ ਸਕਦੀ।



ਫਿਰ ਜਦ ਹਰੇਕ ਪਹਿਲੂ ਵਿਚ ਸਾਹਮਣੇ ਹਾਰ ਹੀ ਹਾਰ ਹੈ, ਤਾਂ ਫਿਰ ਵਿਚਾਰ ਕਿਉਂ ਨਹੀਂ ਕਿ ਮੇਰਾ ਅਸਲ ਕਰਤਵ ਕੀ ਹੈ? ਜੀਵਨ ਦੀ ਅਸਲੀਅਤ ਨੂੰ ਪਛਾਣੇ ਬਿਨ੍ਹਾਂ ਹੀ ਮਨੁੱਖ ਦੀ ਜ਼ਿੰਦਗੀ ਵਿਚ ਠੋਕਰਾਂ ਹਨ। ਅੱਜ ਦੀਆਂ ਵਧੀਆਂ ਹੋਈਆਂ ਠੋਕਰਾਂ ਮਨੁੱਖ ਨੂੰ ਪੁਕਾਰ-ਪੁਕਾਰ ਕੇ ਕਹਿ ਰਹੀਆਂ ਹਨ ਕਿ ਮਨੁੱਖ ਤੂੰ ਜੀਵਨ ਦੀ ਅਸਲੀਅਤ ਨੂੰ ਭੁੱਲ ਰਿਹਾ ਹੈਂ। ਜੇਕਰ ਅਸਲੀਅਤ ਵੱਲ ਗਹੁ ਕਰੀਏ ਤਾਂ ਪਤਾ ਲੱਗਦਾ ਹੈ ਕਿ ਮਨੁੱਖ ਇਸ ਜੀਵਨ ਦੇ ਮੈਦਾਨ ਵਿਚ ਰੋਕਾਂ ਤੇ ਅਟਕਾਂ ਨਾਲ ਮੁਕਾਬਲਾ ਕਰਨ ਲਈ ਬਣਿਆ ਹੈ। ਸਾਹਮਣੇ ਆਈਆਂ ਔਕੜਾਂ ਨੂੰ ਜਿੱਤਣਾ ਤੇ ਉਨ੍ਹਾਂ ਤੋਂ ਅੱਗੇ ਲੰਘ ਟੁਰਨਾ ਹੀ ਇਸ ਦਾ ਕਰਤੱਵ ਹੈ। ਅਸਲ ਵਿਚ ਇਸ ਕਰਤੱਵ ਨੂੰ ਸਮਝਣ ਦਾ ਨਾਮ ਹੀ 'ਧਰਮ' ਹੈ।

21ਵੀਂ ਸਦੀ ਵਿਚ ਧਰਮ ਦੀ ਲੋੜ ਉਸੇ ਤਰ੍ਹਾਂ ਹੀ ਮਹਿਸੂਸ ਕੀਤੀ ਜਾ ਰਹੀ ਹੈ, ਜਿਸ ਤਰ੍ਹਾਂ ਅੱਗੇ ਮਹਿਸੂਸ ਕੀਤੀ ਜਾਂਦੀ ਸੀ। ਮਨੁੱਖੀ ਜੀਵਨ ਦੀ ਸੁਚੱਜੀ ਉਸਾਰੀ ਵਾਸਤੇ ਧਰਮ ਦੀ ਥਾਂ ਹੋਰ ਕੋਈ ਚੀਜ਼ ਪੈਦਾ ਨਹੀਂ ਹੋ ਸਕੀ, ਭਾਵੇਂ 21ਵੀਂ ਸਦੀ ਵਿਚ ਸਾਇੰਸ ਦੇ ਸ਼ਿਲਪ ਵਿਗਿਆਨ ਦਾ ਬੋਲਬਾਲਾ ਜੋਬਨ 'ਤੇ ਹੈ। ਨਵੀਂ ਰੌਸ਼ਨੀ ਨੇ ਮਨੁੱਖੀ ਅਤੇ ਸਮਾਜਿਕ ਭਲਾਈ ਨੂੰ ਮੁੱਖ ਰੱਖਣ ਦੀ ਕੋਈ ਨਵੀਂ ਨਿਯਮਾਵਲੀ ਤਿਆਰ ਨਹੀਂ ਕੀਤੀ, ਜਿਹੜੀ ਧਾਰਨਾ ਦੀ ਥਾਂ ਲੈ ਸਕੇ। ਸਾਇੰਸ ਉਨਤੀ ਦੁਆਰਾ ਦੇਸ਼ ਐਸੇ ਫੌਜੀ ਹਥਿਆਰਬੰਧ ਰਹੇ ਹਨ, ਜੋ ਵਰਤੋਂ 'ਤੇ ਸਾਰੀ ਮਨੁੱਖ ਜਾਤੀ ਨੂੰ ਤਬਾਹ ਕਰ ਦੇਣਗੇ। ਇਸ ਤੋਂ ਸਿੱਧ ਹੁੰਦਾ ਹੈ ਕਿ ਮਨੁੱਖੀ ਭਲਾਈ ਦਾ ਆਦਰਸ਼ ਦੀ ਵਿਗਿਆਨਕ ਉਨਤੀ ਨੂੰ ਕੋਈ ਪ੍ਰਵਾਹ ਨਹੀਂ।

ਚੰਗੇ ਆਚਰਨ, ਮਨੁੱਖਤਾ, ਸਹਿਣਸ਼ੀਲਤਾ, ਖਿਆਲਾਂ ਦੀ ਪਵਿੱਤਰਤਾ ਅਤੇ ਨੇਕ ਨੀਤੀ ਦੇ ਦੁਸ਼ਮਣ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਹਨ। ਇਨ੍ਹਾਂ ਕਰਕੇ ਮਨੁੱਖ, ਅਸਲੀਅਤ ਦੀ ਸੋਝੀ ਤੋਂ ਦੂਰ ਹੈ, ਪਰ ਸਾਇੰਸ ਨੇ ਮਨੁੱਖੀ ਇਛਾਵਾਂ ਨੂੰ ਘਟਾਇਆ ਨਹੀਂ, ਸਗੋਂ ਵਧਾਇਆ ਹੈ, ਨਾ ਹੀ ਇਸ ਦਾ ਇਨ੍ਹਾਂ ਨੂੰ ਘਟਾਉਣ ਦਾ ਕੋਈ ਯਤਨ ਹੈ। ਇਨ੍ਹਾਂ ਬੁਰਾਈਆਂ ਨੂੰ ਕਾਬੂ ਕਰਨ ਵਾਲੀ ਸਿਰਫ ਇਕ ਚੀਜ਼ ਹੈ, ਉਹ ਹੈ ਧਾਰਮਿਕ, ਸਮਾਜਿਕ ਅਤੇ ਸਦਾਚਾਰਕ ਸੋਝੀ। ਇਹ ਪ੍ਰਮਾਤਮਾ ਦੇ ਖਿਆਲ ਤੇ ਰਬ ਦੇ ਭੈਅ ਵਿਚੋਂ ਪੈਦਾ ਹੁੰਦੀ ਹੈ। ਸੱਭਿਅਤਾ ਦੀ ਉਨਤੀ ਦਾ ਸਹੀ ਕਾਰਨ ਹੀ ਅਸਲ ਵਿਚ ਇਹ ਸੋਝੀ ਹੈ। ਸੋ ਚੰਗਾ ਆਚਰਨ ਸਦਾ ਕਾਇਮ ਰੱਖਣ ਲਈ ਪ੍ਰਮਾਤਮਾ ਦਾ ਭਉ ਹੋਣਾ ਜ਼ਰੂਰੀ ਹੈ।

ਜੇ ਨਾਗਰਿਕ ਅਤੇ ਦੇਸ਼ ਦੀ ਉਨਤੀ ਲਈ ਆਚਰਨ ਜ਼ਰੂਰੀ ਹੈ, ਤਾਂ ਸਾਨੂੰ ਉਹ ਸਾਧਨ ਸੰਭਾਲ ਕੇ ਰੱਖਣੇ ਚਾਹੀਦੇ ਹਨ, ਜੋ ਇਤਿਹਾਸ ਵਿਚ ਆਚਰਨ ਨੂੰ ਉੱਚਾ ਕਰਨ ਲਈ ਵਰਤੇ ਗਏ ਹਨ, ਉਹ ਸਾਧਨ ਧਾਰਮਿਕ, ਸਮਾਜਿਕ ਅਤੇ ਸਦਾਚਾਰਕ ਨਿਯਮ ਹਨ। ਇਹ ਸਾਰੇ ਇਨਸਾਨ ਨੂੰ ਲੋਭ ਲਾਲਚ ਵਿਰੁੱਧ ਤਕੜਾ ਕਰਦੇ ਹਨ ਤੇ ਠੀਕ ਪੱਖ ਲਈ ਹਰ ਕਿਸਮ ਦੀ ਕੁਰਬਾਨੀ ਕਰਨ ਲਈ ਹੌਸਲਾ ਦਿੰਦੇ ਹਨ।

ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ : 1412)

ਸਾਡੀ ਸੱਭਿਅਤਾ ਅਤੇ ਸੱਭਿਆਚਾਰ ਦਾ ਆਧਾਰ ਹੀ ਧਾਰਮਿਕ ਸੂਝ ਹੈ। ਧਰਮ ਅਤੇ ਸਮਾਜ ਹੀ ਹੈ, ਜੋ ਚੰਗੇ ਖਿਆਲ 'ਤੇ ਆਦਤਾਂ ਪੈਦਾ ਕਰਦਾ ਹੈ। ਪ੍ਰਮਾਤਮਾ ਦਾ ਧਿਆਨ ਅਤੇ ਪੂਜਾ ਉਸ ਸ਼ਕਤੀ ਦਾ ਸੋਮਾ ਹੈ, ਜਿਸ ਨਾਲ ਝੂਠੀਆਂ ਇੱਛਾਵਾਂ ਤੇ ਨੀਚ ਵਾਸ਼ਨਾਵਾਂ ਦਾ ਮੁਕਾਬਲਾ ਕੀਤਾ ਜਾ ਸਕਦਾ ਹੈ। ਇਸ ਮੰਤਵ ਦੀ ਪੂਰਤੀ ਲਈ ਨਾ ਤਾਂ ਨਿਰੀ ਸਾਇੰਸ ਕੰਮ ਕਰਦੀ ਹੈ ਅਤੇ ਨਾ ਹੀ ਨਿਰੀ ਸਦਾਚਾਰਕ ਸਿੱਖਿਆ। ਸਾਇੰਸ ਦੀ ਉਨਤੀ ਨੇ ਧਰਮ ਦੀ ਲੋੜ ਨੂੰ ਵਧਾ ਦਿੱਤਾ ਹੈ, ਕਿਉਂਕਿ ਪਦਾਰਥਕ ਉਨਤੀ ਧਰਮ ਤੋਂ ਬਿਨ੍ਹਾਂ ਇੱਕ ਬਹੁਤ ਖਤਰਨਾਕ ਹਥਿਆਰ ਹੈ। ਜੇ ਇਕ ਵਾਰ ਰੱਬ ਦਾ ਯਕੀਨ ਜਾਂਦਾ ਰਿਹਾ, ਤਾਂ ਸ਼ੈਤਾਨ ਦੀ ਐਸੀ ਜਿੱਤ ਹੋਵੇਗੀ ਕਿ ਸਾਰੀ ਦੁਨੀਆਂ 'ਤੇ ਬੁਰਾਈਆਂ ਛਾ ਜਾਣਗੀਆਂ।

ਅੱਜ 21ਵੀਂ ਸਦੀ ਵਿਚ ਵਿਸ਼ਵੀਕਰਨ ਦੀ ਧਾਰਨਾ ਦਾ ਪੂਰਾ ਪ੍ਰਚਾਰ ਹੈ। ਪਰ ਜੇ ਇਸ ਵਿਚ ਸਿਰਫ਼ ਕੁਝ ਕੁ ਮੁਲਕਾਂ ਦੀ ਸਰਦਾਰੀ ਜਾਂ ਰਾਜ ਕਰਨ ਦੀ ਭਾਵਨਾ ਛੁਪੀ ਹੋਈ ਹੈ, ਤਾਂ ਇਹ ਸਚਮੁੱਚ ਹੀ ਮਨੁੱਖਤਾ ਦੇ ਹੱਕ ਵਿਚ ਨਹੀਂ। ਇਹ ਮਨੁੱਖੀ ਏਕਤਾ ਦੇ ਆਦਰਸ਼ ਦੇ ਅਨੁਸਾਰ ਨਹੀਂ, ਅਗਰ ਧਰਮ ਅਨੁਸਾਰੀ ਹੋ ਕੇ ਇਸ ਧਾਰਨਾ ਦਾ ਪ੍ਰਚਾਰ ਕੀਤਾ ਜਾਵੇ, ਤਾਂ ਇਹ ਸੱਚਮੁਚ ਹੀ ਮਨੁੱਖਤਾ ਦਾ ਏਕੀਕਰਨ ਲਈ ਸਹਾਇਕ ਹੋਵੇਗੀ। ਪਰ ਇਨ੍ਹਾਂ ਧਾਰਨਾਵਾਂ ਵਿਚ ਰੱਬ ਦਾ ਭਉ ਹੋਣਾ ਲਾਜ਼ਮੀ ਹੈ ਕਿਉਂਕਿ 'ਤੂੰ ਸਾਝਾ ਸਾਹਿਬੁ ਬਾਪੁ ਹਮਾਰਾ' ਦੀ ਧਾਰਮਿਕ ਸਿੱਖਿਆ ਸਾਰੀ ਮਨੁੱਖਤਾ ਨੂੰ ਇਕ ਬਾਪ ਦੀ ਸੰਤਾਨ ਸਮਝ ਕੇ ਵਿਵਹਾਰ ਕਰਨ ਲਈ ਪ੍ਰੇਰਦੀ ਹੈ।

ਸੋ ਅਸੀਂ ਅਖੀਰ ਵਿਚ ਇਹ ਆਖ ਸਕਦੇ ਹਾਂ ਕਿ 21ਵੀਂ ਸਦੀ ਵਿਚ ਸਮਾਜਿਕ ਜੀਵਨ ਲਈ ਸਦਾਚਾਰਕ ਨਿਯਮਾਂ ਦੀ ਲੋੜ ਹੈ। ਸਦਾਚਾਰਕ ਨਿਯਮਾਂ ਨੂੰ ਰਾਜਸੀ ਸ਼ਕਤੀ ਅਤੇ ਕਾਨੂੰਨੀ ਡੰਡੇ ਨਾਲ ਲਾਗੂ ਨਹੀਂ ਕੀਤਾ ਜਾ ਸਕਦਾ। ਹਰ ਸਦਾਚਾਰਕ ਨਿਯਮ ਦੇ ਪਿੱਛੇ, ਰਾਜ ਦਾ ਡਰ, ਨਿਗੁਣਾ ਹੀ ਹੈ। ਕੁਝ ਐਸੇ ਨਿਯਮ ਹਨ, ਜਿਨ੍ਹਾਂ ਦੀ ਪਾਲਣਾ ਰੱਬ ਦੇ ਯਕੀਨ ਜਾਂ ਭਉ ਵਿਚੋਂ ਹੀ ਪੈਦਾ ਹੁੰਦੀ ਹੈ। ਧਰਮ ਵਿਚ ਯਕੀਨ ਨਾਲ ਹੀ ਸੱਭਿਅਤਾ ਦਾ ਵਿਕਾਸ ਹੋ ਸਕਦਾ ਹੈ। ਸਾਇੰਸ ਨੇ ਸਮਝਣ ਲਈ ਕੋਈ ਸਦਾਚਾਰਕ ਨਿਯਮਾਵਲੀ ਨਹੀਂ ਦਿੱਤੀ। ਇਸ ਨੇ ਲੋਕਾਂ ਨੂੰ ਅਧਿਆਤਮਕ ਸਦਾਚਾਰਕ ਗੁਣਾਂ ਤੋਂ ਬੇਮੁੱਖ ਜ਼ਰੂਰ ਕੀਤਾ ਹੈ। ਇਸ ਕਰਕੇ ਅੱਜ ਦੁਨੀਆਂ ਤਬਾਹੀ ਦੇ ਕੰਢੇ 'ਤੇ ਆ ਖੜ੍ਹੀ ਹੈ। ਮਨੁੱਖਤਾ ਨੂੰ ਅਧੋਗਤੀ ਤੋਂ ਬਚਾਉਣ ਦੇ ਲਈ, ਧਰਮ ਤੇ ਸਾਇੰਸ ਦੇ ਤੱਤ ਗਿਆਨ ਦਾ ਸੁਮੇਲ ਹੋਣਾ ਬਹੁਤ ਜ਼ਰੂਰੀ ਹੈ, ਜੋ ਕਿ ਸੰਭਵ ਹੈ। ਮਨੁੱਖ ਦੀ ਅਧਿਆਤਮਿਕ ਅਤੇ ਸਦਾਚਾਰਕ ਖੁਸ਼ਹਾਲੀ ਵਾਸਤੇ ਧਰਮ ਦੀ ਹਮੇਸ਼ਾ ਲੋੜ ਰਹੀ ਹੈ ਅਤੇ ਅੱਗੇ ਭੀ ਰਹੇਗੀ।

## ਲੋਕ ਗਾਇਕੀ ਦੇ ਪਿਆਰਿਆਂ ਦਾ ਚਹੇਤਾ

# 'ਕੁੱਕੂ ਰਾਣਾ ਰੋਂਦਾ' ਅਤੇ 'ਮਾਂ ਦਿਆ ਸੁਰਜਣਾ' ਵਿਲੱਖਣ ਗੀਤ ਗਾਉਣ ਵਾਲਾ ਬਲਧੀਰ ਮਾਹਲਾ


ਗੁਰਬਾਜ ਗਿੱਲ
(ਸੰਗੀਤਕ ਤੇ ਫ਼ਿਲਮੀ ਪੱਤਰਕਾਰ)
98723-62507
(Punjab Mail USA)




ਬਲਧੀਰ ਮਾਹਲਾ ਇੱਕ ਨਿਰੰਤਰ ਸੰਘਰਸ਼ ਦਾ ਨਾਮ ਹੈ ਤੇ ਕਿਸੇ ਜਾਣ-ਪਛਾਣ ਦਾ ਮੁਥਾਜ ਨਹੀਂ। ਸਬਰ, ਸਿਦਕ ਤੇ ਨਿਮਰਤਾ ਉਸਦੇ ਰੋਮ-ਰੋਮ ਵਿਚ ਹੈ। ਉਹ ਪੰਜਾਬੀ ਦੇ ਉੱਚ ਕੋਟੀ ਦੇ ਵਧੀਆ ਲੋਕ ਗਾਇਕਾਂ ਵਿਚੋਂ ਇੱਕ ਹੈ। ਪੰਜਾਬੀ ਬੋਲੀ ਤੇ ਪੰਜਾਬੀ ਸਭਤੇ ਉਸ 'ਤੇ ਮਾਣ ਕਰਦੇ ਹਨ। ਸੱਭਿਆਚਾਰਕ ਤੇ ਸਾਹਿਤਕ ਗਾਇਕੀ ਉਸਦਾ ਇਸ਼ਕ ਹੈ, ਇਸ਼ਟ ਹੈ। ਉਹ ਬੜੀਆਂ ਸਖ਼ਤ ਕੁਠਾਲੀਆਂ ਵਿਚ ਢਲ-ਢਲ ਕੇ ਕੁੰਦਨ ਬਣਿਆ ਹੈ। ਉਸਨੇ ਜਿੰਨਾ ਵੀ ਗਾਇਆ ਹੈ, ਵਧੀਆ ਤੇ ਨਿੱਠ ਕੇ ਗਾਇਆ ਹੈ। ਮਨੁੱਖੀ ਰਿਸ਼ਤਿਆਂ ਨੂੰ ਉਸਨੇ ਝਰੀਟਿਆ ਨਹੀਂ, ਸਗੋਂ ਮਲ੍ਹਮ ਬਣਿਆ ਹੈ। ਪੈਸੇ ਤੇ ਸ਼ੋਹਰਤ ਲਈ ਉਹਨੇ ਕਦੇ ਤਾਣੇ-ਬਾਣੇ ਨਹੀਂ ਬੁਣੇ। ਸੱਚ ਕਹਿਣ ਤੇ ਸੱਚ ਹੀ ਸੁਣਨ ਵਿਚ ਯਕੀਨ ਰੱਖਣ ਵਾਲਾ ਬਲਧੀਰ ਮਾਹਲਾ ਬਾਜ਼ਾਰੂ ਨਹੀਂ, ਇੱਕ ਸਾਂਭਣਯੋਗ ਹੀਰਾ ਹੈ। ਭਾਵੇਂ ਉਹ ਅੱਲੜ੍ਹ ਉਮਰ ਤੋਂ ਹੀ ਬਾਬਾ ਫ਼ਰੀਦ ਜੀ ਦੇ ਵਰੋਸਾਏ ਸ਼ਹਿਰ ਫ਼ਰੀਦਕੋਟ ਭਾਨ ਸਿੰਘ ਕਲੋਨੀ ਵਿਖੇ ਰਹਿ ਰਿਹਾ ਹੈ ਪਰ ਪਿੰਡ ਮਾਹਲਾ ਕਲਾਂ (ਜ਼ਿਲ੍ਹਾ ਮੋਗਾ) ਕਿਸਾਨ ਘਰ ਜਨਮਿਆ ਬਲਧੀਰ ਸਿੰਘ ਸੁਤੰਤਰਤਾ ਸੰਗਰਾਮੀ ਕਾਮਰੇਡ ਬਾਬਾ ਦੇਵਾ ਸਿੰਘ ਮਾਹਲਾ ਨੂੰ ਸਦਾ ਸਿਜਦਾ ਕਰਦਾ ਹੈ, ਜਿਨ੍ਹਾਂ ਨੇ ਉਹਨੂੰ ਆਪਣੇ ਨਾਮ ਨਾਲ ਪਿੰਡ ਦਾ ਨਾਮ ਮਾਹਲਾ ਬਖਸ਼ਿਆ ਅਤੇ ਉਸਨੇ ਵੀ ਆਪਣੀ ਉਮਰਾਂ ਵਿਚ ਜ਼ਿੰਦਗੀ ਦੇ ਸੰਘਰਸ਼ ਦੇ ਬਹੁਤ ਔਖੇ-ਔਖੇ ਪੇਪਰਾਂ ਨੂੰ ਪਾਸ ਕਰ ਕਰਕੇ ਬੜੇ ਫ਼ਖਰ ਨਾਲ ਆਪਣੇ ਪਿੰਡ ਦਾ ਨਾਮ ਰੌਸ਼ਨ ਕੀਤਾ ਹੈ।



ਉਸਦੀ ਸੋਚ, ਪਰਖ ਤੇ ਯੋਗਤਾ 'ਤੇ ਉਂਗਲ ਨਹੀਂ ਰੱਖੀ ਜਾ ਸਕਦੀ। ਉਹਨੇ ਪੰਜਾਬੀ ਦੇ ਥੰਮ 'ਤੇ ਸਿਰਮੌਰ ਸ਼ਾਇਰ ਡਾ. ਹਰਿਭਜਨ ਸਿੰਘ, ਅੰਮ੍ਰਿਤਾ ਪ੍ਰੀਤਮ, ਸੁਰਜੀਤ ਪਾਤਰ, ਲਖਵਿੰਦਰ ਜੌਹਲ, ਪ੍ਰੋ. ਗੁਰਭਜਨ ਗਿੱਲ, ਪ੍ਰੋ. ਅਨੂਪ ਵਿਰਕ, ਡੀ.ਡੀ. ਸਵਿਤੋਜ, ਪ੍ਰੋ. ਰਮਨ, ਪ੍ਰੋ. ਨਛੱਤਰ ਸਿੰਘ ਖੀਵਾ, ਬਾਬੂ ਰਜਬ ਅਲੀ, ਪ੍ਰੋ. ਅਤੇ ਸਿੰਘ, ਪ੍ਰੋ. ਬਚਨਜੀਤ, ਪ੍ਰੋ. ਜਸਬੀਰ ਸਿੱਧੂ, ਧਰਮ ਕੰਮੇਆਣਾ, ਰਜਿੰਦਰ ਸ਼ੌਕੀ, ਸ਼ਮਸ਼ੇਰ ਸੰਧੂ, ਭਿੰਦਰ ਡੱਬਵਾਲੀ, ਜਰਨੈਲ ਘੋਲੀਆ ਆਦਿ ਤੋਂ ਹੋਰ ਪਤਾ ਨਹੀਂ ਕਿੰਨੇ ਕੁ ਨਾਮਵਰ ਤੇ ਉੱਭਰ ਰਹੇ ਲੇਖਕਾਂ ਦੀਆਂ ਰਚਨਾਵਾਂ ਗਾਉਂਦਿਆਂ ਸਾਹਿਤਕ ਗਾਇਕੀ ਵਿਚ ਆਪਣਾ ਨਿੱਗਰ ਯੋਗਦਾਨ ਪਾ ਕੇ ਲੋਹਾ ਮਨਵਾਇਆ ਹੈ ਅਤੇ ਪਰਪੱਕ ਸੱਭਿਆਚਾਰਕ ਤੇ ਸਾਹਿਤਕ ਗਾਇਕ ਵਜੋਂ ਮਿਸਾਲ ਹੀ ਨਹੀਂ, ਸਗੋਂ ਮੀਲ ਪੱਥਰ ਬਣਿਆ ਹੈ।

ਬਲਧੀਰ ਮਾਹਲਾ ਖੁਦ ਵੀ ਲਿਖਦਾ ਹੈ, ਊਲ ਜਲੂਲ ਲਿਖਣਾ ਜਾਂ ਗਾਉਣਾ ਉਸਦੇ ਸਿਲੇਬਸ ਦੇ ਵਿਸ਼ੇ ਨਹੀਂ ਹਨ। ਸ਼ਬਦ ਸੂਹਜ ਉਸ ਕੋਲ ਬਹੁਤ ਹੈ। ਸੁੱਚੇ ਸ਼ਬਦਾਂ ਤੇ ਅਰਥਾਂ ਦਾ ਉਸਨੂੰ ਗਿਆਨ ਹੈ। ਸ਼ਬਦ ਗੁੰਦਣੇ ਤੇ ਪਰੋਣੇ ਉਹਨੂੰ ਆਉਂਦੇ ਨੇ। ਉਹਦੇ ਲਿਖੇ ਤੇ ਗਾਏ ਕਈ ਗੀਤ ਅਮਰ ਹੋ ਗਏ ਨੇ ਤੇ ਜੁੱਗਾਂ-ਜੁੱਗਾਂ ਲਈ ਉਸਨੂੰ ਵੀ ਅਮਰ ਕਰ ਗਏ ਹਨ, ਜਿਵੇਂ (ਲੋਰੀ) ਕੁੱਕੂ ਰਾਣਾ ਰੋਂਦਾ, ਲੋਕ ਬੋਲਾਂ ਦੇ ਅਧਾਰਿਤ ਉਸਦੀ ਘੋੜੀ ਮਾਂ ਦਿਆ ਸੁਰਜਣਾ (ਨੋਟ : ਜੋ ਬਾਅਦ ਵਿਚ ਬਹੁਤ ਸਾਰੇ ਕਲਾਕਾਰਾਂ ਲਈ ਰੁਜ਼ਗਾਰ ਦਾ ਵਸੀਲਾ ਵੀ ਬਣੀ ਤੇ ਸਕੂਲਾਂ, ਕਾਲਜਾਂ ਅਤੇ ਯੂਨੀਵਰਸਟੀਆਂ ਦੇ ਯੁਵਕ ਮੇਲਿਆਂ-ਮੁਕਾਬਲਿਆਂ ਵਿਚ ਵੀ ਲੋਕ ਗੀਤ ਵਜੋਂ ਪ੍ਰਵਾਨਤ ਹੋਈ) ਤੇ ਉਸਦਾ ਜਨਮ ਦਿਨ ਲਈ ਗਾਇਆ ਗੀਤ ਅਸੀਂ ਮੌਜਾਂ ਮਾਣੀਆਂ ਮਾਹਲੇ ਚਾਚੇ ਨਾਲ (ਹੈਪੀ ਬਰਥ ਡੇ ਟੂ ਯੂ) ਨੂੰ ਭਲਾਂ ਕੌਣ ਭੁਲਾ ਸਕਦਾ ਹੈ? ਬਲਧੀਰ ਮਾਹਲਾ ਕੋਈ ਦਿਨਾਂ ਵਿਚ ਹੀ ਲੇਖਕ ਜਾਂ ਲੋਕ ਗਾਇਕ ਨਹੀਂ ਬਣਿਆ, ਇਸ ਪਿੱਛੇ ਉਸਦੀ ਲਗਨ, ਸਖ਼ਤ ਤੋਂ ਸਖ਼ਤ ਮਿਹਨਤ ਤੇ ਬਹੁਤ ਵੱਡੀ ਘਾਲਣਾ ਹੈ, ਜਿਸ ਕਰਕੇ ਉਸਦੇ ਬੋਲ ਲੋਕ ਵਿਰਾਸਤ ਬਣ ਗਏ ਤੇ ਲੋਕ ਗੀਤ ਬਣ ਗਏ ਹਨ।

ਬਲਧੀਰ ਮਾਹਲਾ ਇੱਕ ਸਤਿਕਾਰਤ ਤੇ ਸਥਾਪਤ ਹਸਤਾਖ਼ਰ ਹੈ। ਉਸਦੀ (ਤੂੰਬੀ) ਕੌਰਡਲਿਸ ਸੁਰੀਲੀ ਬਾਬਤ ਗੱਲ ਕਰੇ ਬਿਨਾਂ ਸਭ ਕੁੱਝ ਲਿਖਿਆ ਅਧੂਰਾ ਹੈ। ਉਸਨੇ ਖੁਦ ਉਸਤਾਦ ਯਮਲਾ ਜੱਟ ਜੀ ਵਾਲੀ ਤੂੰਬੀ ਨੂੰ ਬੈਟਰੀ, ਬਿਜਲਈ ਛੋਹ, ਸੰਗੀਤਕ ਯੰਤਰ, ਕਲੱਚ ਗੇਅਰ ਜਿਹੇ ਤੇ ਸੁਰਾਂ ਆਦਿ ਲਾ ਕੇ ਕੌਰਡਲੈਸ ਬਣਾ ਕੇ ਸੁਰੀਲੀ ਨਾਮ ਰੱਖਿਆ ਹੈ। ਉਸਦੀ ਤੂੰਬੀ ਵਜਾਉਣ ਦੀ ਮੁਹਾਰਤ ਬਾ-ਕਮਾਲ ਹੈ। ਉਸਨੇ ਗੁਰਾਂ ਤੇ ਸੁਰਾਂ ਨੂੰ ਨਮਸਤਕ ਹੋ ਕੇ ਸਾਰੀ ਦੁਨੀਆਂ ਵਿਚ ਨਾਮਣਾ ਖੱਟਿਆ ਹੈ।

ਉਹ ਅਡੋਲ ਹੈ, ਔਕੜਾਂ ਉਹਦੇ ਰਾਹਾਂ 'ਚ ਅਜੇ ਵੀ ਰੋੜਾ ਨੇ, ਪਹਿਲਾਂ ਉਸਨੂੰ ਕਾਲੇ ਪੀਲੀਏ ਨੇ ਨਪੀੜਿਆ ਤੇ ਮੌਤੋਂ ਬਚਿਆ। ਫੇਰ 2016 ਤੋਂ ਉਸਦੇ ਜਵਾਨ ਪੁੱਤ ਦੇ ਗੁਰਦੇ ਫੇਲ ਹੋ ਜਾਣ ਕਾਰਨ ਉਸਦੀ ਸੁਪਤਨੀ ਨੇ ਆਪਣੇ ਪੁੱਤ ਨੂੰ ਗੁਰਦਾ ਦਾਨ ਦਿੱਤਾ ਪਰ ਉਹ ਵੀ ਫੇਲ੍ਹ ਹੋਣ ਕਰਕੇ ਲੰਮੇਂ ਸਮੇ ਤੋਂ ਹਰ ਤੀਜੇ ਦਿਨ ਡਾਇਲਸਿਸ ਹੁੰਦਾ ਹੈ। ਪੀ.ਜੀ.ਆਈ. ਤੋਂ ਮਹਿੰਗੇ ਇਲਾਜ਼ ਦੀ ਮਾਰ ਨੂੰ ਝੱਲ ਰਿਹਾ ਕਿਸੇ ਗੁਰਦਾ ਦਾਨੀ ਦੀ ਇੰਤਜ਼ਾਰ ਕਰ ਰਿਹਾ ਹੈ। ਇਨ੍ਹਾਂ ਦੁੱਖਾਂ ਵਿਚ ਸਾਰੇ ਸਹਿਯੋਗੀ ਦੋਸਤਾਂ ਭੈਣ ਭਰਾਵਾਂ ਦਾ ਧੰਨਵਾਦੀ ਹੈ, ਜੋ ਉਸਦੀਆਂ ਬਾਹਾਂ ਬਣੇ ਨੇ।

ਹੁਣ ਉਸਦੇ ਦੋਸਤਾ ਫੈਸਲਾ ਕੀਤਾ ਹੈ ਕਿ ਉਸਦੀ ਗਾਇਕੀ ਦਾ ਸੂਰਜ ਅਸਤ ਨਹੀਂ ਹੋਣ ਦਿੱਤਾ ਜਾਵੇਗਾ, ਉਹ ਮਘੇਗਾ, ਚਮਕੇਗਾ ਤੇ ਨੇੜੇ ਰਾਹਾਂ ਨੂੰ ਰੁਸ਼ਨਾਵੇਗਾ। ਉਨ੍ਹਾਂ ਉਸਦੇ ਯੂ-ਟਿਊਬ ਚੈਨਲ ਦਾ ਨਾਮ ਬਲਧੀਰ ਮਾਹਲਾ ਆਫੀਸ਼ਿਅਲਜ਼ ਰੱਖਿਆ ਹੈ, ਤਾਂ ਕਿ ਜੋ ਉਸਦੀ ਆਰਥਿਕਤਾ ਵਿਚ ਮੱਦਦਗਾਰ ਬਣੇ। ਬੜੀ ਹੀ ਜਲਦੀ ਉਸਦੇ ਨਵੇਂ ਤੇ ਨਿਵੇਕਲੇ ਗੀਤ ਵੇਖਣ, ਸੁਣਨ ਨੂੰ ਮਿਲਣਗੇ। ਇੱਕ ਕਲਾਕਾਰ ਲਈ ਉਸਦੇ ਦੇ ਗੀਤਾਂ ਦੀ ਸਲਾਮਤੀ ਤੋਂ ਵੱਡੀ ਹੋਰ ਕਿਹੜੀ ਦੁਆ ਹੋ ਸਕਦੀ। ਸ਼ਾਲਾ! ਲੋਕ ਗਾਇਕੀ ਦੇ ਪਿਆਰਿਆਂ ਤੇ ਚਹੇਤਿਆਂ ਦਾ ਬਲਧੀਰ ਮਾਹਲਾ ਚਮਕਦਾ ਸੂਰਜ ਬਣਿਆ ਰਹੇਗਾ।

# ਹਿਜਰਤਨਾਮਾ 69: ਲਛਮਣ ਸਿੰਘ ਖਿੰਡਾ

# ਆਜ਼ਾਦੀ ਦੇ ਓਹਲੇ

ਮੁਲਾਕਾਤੀ: ਸਤਵੀਰ ਸਿੰਘ ਚਾਨੀਆਂ
92569-73526
(Punjab Mail USA)





"ਮੈਂ ਲਛਮਣ ਸਿੰਘ ਸਾਬਕਾ ਸਰਪੰਚ ਵਲਦ ਰਤਨ ਸਿੰਘ ਵਲਦ ਚੰਦਾ ਸਿੰਘ ਪਿੰਡ ਫੁੱਲ-ਲੋਹੀਆਂ ਤੋਂ ਹਿਜਰਤਨਾਮਾ 1947 ਦੀ ਦਰਦ ਭਰੀ ਦਾਸਤਾਨ ਸੁਣਾ ਰਿਹੈਂ। ਮੇਰੇ ਬਾਬਾ ਜੀ ਚੰਦਾ ਸਿੰਘ ਨੂੰ ਦੂਜੀ ਆਲਮੀ ਜੰਗ ਪਿੱਛੋਂ ਤਹਿਸੀਲ ਅਤੇ ਜ਼ਿਲ੍ਹਾ ਮਿੰਟਗੁਮਰੀ ਦੇ ਪਿੰਡ 47/5ਐੱਲ ਵਿਚ ਘੋੜੀ ਪਾਲ਼ ਮੁਰੱਬਾ ਅਲਾਟ ਹੋਇਆ। ਸੋ ਓਧਰ ਜਾ ਰਿਹਾ। ਤਦੋਂ ਮੇਰੇ ਬਾਪ, ਉਨ੍ਹਾਂ ਦੇ ਭਾਈ ਚਾਨਣ ਸਿੰਘ, ਰਲਾ ਸਿੰਘ ਅਤੇ ਭੂਆ ਸੰਤ ਕੌਰ ਜੋ ਨਿਆਣੀ ਉਮਰ ਦੇ ਸਨ, ਵੀ ਨਾਲ ਚਲ ਖੜ੍ਹੇ। ਮੈਂ ਲਛਮਣ ਸਿੰਘ ਅਤੇ ਮੇਰੀਆਂ ਦੋ ਭੈਣਾਂ ਲਛਮਣ ਕੌਰ, ਗੁਰਮੀਤ ਕੌਰ ਦਾ ਜਨਮ ਉਧਰ ਗੰਜੀ ਬਾਰ ਦਾ ਈ ਐ। ਸਾਰਾ ਪਿੰਡ ਹੀ ਚੰਦੀ, ਖਿੰਡਾ, ਮਰੋਕ, ਥਿੰਦ ਗੋਤੀਏ ਕੰਬੋਜ ਸਿੱਖਾਂ ਦਾ ਸੀ। ਇਨ੍ਹਾਂ 'ਚੋਂ ਬਹੁਤੇ ਸ਼ਾਹ ਪੁਰ-ਫਿਲੌਰ ਅਤੇ ਫੁੱਲ, ਘੁੱਦੂਵਾਲ, ਟੁਰਨਾ-ਲੋਹੀਆਂ ਤੋਂ ਪਿਛੋਕੜ ਵਾਲੇ ਕਿਸਾਨ ਸਨ, ਜਿਨ੍ਹਾਂ ਆਪਣਾ ਪਸੀਨਾ ਬਹਾ ਕੇ 47/5ਐੱਲ ਜਾ ਆਬਾਦ ਕੀਤਾ।

ਪਿੰਡ ਵਿਚਕਾਰ ਚੁਰੱਸਤੇ 'ਚ ਇਕ ਖੂਹੀ ਹੁੰਦੀ, ਜਿੱਥੋਂ ਸਾਰਾ ਪਿੰਡ ਪਾਣੀ ਭਰਦਾ। ਉਂਜ ਸਰਦਿਆਂ ਦੇ ਇਕ ਦੋ ਹੋਰ ਘਰਾਂ ਅੰਦਰ ਵੀ ਜਾਤੀ ਖੂਹੀਆਂ ਸਨ। ਵੈਸੇ ਕਈ ਲੋੜਵੰਦ ਨਹਿਰ ਦਾ ਪਾਣੀ ਵੀ ਵਰਤ ਲੈਂਦੇ। ਪਿੰਡ ਵਿਚ ਇਕ ਗੁਰਦੁਆਰਾ ਸਾਬ ਹੁੰਦਾ। ਭਾਈ ਸਵੇਰ ਸ਼ਾਮ ਪਾਠ ਕਰਦਾ। ਗੁਰਪੁਰਬ ਵੀ ਮਨਾਏ ਜਾਂਦੇ। ਸਿੱਖ ਕਿਰਸਾਨੀ ਤੋਂ ਇਲਾਵਾ ਕੁੱਝ ਘਰ ਕਾਮੇ ਮੁਸਲਿਮ, ਆਦਿ ਧਰਮੀ, ਬਾਲਮੀਕ ਬਰਾਦਰੀ ਦੇ ਵੀ ਸਨ। ਲੁਹਾਰਾ ਤਰਖਾਣਾਂ ਕੰਮ ਦੋ ਮੁਸਲਿਮ ਭਰਾ ਕਰਦੇ। ਸੋਹਣ ਸਿੰਘ (ਪਿਛਲਾ ਪਿੰਡ ਗਿੱਦੜ ਪਿੰਡੀ-ਲੋਹੀਆਂ) ਹੱਟੀ ਨਾਲ ਖੰਡ ਦਾ ਡੀਪੂ ਵੀ ਚਲਾਉਂਦਾ। ਕਰਨੈਲ ਅਤੇ ਉਹਦਾ ਭਾਈ ਚਾਨਣ ਵੀ ਵੱਖ-ਵੱਖ ਹੱਟੀ ਕਰਦੇ। ਇਕ ਝੀਰ ਵੀ ਮਸ਼ਕਾਂ ਨਾਲ ਘਰਾਂ, ਖੂਹਾਂ 'ਤੇ ਪਾਣੀ ਢੋਂਦਾ। ਬਦਲੇ ਵਿਚ ਉਸ ਹਾੜੀ ਸਾਉਣੀ ਲੈਂਦਾ। ਪਿੰਡ ਦੇ ਚੌਧਰੀਆਂ ਵਿਚ ਜ਼ੈਲਦਾਰ ਵਧਾਵਾ ਸਿੰਘ ਅਤੇ ਲੰਬੜਦਾਰ ਹਜ਼ਾਰਾ ਸਿੰਘ ਵੱਜਦਾ। ਉਂਜ ਖੰਡ ਡੀਪੂ ਵਾਲਾ ਸੋਹਣ ਸਿੰਘ ਵੀ ਚੰਗਾ ਚੁੱਸਤ-ਦਰੁੱਸਤ ਸੀ। ਘਰਤੋੜ ਸਿੰਘ ਨਿਹੰਗ ਵੀ ਮੁੰਡਿਆਂ ਨੂੰ ਗਤਕਾ ਸਿਖਾਉਂਦਾ। ਆਨੰਦਪੁਰ ਸਾਹਿਬ ਮੇਲੇ 'ਤੇ ਵੀ ਸੰਗਤ ਲੈ ਕੇ ਜਾਂਦਾ। ਗੁਆਂਢੀ ਪਿੰਡਾਂ ਵਿਚ 48, 49, 50 ਚੱਕ ਹੁੰਦੇ। 44 ਚੱਕ ਮੁਸਲਮਾਨਾਂ ਦਾ ਵੱਜਦਾ। 36/4ਐੱਲ ਜਾਂਗਲੀਆਂ ਦਾ ਪਿੰਡ ਸੁਣੀਂਦੇ। ਬਜ਼ੁਰਗ ਜਿਣਸ ਵਜੋਂ ਨਰਮਾ, ਗੰਨਾ ਕਣਕ ਹੀ ਬੀਜਦੇ। ਜੋ ਗੱਡਿਆਂ ਉਤੇ ਲੱਦ ਕੇ ਉਕਾੜਾ ਮੰਡੀ ਵੇਚ ਆਉਂਦੇ। ਪ੍ਰਾਇਮਰੀ ਸਕੂਲ 48 ਦੇ ਰਾਹ 'ਤੇ ਪੈਂਦਾ। ਪਰ ਅਸੀਂ ਸਕੂਲ ਕੋਈ ਨਾ ਗਏ। ਮੇਰੀ ਉਮਰ ਤਦੋਂ ਦਸ ਕੁ ਸਾਲ ਤੋਂ ਘੱਟ ਹੀ ਸੀ। ਹਾਂ, ਪ੍ਰਾਇਮਰੀ ਸਕੂਲ ਦਾ ਵੱਡਾ ਮਾਸਟਰ, ਸਾਡੇ ਪਿੰਡ ਤੋਂ ਹੀ 'ਰੋੜਿਆਂ ਦਾ ਸਾਈਂ ਦਿੱਤਾ, ਹੁੰਦਾ। ਜੋ ਸਾਡੇ ਮੁਹੱਲੇ ਹੀ ਵਾਸ ਕਰਦਾ।

ਆਲ਼ੇ-ਦੁਆਲ਼ੇ ਪਿੰਡਾਂ ਅਤੇ ਸਾਰੀਆਂ ਬਰਾਦਰੀਆਂ ਨਾਲ ਚੰਗਾ ਸਹਿਚਾਰਾ ਸੀ। ਸਿੱਖ-ਮੁਸਲਿਮ ਚੌਧਰੀ ਇਕ ਦੂਜੇ ਦੇ ਫੈਸਲਿਆਂ ਉਤੇ ਜਾਂਦੇ। ਜਿਉਂ ਹੀ ਆਜ਼ਾਦੀ ਅਤੇ ਭਾਰਤ ਵੰਡ ਦੀ ਹਵਾ ਗਰਮ ਹੋਈ, ਤਾਂ ਫਿਰਕੂਆਂ ਵੀ ਪੂਛਾਂ ਚੁੱਕ ਲਈਆਂ। ਖ਼ੂਨ ਦਾ ਰੰਗ ਬਦਲ ਗਿਆ। ਪੀੜ੍ਹੀਆਂ ਦੀ ਸਾਂਝ, ਪਲਾਂ ਵਿਚ ਹੀ ਤਲਖ਼ੀਆਂ ਵਿਚ ਬਦਲ ਗਈ। ਆਲ਼ੇ-ਦੁਆਲ਼ੇ ਕਤਲੇਆਮ ਅਤੇ ਲੁੱਟ-ਖੋਹ ਸ਼ੁਰੂ ਹੋ ਗਈ। ਇਵੇਂ ਹੀ ਦੋ ਵਾਰ ਦੰਗਈਆਂ ਦਾ ਹਮਲਾ ਪਿੰਡ ਦੇ ਲੋਕਾਂ ਮਿਲ ਮਿਲਾ ਕੇ ਮੋੜਤਾ। ਪਰ ਤੀਜੀ ਵਾਰ, ਗੁਆਂਢੀ ਪਿੰਡਾਂ ਤੋਂ 'ਕੱਠੇ ਦੰਗਈਆਂ ਢੋਲ ਦੇ ਡਗੇ 'ਤੇ, ਹੁੜਦੰਗ ਮਚਾਉਂਦਿਆਂ ਫਿਰ ਪਿੰਡ ਨੂੰ ਆਣ ਘੇਰਿਆ। ਤਦੋਂ ਭਾਦੋਂ ਦੀ ਇੱਕ ਸਵੇਰ ਦੇ ਨੌਂ ਵੱਜੇ ਸਨ ਕਿ ਅਸੀਂ ਸਾਰਾ ਟੱਬਰ ਰੋਟੀ ਖਾਈਏ, ਬਾਹਰੋਂ ਮਾਰ ਮਰੱਈਏ ਦੀ ਲਲਾ-ਲਲਾ ਹੋ ਗਈ। ਉੱਭੜ ਵਾਹੇ ਲੋਕ ਸਾਡੇ ਪਿਛਵਾੜੇ ਪੈਂਦੀ ਖੰਗਰਾਂ ਦੀ ਹਵੇਲੀ ਵੱਲ ਭੱਜੇ। (ਖੰਗਰਾ ਦਾ ਪਰਿਵਾਰ ਅੱਜ-ਕੱਲ੍ਹ ਪਿੰਡ ਬੁੱਢਣਵਾਲ- ਸ਼ਾਹਕੋਟ ਵਾਸ ਕਰਦਾ ਐ) ਤਦੋਂ ਘਰ ਵਿਚ ਮੌਜੂਦ ਮੈਂ, ਮਾਂ, ਭੂਆ, ਚਾਚੀ, ਦਾਦਾ ਅਤੇ ਦਾਦੀ ਹੀ ਸਾਂ। ਬਾਕੀ ਮੈਂਬਰ ਬਾਹਰ ਖੇਤਾਂ ਵਿਚ ਸਨ। ਅਸੀਂ ਵੀ ਗਹਿਣਾ ਗੱਟਾ ਚੁੱਕ ਕੇ ਖੰਗਰਾਂ ਦੀ ਹਵੇਲੀ ਵੱਲ ਭੱਜੇ ਤੁਰੇ। ਮਾਂ ਦੇ ਦਿਲ ਵਿਚ ਪਤਾ ਨਹੀਂ ਕੀ ਆਈ, ਕਹਿੰਦੀ ਚਲੋ ਘਰ ਚੱਲੀਏ। ਮੁੜੇ ਤਾਂ ਰਸਤੇ ਵਿਚ ਮਾਸਟਰ ਸਾਈਂ ਦਿੱਤਾ ਆਪਣੇ ਕੋਠੇ ਉਤੇ ਚੜ੍ਹ ਕੇ ਝੰਡਾ ਪਿਆ ਝੁਲਾਵੇ। ਸਾਨੂੰ ਦੇਖ ਕੇ ਉਸ ਮੇਰੀ ਮਾਂ ਨੂੰ ਕਹਿਆ, "ਕੁੜੀਓ ਇਧਰ ਆ ਜਾਓ।" ਅਸੀਂ ਸਾਰੇ ਜਣੇ ਉਸ ਦੇ ਘਰ ਚਲੇ ਗਏ। ਅੰਦਰ ਇੱਕੋ ਕਮਰਾ ਅਤੇ ਛੋਟਾ ਜਿਹਾ ਵਿਹੜਾ ਸਾਰਾ ਹੀ ਭਰਿਆ ਪਿਆ। ਸ਼ਾਮ ਚਾਰ ਕੁ ਵਜੇ ਬਾਹਰੋਂ ਫਿਰ ਬਿੱਫਰੀ ਭੀੜ ਨੇ ਗੋਲ਼ੀ ਚਲਾਈ। ਭੀੜ ਦਾ ਰੁੱਖ ਦੇਖਣ ਲਈ ਮਾਸਟਰ ਕੋਠੇ ਉਪਰ ਚੜ੍ਹਿਆ ਤਾਂ ਉਸ ਦੇ ਵੀ ਗੋਲੀ ਆਣ ਲੱਗੀ। ਕਿਉਂ ਜੋ ਗੋਲੀ ਦਾ ਡਰ ਸੀ, ਇਸ ਲਈ ਕਿਸੇ ਵੀ ਕੋਠੇ ਚੜ੍ਹਨ ਦਾ ਹਿਆਂ ਨਾ ਕੀਤਾ। ਮਾਸਟਰ ਦਾ ਬੇਟਾ ਕਿਸ਼ਨ ਵਿਹੜੇ 'ਚੋਂ ਭੱਜ ਕੇ ਅੰਦਰ ਆ, ਆਪਣੀ ਮਾਂ ਨੂੰ ਬੋਲਿਆ, "ਭਾਬੀ, ਮੁੜ ਭਾਈਆ ਮਾਰਤਾ ਈ।" ਹੁਣ ਭੀੜ ਮਾਸਟਰ ਦਾ ਦਰਵਾਜ਼ਾ ਭੰਨਣ ਲੱਗੀ। ਤਦੋਂ ਹੀ ਇੱਕ ਕੌਤਕ ਵਰਤਿਆ। ਮਾਸਟਰ ਦੇ ਪਰਿਵਾਰ ਨੂੰ ਬਚਾਉਣ ਲਈ, ਉਸ ਦੇ ਸਕੂਲ ਤੋਂ ਹੀ ਦੂਜਾ ਮਾਸਟਰ, ਜੋ ਨੇੜੇ ਦੇ ਪਿੰਡ ਤੋਂ ਹੀ ਸੀ, ਆਪਣੇ ਭਰਾ ਸਮੇਤ ਰਫਲਾਂ ਲੈ ਕੇ ਆਏ। ਉਨ੍ਹਾਂ ਆਉਂਦਿਆਂ ਹੀ ਭੀੜ ਨੂੰ ਲਲਕਾਰ ਕੇ ਫਾਇਰ ਕੀਤਾ, ਤਾਂ ਦੰਗਈ ਖਿੱਲਰ ਗਏ। ਉਨ੍ਹਾਂ ਮਾਸਟਰ ਦੇ ਬੇਟੇ ਨੂੰ ਬਾਹਰ ਆਵਾਜ਼ ਮਾਰੀ। ਅਖੇ, ਮਾਸਟਰ ਦਾ ਸਾਰਾ ਪਰਿਵਾਰ ਆ ਜਾਏ। ਬਾਕੀ ਬਾਅਦ 'ਚ ਲੈ ਕੇ ਜਾਵਾਂਗੇ। ਕਿਸ਼ਨ ਨੇ ਇਹ ਖ਼ਬਰ ਅੰਦਰ ਆ ਕੀਤੀ। ਤਾਂ ਸਾਡੀ ਮਾਈ ਗੰਗੀ ਨੇ ਕਿਸ਼ਨ ਨੂੰ ਉਲ੍ਹਾਮਾ ਦਿੰਦਿਆਂ ਕਿਹਾ, "ਕਿਸ਼ਨ, ਕਿਉਂ ਪੀੜ੍ਹੀਆਂ ਦੀ ਸਾਂਝ ਨੂੰ ਤਾਰ-ਤਾਰ ਕਰਦਾਂ ਏਂ? ਆਪ ਚਲੇ ਜਾਓ ਤੇ ਸਾਨੂੰ ਇੱਥੇ ਮਰਨ ਲਈ ਛੱਡ ਜਾਓ। 'ਕੱਠੇ ਹੀ ਜਾਵਾਂਗੇ ਜਾਂ ਮਰਾਂਗੇ।" ਕਿਸ਼ਨ ਨੇ ਇਹੀ ਖ਼ਬਰ ਮਾਸਟਰ ਨੂੰ ਜਾ ਦੱਸੀ। ਤਾਂ ਮਾਸਟਰ ਮੰਨ ਗਿਆ ਕਿ ਸਾਰੇ ਹੀ ਆਜੋ। ਬਾਹਰ ਚੁਰੱਸਤੇ 'ਚ ਪਹੁੰਚੇ ਤਾਂ ਕੀ ਦੇਖਦੇ ਹਾਂ ਕਿ 30-35 ਹਥਿਆਰਬੰਦ ਮੁਸਲਿਮ ਚੋਬਰ ਖੜ੍ਹੇ ਨੇ। ਉਨ੍ਹਾਂ ਚੋਂ 4-5 ਦੰਗਈ ਗੰਡਾਸੀਆਂ ਲੈ ਕੇ ਸਾਡੇ ਵੱਲ ਅਹੁਲੇ ਤਾਂ ਮਾਸਟਰ ਨੇ ਉਨਾਂ ਨੂੰ ਦਬਕਦਿਆਂ ਕਿਹਾ, "ਇਨ੍ਹਾਂ ਨੂੰ ਕੁੱਝ ਨਹੀਂ ਕਹਿਣਾ, ਸਾਰੇ ਪਿੰਡ ਦੇ ਦਰਵਾਜ਼ੇ ਖੁੱਲ੍ਹੇ ਹਨ, ਜਾਓ ਲੁੱਟਮਾਰ ਕਰੋ।"

ਉਪਰੰਤ ਉਹ ਸਾਨੂੰ ਆਪਣੇ ਪਿੰਡ 40 ਚੱਕ ਵਿਚ ਲੈ ਗਏ। ਮਾਸਟਰ ਦੇ ਪਰਿਵਾਰ ਨੂੰ ਤਾਂ ਉਨ੍ਹਾਂ ਆਪਣੇ ਘਰ ਰੱਖਿਆ ਪਰ ਸਾਨੂੰ ਬਾਕੀਆਂ ਨੂੰ ਹੋਰ ਘਰ ਵਿਚ। ਦੂਜੇ ਦਿਨ ਸਾਨੂੰ ਮੁੰਡਿਆਂ ਨੂੰ ਇਕ ਖੂਹ 'ਤੇ ਲੈ ਜਾ ਕੇ, ਨਾਈ ਨੂੰ ਬੁਲਾ ਸਾਡੇ ਵਾਲ਼ ਕਟਵਾ ਦਿੱਤੇ। ਉਪਰੰਤ ਸਾਰਿਆਂ ਨੂੰ ਆਪਣੇ ਦੇਸ਼ ਜਾਣ ਲਈ ਕਿਹਾ। ਮਾਈਆਂ ਨੇ ਫਿਰ ਉਹੀ ਉਲ੍ਹਾਮਾ ਦਿੱਤਾ, ਅਖੇ ਰਸਤੇ ਵਿਚ ਵੀ ਤਾਂ ਮਰਨਾ ਹੈ ਐ, ਸਾਨੂੰ ਇਥੇ ਹੀ ਮਾਰ ਛੱਡੋ। ਫਿਰ ਉਹ ਕੋਈ ਇੱਕ ਮੁਰੱਬਾ ਵਾਟ ਸਾਡੇ ਨਾਲ ਤੁਰੇ। ਉਪਰੰਤ, ਨਜ਼ਦੀਕ ਪੈਂਦੇ ਗਾਂਬਰ 'ਟੇਸ਼ਣ ਵੱਲ, 'ਅੱਗੇ ਤੇਰੇ ਭਾਗ ਲੱਛੀਏ' ਕਹਿ ਵਿਦਾ ਕਰਤਾ। ਅਗਲੇ ਪਿੰਡ ਤੋਂ ਉਰਾਰ 2-3 ਲੁੱਟ-ਖੋਹ ਕਰਨ ਵਾਲੇ ਮਿਲ ਗਏ। ਉਨ੍ਹਾਂ 'ਚੋਂ ਇਕ ਨੇ ਜਿਉਂ ਹੀ ਡਾਂਗ ਸੇਵਾ ਸਿੰਘ ਪੁੱਤਰ ਹਜ਼ਾਰਾ ਸਿੰਘ ਲੰਬੜਦਾਰ (ਉਸ ਦਾ ਪਰਿਵਾਰ ਤੇਹਿੰਗ-ਫਿਲੌਰ ਬੈਠਾ ਹੈ) ਦੇ ਸਿਰ ਉੱਤੇ ਮਾਰਨ ਲਈ ਉਲਾਰੀ, ਤਾਂ ਉਸ ਦੀ ਮਾਈ ਨੇ ਮੌਕਾ ਸਾਂਭਦਿਆਂ ਆਪਣਾ ਖੇਸ ਸੇਵਾ ਸਿੰਘ ਦੇ ਸਿਰ 'ਤੇ ਵਗਾਹ ਮਾਰਿਆ। ਇਸ ਤਰ੍ਹਾਂ ਉਹ ਗੰਭੀਰ ਸੱਟ ਤੋਂ ਬਚ ਰਿਹਾ।ਪਰ ਆਪਣੇ ਬਚਾਅ ਵਾਸਤੇ ਮਾਈ ਨੇ ਬਦਲੇ ਵਿਚ ਆਪਣੀਆਂ ਮੁਰਕੀਆਂ ਉਤਾਰ ਕੇ ਉਸ ਧਾੜਵੀ ਵੱਲ ਵਗਾਹ ਮਾਰੀਆਂ। ਹਾਲੇ ਦੋ ਕੁ ਕੋਹ ਹੋਰ ਅੱਗੇ ਵਧੇ, ਤਾਂ ਇਕ ਭਲਾ ਮੁਸਲਿਮ ਇਕ ਬੀਬੀ ਨੂੰ ਸਾਡੇ ਕਾਫ਼ਲੇ ਨਾਲ ਛੱਡ ਗਿਆ। ਤਦੋਂ ਹੀ 5-7 ਹੋਰ ਧਾੜਵੀ ਡਾਂਗਾਂ ਉਲਾਰਦੇ ਸਾਡੇ ਵੱਲ ਭੱਜੇ ਆਏ। ਉਹ ਭਲਾ ਮੁਸਲਿਮ ਹਾਲੇ ਸਾਡੇ ਨੇੜੇ ਹੀ ਸੀ। ਉਸ ਨੇ ਆਪਣੇ ਸਿਰ 'ਤੇ ਬੱਧਾ ਹਰੇ ਰੰਗ ਦਾ ਸਾਫ਼ਾ ਉਤਾਰ ਕੇ ਹਵਾ ਵਿਚ ਲਹਿਰਾਉਂਦਿਆਂ ਉਨ੍ਹਾਂ ਨੂੰ ਵਾਪਸ ਮੁੜਨ ਲਈ ਕਿਹਾ, ਤਾਂ ਉਹ ਵਾਪਸ ਮੁੜ ਗਏ। ਅੱਗੇ ਰਸਤੇ 'ਚ ਸਿੱਖਾਂ ਦੇ ਘਰਾਂ 'ਚੋਂ ਲੁੱਟ-ਖੋਹ ਕਰਕੇ ਸਮਾਨ ਦੇ ਭਰੇ 5-7 ਗੱਡੇ, ਕੁੱਝ ਮੁਸਲਿਮ ਹੱਕੀ ਜਾਣ। ਸਾਨੂੰ ਦੇਖ ਕੇ ਕਹਿੰਦੇ, ਆ ਗਏ ਸਿੱਖੜੇ। ਇਕ ਚੋਬਰ ਗੰਡਾਸੀ ਲੈ ਕੇ ਸਾਡੇ ਵੱਲ ਵਧਿਆ, ਤਾਂ ਸਾਡੀ ਮਾਂ ਨੇ ਹੱਥ ਜੋੜਦਿਆਂ ਕਿਹਾ, "ਅਸੀਂ ਤਾਂ ਭਰਾ ਪਹਿਲਾਂ ਹੀ ਮਰੇ ਪਏ ਹਾਂ। ਮਰਿਆਂ ਨੂੰ ਨਾ ਮਾਰੋ।" ਤਾਂ ਉਹ ਪਿੱਛੇ ਹਟ ਗਿਆ। ਅੱਗੇ ਰੱਬ-ਰੱਬ ਕਰਦੇ ਹਨੇਰ ਹੁੰਦਿਆਂ, ਮੁਲਤਾਨ-ਲਾਹੌਰ ਟਰੈਕ 'ਤੇ ਪੈਂਦੇ ਗਾਂਬਰ 'ਟੇਸ਼ਣ 'ਤੇ ਜਾ ਪਹੁੰਚੇ।

ਉਥੇ 'ਟੇਸ਼ਣ ਬਾਬੂ ਸਾਡੇ ਲਈ ਰੋਟੀਆਂ ਲੈ ਕੇ ਆਇਆ, ਇਹ ਵੀ ਤਾਕੀਦ ਕਰ ਗਿਆ ਕਿ ਅਗਰ ਕੋਈ ਵੀ ਆਵੇ ਇਹੀ ਬੋਲਣਾ ਕਿ ਅਸੀਂ ਕੇਵਲ ਬੱਚੇ ਅਤੇ ਜਨਾਨੀਆਂ ਹੀ ਹਾਂ। ਸਵੇਰੇ ਤੜਕੇ ਉਕਾੜਾ ਮੰਡੀ ਲਈ ਗੱਡੀ ਆਵੇਗੀ, ਉਸ ਵਿਚ ਚੜ੍ਹ ਜਾਣਾ। ਅੱਧੀ ਕੁ ਰਾਤੀਂ ਇੱਕ ਗੱਡੀ ਆਈ। ਉਸ 'ਚੋਂ ਉਤਰ ਕੇ ਇਕ ਬਲੋਚ ਫੌਜੀ ਆਇਆ। ਪੁੱਛਣ ਲੱਗਾ ਕੌਣ ਹੋ ਤੁਸੀਂ, ਹੋਰ ਤੁਹਾਡੇ ਨਾਲ ਕੌਣ ਹੈ? ਮਾਂ ਆਖਿਆ, ਅਸੀਂ ਤਾਂ ਜਨਾਨੀਆਂ, ਬੱਚੇ ਈ ਆਂ। ਮਰਦ ਸਾਡੇ ਨਾਲ ਕੋਈ ਨਾ। ਤਾਂ ਉਹ ਫੌਜੀ ਮੁੜ ਗਿਆ। ਤੜਕੇ ਮੁਲਤਾਨ ਵੰਨੀਓਂ ਮੁਸਾਫ਼ਿਰ ਗੱਡੀ ਆਈ, ਤਾਂ ਉਸ ਵਿਚ ਜਾ ਸਵਾਰ ਹੋਏ। ਜਿਉਂ ਹੀ ਗੱਡੀ ਤੁਰੀ ਤਾਂ ਸਾਡੇ ਡੱਬੇ ਵਿਚ ਇਕ ਮੁਸਲਿਮ ਚੋਬਰ, ਡੱਬ 'ਚ ਖੰਜਰ ਲਈ ਚੜ੍ਹਿਆ। ਗਹਿਣੇ ਗੱਟੇ ਦੀ ਭਾਲ਼ ਵਿਚ ਉਸ ਨੇ ਮੇਰੇ ਬਜ਼ੁਰਗ ਬਾਬਾ ਚੰਦਾ ਸਿੰਘ ਦੇ ਪੇਟ ਨੂੰ ਛੂਹ ਕੇ ਦੇਖਿਆ। ਬਾਬੇ ਦੇ ਲੱਕ ਸਿੱਕਿਆਂ ਦੀ ਭਰੀ ਬਾਂਸਰੀ ਬੱਧੀ ਹੋਈ ਸੀ। ਚੋਬਰ ਦਾ ਦਿਲ ਬੇਈਮਾਨ ਹੋ ਗਿਆ। ਉਕਾੜਾ ਮੰਡੀ ਉਤਰੇ ਤਾਂ ਉਨ੍ਹੇ ਖ਼ੰਜਰ ਦਿਖਾ ਕੇ ਬਾਬੇ ਦੀ ਬਾਂਹ ਫੜ੍ਹ, ਪਲੇਟਫਾਰਮ ਤੋਂ ਉਲਟ ਪਾਸੇ ਉਤਾਰ ਕੇ ਖਤਾਨਾਂ ਵਿਚ ਲੈ ਜਾ ਕੇ ਖ਼ੰਜਰ ਮਾਰ ਕੇ ਕਤਲ ਕਰਤਾ ਅਤੇ ਸਿੱਕਿਆਂ ਭਰੀ ਬਾਂਸਰੀ ਖੋਹ ਕੇ ਲੈ ਗਿਆ। ਅਫ਼ਸੋਸ ਕਿ ਅਸੀਂ ਉਹ ਭਿਆਨਕ ਦ੍ਰਿਸ਼ ਟਾਲਣ ਦਾ ਵਿਰੋਧ ਕਰਨ ਦੀ ਦਲੇਰੀ ਨਾ ਕਰ ਸਕੇ।


ਹਮਦਰਦੀ ਜਤਾਉਂਦਿਆਂ, ਉਕਾੜਾ ਮੰਡੀ ਵਿਚ ਹਿੰਦੂ-ਸਿੱਖ ਦੁਕਾਨਦਾਰਾਂ ਆਪਣੀਆਂ ਦੁਕਾਨਾਂ ਦੇ ਬਾਰ, ਰਿਫਿਊਜੀਆਂ ਲਈ ਖੋਲ੍ਹ ਦਿੱਤੇ। ਅਸੀਂ ਵੀ ਕੁੱਝ ਭਾਂਡੇ ਲਿਆਂਦੇ। ਹਫ਼ਤਾ ਕੁ ਉਥੇ ਦਿਨ ਕਟੀ ਕੀਤੀ। ਫਿਰ ਤੁਰਕੇ ਹੀ ਕਾਫ਼ਲੇ ਨਾਲ 3-4 ਦਿਨਾਂ ਬਾਅਦ ਫਿਰੋਜ਼ਪੁਰ ਆਪਣੀ ਜੂਹ ਵਿਚ ਆਣ ਪਹੁੰਚੇ। ਬਰਸਾਤ ਵੀ ਭਾਰੀ, ਉਤੋਂ ਹੈਜ਼ਾ ਵੀ ਫ਼ੈਲਿਆ ਹੋਇਆ ਸੀ। ਫਿਰੋਜ਼ਪੁਰ ਦਾਣਾ ਮੰਡੀ 'ਚ ਹੀ ਚਾਚਾ ਚਾਨਣ ਸਿੰਘ ਦੇ ਘਰੋਂ ਚਾਚੀ ਰਾਮ ਕੌਰ ਵਬਾ ਦੀ ਭੇਟ ਚੜ੍ਹ ਗਈ। 'ਟੇਸ਼ਣ ਤੇ ਗਏ ਤਾਂ ਬਾਬੂ ਨੇ ਕਹਿਆ, "ਮੁਸਾਫ਼ਿਰ ਗੱਡੀ ਨਹੀਂ ਆਉਣੀ। ਕੋਲੇ ਵਾਲੀ ਗੱਡੀ ਰਾਤ ਨੂੰ, ਜਲੰਧਰ ਜਾਣ ਲਈ ਆਵੇਗੀ। ਮੈਂ ਉਹਦੇ ਦਰਵਾਜ਼ੇ ਖੋਲ੍ਹ ਦੇਵਾਂਗਾ। ਤੁਸੀਂ ਰਸਤੇ ਵਿਚ ਜਿਥੇ ਵੀ ਉਤਰਨਾ, ਉਤਰ ਜਾਇਓ।" ਇੰਜ ਹੀ ਹੋਇਆ। ਮਾਲ ਗੱਡੀ ਰਾਤ ਨੂੰ ਆਈ। ਦਰਵਾਜ਼ੇ ਖੁੱਲ੍ਹੇ ਤਾਂ ਸਾਡਾ ਸਾਰਾ ਕਾਫ਼ਲਾ ਉਸ ਵਿਚ ਸਵਾਰ ਹੋ ਗਿਆ। ਰਸਤੇ ਵਿਚ ਆਉਂਦੇ 'ਟੇਸ਼ਣਾ 'ਤੇ ਲੋਕ ਉਤਰਦੇ ਗਏ। ਲੋਹੀਆਂ ਆਇਆ ਤਾਂ ਅਸੀਂ ਵੀ ਉਤਰ ਖੜ੍ਹੇ। ਪਹੁ ਫੁੱਟਦੀ ਨੂੰ ਆਪਣੇ ਜੱਦੀ ਪਿੰਡ ਘੁੱਦੂਵਾਲ ਆਣ, ਆਪਣੇ ਸ਼ਰੀਕਾਂ ਦਾ ਦਰਵਾਜ਼ਾ ਖੜਕਾਇਆ। ਮੋਹਰਿਓਂ ਵੀ ਬਜ਼ੁਰਗ ਮਾਈ ਨੇ ਮੇਰੀ ਦਾਦੀ ਨੂੰ, "ਆ ਨੀ ਰਾਮੀਏਂ ਤੇਰਾ ਘਰ ਆ, ਜੰਮ ਜੰਮ ਆ।" ਕਹਿ ਸਵਾਗਤ ਕੀਤਾ। ਰੋਟੀ-ਪਾਣੀ ਛਕਾ, ਸਾਡੇ ਬੰਦ ਕਮਰੇ ਦਾ ਦਰਵਾਜ਼ਾ ਵੀ ਖੋਲ੍ਹਤਾ।

ਸਾਡੀ ਕੱਚੀ ਉਪਰੰਤ ਪੱਕੀ ਪਰਚੀ ਨਾਲ ਜੁੜਵੇਂ ਪਿੰਡ ਫੁੱਲ ਦੀ ਪਈ। ਸੋ ਉਥੇ ਜਾ ਵਾਸ ਕੀਤਾ। ਹੁਣ ਆਪਣੇ ਸਪੁੱਤਰ ਸੁਖਵਿੰਦਰ ਸਿੰਘ ਅਤੇ ਉਸ ਦੀ ਬਾਲ ਫੁਲਵਾੜੀ ਨਾਲ ਜ਼ਿੰਦਗੀ ਦਾ ਪਿਛਲਾ ਪੰਧ ਹੰਢਾਅ ਰਿਹੈਂ।

ਜਦ ਅਸੀਂ ਬਾਰ ਵਾਲਾ ਆਪਣਾ ਪਿੰਡ ਛੱਡਿਆ, ਤਾਂ ਉਦੋਂ ਹੀ ਕਾਫੀ ਦੰਗੱਈ ਹਥਿਆਰਬੰਦ ਹੋ ਕੇ ਢੋਲ ਦੇ ਡਗੇ 'ਤੇ ਪਹੁੰਚ ਰਹੇ ਸਨ। ਉਨ੍ਹਾਂ ਨੂੰ ਪਹਿਰੇ 'ਤੇ ਖੜ੍ਹੇ ਸਿੱਖ ਸਰਦਾਰਾਂ ਜ਼ੋਰਦਾਰ ਟੱਕਰ ਦਿੱਤੀ। ਇਸ ਤੋਂ ਦੋ ਦਿਨ ਪਹਿਲਾਂ ਸਰਦਾਰਾਂ ਵਲੋਂ ਪਿੰਡ ਤੋਂ ਆਪਣੇ ਦੋ ਬੰਦਿਆਂ ਨੂੰ ਮਿੰਟਗੁਮਰੀਓਂ ਸਿੱਖ ਮਿਲਟਰੀ ਲੈਣ ਭੇਜਿਆ। ਪਰ ਉਨ੍ਹਾਂ ਗੀਦੀਪੁਣਾ ਕੀਤਾ। ਉਹ ਚੁੱਪ-ਚਪੀਤੇ, ਫੁੱਲ-ਲੋਹੀਆਂ ਆਪਣੇ ਪਿੰਡ ਹੀ ਆ ਗਏ। ਦੂਜੇ ਪਾਸੇ ਤੀਸਰੇ ਦਿਨ ਦੰਗੱਈਆਂ ਬਲੋਚ ਮਿਲਟਰੀ ਬੁਲਾ, ਪਹਿਰੇ 'ਤੇ ਖੜ੍ਹੇ ਜਵਾਨ, ਹਵੇਲੀਆਂ ਵਿਚ ਪਨਾਹ ਲਈ ਬੁੱਢੇ, ਬੱਚੇ, ਔਰਤਾਂ 'ਤੇ ਫਾਇਰਿੰਗ ਕਰਕੇ ਮਾਰ ਸੁੱਟੇ। ਸਹਿਕਦਿਆਂ ਨੂੰ ਵੀ ਦੰਗੱਈਆਂ ਸਿਰਾਂ 'ਤੇ ਡਾਂਗਾਂ ਮਾਰ-ਮਾਰ, ਮਾਰਤਾ ਅਤੇ ਗਹਿਣਾ-ਗੱਟਾ ਲੁੱਟ ਲਿਆ। ਕਈ ਜਨਾਨੀਆਂ ਤਾਈਂ ਵੀ ਉਠਾ ਕੇ ਲੈ ਗਏ। ਧਾੜਵੀਆਂ ਤੋਂ ਇੱਜ਼ਤ ਬਚਾਉਣ ਲਈ ਕਈ ਮੁਟਿਆਰਾਂ ਚੁਰੱਸਤੇ ਵਿਚਲੇ ਖੂਹ ਵਿਚ ਛਾਲਾਂ ਮਾਰਤੀਆਂ। ਉਨ੍ਹਾਂ ਵਿਚੋਂ ਕਈਆਂ ਦੇ ਪੂਰੇ ਪਰਿਵਾਰ ਹੀ ਮਾਰੇ ਗਏ। ਕੇਵਲ ਇੱਕਾ-ਦੁੱਕਾ ਹੀ ਜਾਨ ਬਚਾਉਣ ਵਿਚ ਸਫ਼ਲ ਰਹੇ। ਸਾਡੇ 'ਚੋਂ ਕ੍ਰਮਵਾਰ ਬਾਬਾ ਚੰਦਾ ਸਿੰਘ, ਮੇਰਾ ਬਾਪ ਰਤਨ ਸਿੰਘ, ਚਾਚਾ ਚਾਨਣ ਸਿੰਘ ਅਤੇ ਉਸ ਦੇ ਘਰੋਂ ਰਾਮ ਕੌਰ ਮਾਰੇ ਗਏ। ਚਾਚਾ ਰਲਾ ਸਿੰਘ ਇਧਰ ਆ ਕੇ ਇਸ ਸਦਮੇ ਨੂੰ ਬਰਦਾਸ਼ਤ ਨਾ ਕਰ ਸਕਿਆ। ਤੀਜੇ ਕੁ ਮਹੀਨੇ ਹੀ ਗੁਮਨਾਮੀ 'ਚ ਕਿਧਰੇ ਚਲਾ ਗਿਆ, ਜੋ ਮੁੜ ਨਾ ਬਹੁੜਿਆ। ਜਥੇਦਾਰ ਸ਼ਿੰਗਾਰਾ ਸਿੰਘ ਲੋਹੀਆਂ, ਸੋਹਣ ਸਿੰਘ ਖੰਡ ਡੀਪੂ ਵਾਲਿਆਂ ਦੇ ਪਰਿਵਾਰ, ਨਾਮੀ ਕਬੱਡੀ ਖਿਡਾਰੀ ਸੂਬਾ ਸਿੰਘ ਅਤੇ ਉਸ ਦਾ ਪਰਿਵਾਰ ਮਾਰੇ ਗਏ। ਜ਼ੈਲਦਾਰ ਵਧਾਵਾ ਸਿੰਘ ਟੁਰਨਾ-ਲੋਹੀਆਂ, ਭੁੰਮਣ ਸਿੰਘ ਭੱਟੀਆਂ-ਫਿਲੌਰ ਹੋਰਾਂ ਦੇ ਕਰੀਬ 30-30 ਪਰਿਵਾਰਕ ਮੈਂਬਰ ਆਜ਼ਾਦੀ ਦੇ ਓਹਲੇ ਮਾਰੇ ਗਏ। ਉਪਰੰਤ ਖੰਡ ਡੀਪੂ ਵਾਲੇ ਸੋਹਣ ਸਿੰਘ ਦੇ ਸ਼ਾਬਾਸ਼ ਜਿਸ ਨੇ, ਉਧਾਲੇ, ਗੁਆਚੀਆਂ ਔਰਤਾਂ ਅਤੇ ਬੱਚਿਆਂ ਨੂੰ ਸਿੱਖ ਮਿਲਟਰੀ ਦੀ ਸਹਾਇਤਾ ਨਾਲ ਲੱਭ-ਲੱਭ ਓਕਾੜਾ ਦੇ ਰਫਿਊਜੀ ਕੈਂਪ ਵਿਚ ਪਹੁੰਚਾਇਆ। ਅੱਜ ਵੀ ਉਹ ਭਿਆਨਕ ਵੇਲਾ ਯਾਦ ਆ ਕੇ, ਦਿਲ ਦੀ ਤਾਰ ਹਿਲਾ ਜਾਂਦਾ ਏ।"

# ਔਰਤ ਹੀ ਔਰਤ ਨੂੰ ਮੁਕਤੀ ਦੇਵੇ....

ਡਾ. ਸਰਬਜੀਤ ਕੌਰ ਬਰਾੜ
ਮੋਗਾ
ਮੋਬਾਇਲ : 79866-52927
(Punjab Mail USA)



ਇਹ ਹੋ ਸਕਦਾ ਹੈ ਬਹੁਤੇ ਲੋਕ ਮੇਰੇ ਨਾਲ ਸਹਿਮਤ ਨਾ ਹੋਣ, ਪਰ ਇਹ ਸੱਚਾਈ ਹੈ ਤੇ ਸੱਚਾਈ ਹਰ ਇੱਕ ਨੂੰ ਹਜ਼ਮ ਨਹੀਂ ਹੁੰਦੀ। ਅੱਜ ਭਾਵੇਂ ਜ਼ਮਾਨਾ ਬਦਲ ਚੁੱਕਾ ਹੈ, ਲੋਕ ਬਦਲੇ ਹਨ, ਸੋਚ ਬਦਲੀ ਹੈ, ਤਕਨੀਕ ਬਦਲੀ ਹੈ, ਔਰਤ ਪੜ੍ਹ-ਲਿਖ ਕੇ ਮਰਦ ਨੂੰ ਬਰਾਬਰ ਦੀ ਹੋ ਕੇ ਟੱਕਰੀ ਹੈ। ਪਰ ਕੀ ਔਰਤ ਨੇ ਸਮੇਂ ਦੇ ਨਾਲ-ਨਾਲ ਆਪਣੀ ਸੋਚ ਬਦਲੀ ਹੈ। ਇੱਕ ਔਰਤ ਹੀ ਮਾਂ ਹੈ ਤੇ ਇੱਕ ਔਰਤ ਹੀ ਸੱਸ। ਇੱਕ ਪੜ੍ਹੀ-ਲਿਖੀ ਔਰਤ ਲਿੰਗ ਟੈਸਟ ਦਾ ਸੋਚਦੀ ਹੈ, ਇੱਕ ਔਰਤ ਹੀ ਦੂਜੀ ਔਰਤ ਨੂੰ ਦਾਜ ਨਾ ਲੈ ਕੇ ਆਉਣ ਦਾ ਤਾਹਨਾ ਮਾਰਦੀ ਹੈ। ਇਕ ਔਰਤ ਹੀ ਦੂਜੀ ਔਰਤ ਦਾ ਘਰ ਬਰਬਾਦ ਕਰਦੀ ਹੈ। ਇੱਕ ਔਰਤ ਹੀ ਕੁੜੀਆਂ ਜੰਮਣ ਤੇ ਮੁੰਡਾ ਨਾ ਹੋਣ ਕਾਰਨ ਔਰਤ ਨੂੰ ਜ਼ਲੀਲ ਕਰਦੀ ਹੈ। ਇੱਕ ਔਰਤ ਹੀ ਔਰਤ ਨੂੰ ਔਲਾਦ ਨਾ ਹੋਣ ਤੇ ਬਾਂਝ ਹੋਣ ਦੇ ਤਾਹਨੇ ਕੱਸਦੀ ਹੈ। ਇੱਕ ਔਰਤ ਹੀ ਰੱਬ ਘਰ ਗਏ ਉਸ ਦੇ ਮਰਦ ਦਾ ਨਾ ਹੋਣ ਦਾ ਅਹਿਸਾਸ ਕਰਾ ਕੇ ਉਸਦਾ ਹਾਰ ਸ਼ਿੰਗਾਰ ਤੇ ਲੀੜਾ ਲੱਤਾ ਪਰਖਦੀ ਹੈ। ਇਹ ਗੱਲਾਂ ਆਮ ਹਨ ਅਤੇ ਹਰ ਸ਼ਹਿਰ, ਗਲੀ-ਮੁਹੱਲੇ, ਪਿੰਡਾਂ ਵਿਚ ਤੁਹਾਨੂੰ ਅੱਜ ਵੀ ਆਮ ਹੀ ਸੁਣਨ ਨੂੰ ਮਿਲ ਸਕਦੀਆਂ ਹਨ। ਇਸ ਲਈ ਸਭ ਤੋਂ ਪਹਿਲਾਂ ਔਰਤ ਨੂੰ ਖੁਦ ਆਪਣੀ ਸੋਚ ਬਦਲਣ ਦੀ ਵੱਡੀ ਲੋੜ ਹੈ, ਕਿਉਂਕਿ ਤਕਨੀਕਾਂ ਨਾਲ ਜ਼ਮਾਨਾ ਬਦਲ ਸਕਦਾ ਹੈ, ਪ੍ਰੰਤੂ ਸੋਚ ਸਾਨੂੰ ਖ਼ੁਦ ਨੂੰ ਹੀ ਬਦਲਣੀ ਪਵੇਗੀ। ਇਸ ਲਈ ਔਰਤ ਹੀ ਔਰਤ ਨੂੰ ਮੁਕਤੀ ਦੇਵੇ, ਤਾਂ ਹੀ ਔਰਤ ਅੱਗੇ ਵਧ ਸਕੇਗੀ ਅਤੇ ਔਰਤ ਲਈ ਅਸਲ ਆਜ਼ਾਦੀ ਫਿਰ ਹੀ ਆਰੰਭ ਹੋਵੇਗੀ।

# ਪਟਵਾਰੀ ਤੇ ਪ੍ਰੋਫੈਸਰ

-ਅਵਤਾਰ ਐਸ. ਸੰਘਾ
ਸਿਡਨੀ
(Punjab Mail USA)

ਜਦੋਂ ਕੁ ਮੈਂ ਪੰਜਾਬ ਤੋਂ ਸਿਡਨੀ ਵੱਲ ਨੂੰ ਤੁਰਿਆ ਸੀ, ਉਦੋਂ ਤੱਕ ਮੇਰੇ ਬਹੁਤ ਸਾਰੇ ਵਿਦਿਆਰਥੀ ਪਟਵਾਰੀ, ਵਕੀਲ, ਬੈਂਕ ਮੁਲਾਜ਼ਮ, ਸਕੂਲ ਅਧਿਆਪਕ, ਫੌਜ ਵਿਚ ਕਮਿਸ਼ਨਡ ਅਫਸਰ, ਡਾਕਖਾਨਾ ਕਰਮਚਾਰੀ ਤੇ ਇੱਥੋਂ ਤੱਕ ਕਿ ਤਹਿਸੀਲਦਾਰ ਤੇ ਜੱਜ ਦੇ ਰੀਡਰ ਵੀ ਬਣ ਚੁੱਕੇ ਸਨ। ਇਸਦਾ ਕਾਰਨ ਇਹ ਸੀ ਕਿ ਮੈਂ 26 ਸਾਲ ਕਾਲਜਾਂ ਵਿਚ ਅੰਗਰੇਜ਼ੀ ਪੜ੍ਹਾ ਕੇ ਇੱਧਰ ਨੂੰ ਸਾਢੇ ਕੁ ਛਿਆਲ਼ੀ ਸਾਲ ਦੀ ਉਮਰ ਵਿਚ ਆਇਆ ਸਾਂ। ਮੇਰਾ ਇੱਕ ਵਿਦਿਆਰਥੀ ਮੇਰੇ ਹੀ ਸ਼ਹਿਰ ਵਿਚ ਪਟਵਾਰੀ ਲੱਗਾ ਹੋਇਆ ਹੁੰਦਾ ਸੀ। ਲੋਕਾਂ ਵਿਚ ਉਸਦੀ ਬੜੀ ਮੰਗ ਸੀ। ਕਦੀ-ਕਦੀ ਉਸਨੇ ਮੈਨੂੰ ਆਪਣੇ ਦਫਤਰ ਬਿਠਾ ਲੈਣਾ।

"ਸਰ ਜੀ, ਤੁਸੀਂ ਤਾਂ ਕਦੀ ਦਰਸ਼ਨ ਹੀ ਨਹੀਂ ਦਿੰਦੇ। ਸੇਵਾ ਦਾ ਮੌਕਾ ਤਾਂ ਕੀ ਦੇਣਾ?"

"ਜੋਗਿੰਦਰ, ਪਟਵਾਰੀਆਂ ਪਾਸ ਬਹੁਤੇ ਉਹ ਲੋਕ ਆਇਆ ਕਰਦੇ ਹਨ, ਜਿਨ੍ਹਾਂ ਨੂੰ ਜ਼ਮੀਨ ਦੇ ਲੈਣ-ਦੇਣ ਨਾਲ਼ ਸੰਬੰਧਤ ਕੋਈ ਕੰਮ ਹੋਵੇ। ਮੈਂ ਅਧਿਆਪਕ ਹਾਂ। ਸਾਡੇ ਜਿਹੇ ਮੁਲਾਜ਼ਮ ਪਾਸ ਜ਼ਮੀਨਾਂ, ਜਾਇਦਾਦਾਂ ਲੈਣ ਜੋਗੇ ਪੈਸੇ ਉਦੋਂ ਹੁੰਦੇ ਹਨ, ਜਦ ਅਸੀਂ ਨੌਕਰੀ ਤੋਂ ਸੇਵਾਮੁਕਤੀ ਦੇ ਨੇੜੇ ਪਹੁੰਚਦੇ ਹਾਂ।"

"ਸਰ ਜੀ, ਐਵੇਂ ਅਧਿਆਪਕ ਅਧਿਆਪਕ ਕਰੀ ਜਾਂਦੇ ਹੋ। ਤੁਸੀਂ ਪ੍ਰੋਫੈਸਰ ਹੋ। ਹੁਣ ਪ੍ਰੋਫੈਸਰਾਂ ਦੇ ਤਨਖਾਹ ਦੇ ਸਕੇਲ ਵੀ ਚੰਗੇ ਹਨ। ਮੈਡਮ ਹੋਰੀਂ ਵੀ ਅਧਿਆਪਕ ਹਨ। ਸਾਡੇ ਜਿਹੇ ਸ਼ਾਗਿਰਦ ਤੁਹਾਡੇ ਕੰਮ ਕਰਵਾਉਣ ਲਈ ਬੈਠੇ ਹਨ। ਸਾਡਾ ਫਾਇਦਾ ਲੈ ਲਓ। ਜ਼ਮੀਨ ਦਾ ਟੋਟਾ ਲੈ ਕੇ ਰੱਖ ਲਓ। ਆਰਾਮ ਨਾਲ਼ ਹੌਲ਼ੀ-ਹੌਲ਼ੀ ਘਰ ਬਣਾਉਂਦੇ ਰਿਹੋ।"

"ਬੱਲਿਆ, ਤੇਰੀ ਬੜੀ ਮਿਹਰਬਾਨੀ। ਹੋਰ ਕੰਮ ਕਾਰ ਕਿਵੇਂ ਚੱਲ ਰਿਹਾ ਏ।"

"ਪਟਵਾਰੀ ਦਾ ਕੰਮ ਕਾਰ? ਉਹ ਵੀ ਸ਼ਹਿਰ ਦੇ ਪਟਵਾਰੀ ਦਾ? ਆਓ ਦਫਤਰ ਦਾ ਪਿਛਲਾ ਕਮਰਾ ਦਿਖਾਵਾਂ? ਅੰਗਰੇਜ਼ੀ ਸ਼ਰਾਬ ਦੀਆਂ ਬੋਤਲਾਂ ਅਤੇ ਦੇਸੀ ਘਰ ਦੀ ਅੱਵਲ ਦਰਜੇ ਦੀ ਕੱਢੀ ਦੀਆਂ ਕੈਨੀਆਂ ਨਾਲ਼ ਭਰਿਆ ਪਿਆ ਏ। ਲਾਓਗੇ ਘੱਟ ਕੁ?"

"ਜੋਗਿੰਦਰ, ਮੈਂ ਨਹੀਂ ਪੀਂਦਾ।"

"ਸਰ, ਸੱਚੀਂ?"

"ਥੋੜ੍ਹੀ ਜਿਹੀ? ਸਵਾਦ ਹੀ ਦੇਖ ਲਓ। ਕਈ ਬਰਾਂਡ ਹਨ।"

"ਨਹੀਂ ਜੋਗਿੰਦਰ, ਬਿਲਕੁਲ ਨਹੀਂ। ਤੂੰ ਤਾਂ ਹੁਣ ਵੀ ਲਾਈਓ ਲੱਗਦੀ ਏ?"

"ਸਰ, ਥੋੜੀ ਜਿਹੀ ਤਾਂ ਹਰ ਵੇਲ਼ੇ ਲਗਾ ਕੇ ਹੀ ਰੱਖੀਦੀ ਏ। ਜ਼ਿਮੀਂਦਾਰ ਮੱਲੋ-ਮੱਲੀ ਗਲ਼ ਪਾ ਜਾਂਦੇ ਹਨ। ਕਈਆਂ ਨੇ ਤਾਂ ਕੰਮ ਵੀ ਸਾਲ ਛੇ ਮਹੀਨੇ ਬਾਅਦ ਕਰਵਾਉਣਾ ਹੁੰਦਾ ਏ। ਬਸ ਜਦੋਂ ਕੁ ਪੂਰ ਕੱਢਦੇ ਹਨ, ਉਦੋਂ ਕੁ ਤਾਂ ਆਪਣੇ ਅਫਸਰਾਂ ਨੂੰ ਜਰੂਰ ਪੂਜਦੇ ਹੀ ਹਨ। ਸਰ, ਪਟਵਾਰੀਆਂ ਦੇ ਸਿਰ 'ਤੇ ਹੀ ਤਾਂ ਸ਼ਹਿਰ ਦਾ ਸਾਰਾ ਕੰਮਕਾਜ ਚੱਲਦਾ ਏ। ਤੁਸੀਂ ਜਾਣਦੇ ਹੀ ਹੋ ਪਟਵਾਰੀ ਤੇ ਕਿਸਾਨ ਦਾ ਸਭ ਤੋਂ ਚਹੇਤਾ ਅਫਸਰ ਏ।"

"ਸੋ ਤਾਂ ਹੈ।"

"ਸਰ, ਪਿੱਛੇ ਜਿਹੇ ਪੰਚਾਇਤਾਂ ਵਾਲ਼ਾ ਮੰਤਰੀ ਆਇਆ ਸੀ। ਲੋਕਲ ਬਾਡੀਜ਼ ਵਾਲ਼ਾ। ਅਸੀਂ ਸਮਝਦੇ ਸੀ ਕਿ ਅਕਾਲੀ ਏ, ਸਿਆਣਾ ਤੇ ਸਚਿਆਰਾ ਤੇ ਧਾਰਮਿਕ ਹੋਊ। ਰੈਸਟ ਹਾਊਸ ਵਿਚ ਠਹਿਰਾਇਆ ਗਿਆ ਸੀ। ਆਓ ਭਗਤ ਲਈ ਤਹਿਸੀਲਦਾਰ ਸਾਹਿਬ ਚੌਵੀ ਘੰਟੇ ਹਾਜ਼ਰ ਸਨ। ਐੱਸ.ਡੀ.ਐੱਮ. ਸ਼ਾਹਿਬ ਵੀ ਦੋ-ਤਿੰਨ ਚੱਕਰ ਮਾਰ ਗਏ ਸਨ। ਮੈਂ ਸ਼ਹਿਰ ਦੇ ਪੰਜਾਂ ਹੀ ਪਟਵਾਰੀਆਂ ਵਿਚੋਂ ਸੀਨੀਅਰ ਹਾਂ। ਮੈਨੂੰ ਤਹਿਸੀਲਦਾਰ ਮੱਲ੍ਹੀ ਸਾਹਿਬ ਨੇ ਇਸ਼ਾਰਾ ਕਰ ਦਿੱਤਾ। ਮੈਂ ਫੱਟ ਸਮਝ ਗਿਆ। ਵਧੀਆ ਸ਼ਰਾਬ ਦੇ ਨਾਲ਼-ਨਾਲ਼ ਉਸਦਾ ਇਸ਼ਾਰਾ ਵਧੀਆ ਮੀਟ ਚਿਕਨ ਵੱਲ ਵੀ ਸੀ। ਬਸ ਫਿਰ ਕੀ ਸੀ। ਅਸੀਂ ਪੰਜ ਪਟਵਾਰੀ ਡੱਟ ਗਏ ਟਹਿਲ ਸੇਵਾ ਵਿਚ। ਲਿਜਾ ਕੇ ਰੱਖ ਦਿੱਤੀਆਂ ਡੇਢ ਦਰਜਨ ਬੋਤਲਾਂ। ਅਸੀਂ ਸੇਵਾ ਕਰਨ ਲਈ ਪੱਬਾਂ ਭਾਰ ਹੋਏ ਰਹੇ। ਮੀਟ ਵੀ ਭਰ-ਭਰ ਪਲੇਟਾਂ ਵਰਤਦਾ ਰਿਹਾ। ਆਖਿਰ ਵਿਚ ਹੈਰਾਨੀ ਉਦੋਂ ਹੋਈ, ਜਦ ਮੈਂ ਮੀਟ ਦਾ ਡੱਕੋ-ਡੱਕ ਭਰਿਆ ਡੌਂਗਾ ਲਿਜਾ ਕੇ ਮੇਜ 'ਤੇ ਰੱਖਿਆ ਸੀ। ਮੰਤਰੀ ਜੀ ਇੰਨੇ ਸ਼ਰਾਬੀ ਹੋਏ ਪਏ ਸਨ ਕਿ ਉਨ੍ਹਾਂ ਨੇ ਡੌਂਗਾ ਹੀ ਮੂੰਹ ਨੂੰ ਲਗਾ ਲਿਆ। ਡੀਕ ਲਗਾ ਕੇ ਸਾਰੀ ਤਰੀ ਪੀ ਗਏ। ਦੂਜੇ ਦਿਨ ਮੰਤਰੀ ਜੀ ਦੇ ਜਾਣ ਤੋਂ ਬਾਅਦ ਦੇਖਿਆ ਕਿ ਸਾਰੀ ਸਬ ਡਿਵੀਜ਼ਨ ਦੇ ਕੰਮਕਾਜ ਬਾਰੇ ਮੰਤਰੀ ਜੀ ਦੀ ਰਿਪੋਰਟ ਅੱਵਲ ਦਰਜੇ ਦੀ ਸੀ। ਨਾ ਉਹ ਕਿਸੇ ਦਫਤਰ ਵਿਚ ਗਿਆ, ਨਾ ਕਿਸੇ ਨਾਲ਼ ਕੋਈ ਕੰਮਕਾਜ਼ੀ ਮਿਲਣੀ ਰੈਸਟ ਹਾਊਸ ਵਿਚ ਕੀਤੀ। ਸਵੇਰੇ ਉਠ ਕੇ ਤਾਂ ਇੱਕ ਹੋਰ ਨਵੀਂ ਗੱਲ ਸੁਣਨ ਵਿਚ ਆ ਗਈ। ਮੰਤਰੀ ਜੀ ਆਏ ਸਨ ਆਪਣੀ ਰਿਸ਼ਤੇਦਾਰੀ ਵਿਚ ਕਿਸੇ ਕੁੜੀ ਲਈ ਰਿਸ਼ਤਾ ਦੇਖਣ। ਇਸ ਗੱਲ ਦਾ ਉਦੋਂ ਪਤਾ ਲੱਗਾ, ਜਦ ਉਹ ਸਵੇਰੇ ਭਾਰਟਾ ਗਣੇਸ਼ਪੁਰੀਆਂ ਦੇ ਭੁਪਿੰਦਰ ਸਿਹੁੰ ਦੇ ਘਰ ਨੂੰ ਗਏ। ਉਨ੍ਹਾਂ ਦਾ ਲੜਕਾ ਪਿੱਛੇ ਜਿਹੇ, ਪਬਲਿਕ ਹੈਲਥ ਮਹਿਮਕਮੇ ਵਿਚ ਐੱਸ.ਡੀ.ਓ. ਲੱਗਾ ਸੀ। ਪੂਰੀ ਜਾਣਕਾਰੀ ਉਦੋਂ ਮਿਲ਼ੀ, ਜਦ ਦੋ ਕੁ ਮਹੀਨਿਆਂ ਬਾਅਦ ਵਿਆਹ ਰੱਖ ਲਿਆ ਗਿਆ। ਵਿਆਹ ਸਮੇਂ ਤਾਂ ਅਸੀਂ ਪਟਵਾਰੀਆਂ ਨੇ ਸ਼ਰਾਬ ਦੀਆਂ ਨਦੀਆਂ ਬਹਾ ਦਿੱਤੀਆਂ। ਕੁੜੀ ਵਾਲ਼ਿਆਂ ਸਮੁੰਦਰ ਬਹਾਇਆ, ਅਸੀਂ ਨਦੀਆਂ ਬਹਾਈਆਂ। ਸਰ ਜੀ, ਇਵੇਂ ਦਾ ਮਹਿਕਮਾ ਏ ਆਪਣਾ।"

"ਕੋਈ ਹੋਰ ਗੱਲਬਾਤ?"

"ਸਰ ਜੀ, ਗੱਲਾਂਬਾਤਾਂ? ਸਾਡੇ ਮਹਿਕਮੇ 'ਚੋਂ ਤਾਂ ਤੁਸੀਂ ਭਾਵੇਂ ਗੱਲਾਂ ਦੇ ਗੱਡੇ ਭਰ ਲਓ। ਪਿੱਛੇ ਜਿਹੇ ਡੀ.ਸੀ. ਸ਼ਾਹਿਬ ਸਬ ਡਿਵੀਜ਼ਨ ਵਿਚ ਆਏ। ਸਾਲ ਵਿਚ ਦੋ ਕੁ ਵਾਰ ਤਾਂ ਗੇੜਾ ਰੱਖ ਹੀ ਲੈਂਦੇ ਨੇ। ਸਾਡੇ ਬਲਾਕ ਦੇ ਲੋਕਾਂ ਦੀਆਂ ਤਕਲੀਫਾਂ ਸੁਣਨ ਲਈ ਖੁੱਲ੍ਹਾ ਦਰਬਾਰ ਰੱਖਿਆ। ਲੋਕ ਕਾਫੀ ਗਿਣਤੀ ਵਿਚ ਹਾਜ਼ਰ ਹੋਏ। ਅਸੀਂ ਪੰਜ ਪਟਵਾਰੀ ਤਿੰਨ-ਚਾਰ ਦਿਨ ਆਓ ਭਗਤ ਦਾ ਪ੍ਰਬੰਧ ਕਰਨ ਵਿਚ ਜੁਟੇ ਰਹੇ। ਤਹਿਸੀਲਦਾਰ ਮੱਲ੍ਹੀ ਸਾਹਿਬ ਤੇ ਦੋ ਨਾਇਬ ਤਹਿਸੀਲਦਾਰਾਂ ਹੁਸਨ ਲਾਲ ਤੇ ਰਾਮ ਖਿਲਾਵਨ ਨੇ ਤਿੰਨ ਦਿਨ ਸਾਡੀ ਰੇਲ ਬਣਾ ਰੱਖੀ। ਬਲਾਕ ਸੰਮਤੀ ਦਾ ਚੇਅਰਮੈਨ ਛਿੰਦੀ ਤੇ ਸਾਰੇ ਮੈਂਬਰ ਵੀ ਡੀ.ਸੀ. ਸ਼ਾਹਿਬ ਨੂੰ ਮਿਲਣ ਲਈ ਪੱਬਾਂ ਭਾਰ ਸਨ। ਸਾਡੇ ਸ਼ਹਿਰ ਵਿਚ ਇੱਕ ਡੀ.ਸੀ. ਸਾਹਿਬ ਦਾ ਦੂਰ ਦਾ ਰਿਸ਼ਤੇਦਾਰ ਰਾਮ ਰੱਖਾ ਰਹਿੰਦਾ ਏ। ਉਹ ਅਨੁਸੂਚਿਤ ਜਾਤੀ ਦਾ ਹੈ। ਲੋਕਾਂ ਨੇ ਉਹਦੇ ਘਰ ਹੀ ਦਬੀੜਾਂ ਲਗਾ ਛੱਡੀਆਂ। ਇੱਥੋਂ ਤੱਕ ਕਿ ਲਾਲਿਆਂ ਦੇ ਲੜਕੀਆਂ ਦੇ ਕਾਲਜ ਆਦਰਸ਼ ਮਹਿਲਾ ਵਿਦਿਆਲਿਆ ਦਾ ਪ੍ਰਧਾਨ ਸਖੀ ਚੰਦ ਕਾਲਜ ਦੀ ਕਨਵੋਕੇਸ਼ਨ ਦੀ ਡੀ.ਸੀ. ਤੋਂ ਪ੍ਰਧਾਨਗੀ ਕਰਵਾ ਕੇ ਕੁਝ ਪੈਸੇ ਲੈਣਾ ਚਾਹੁੰਦਾ ਸੀ। ਡੀ.ਸੀ. ਸਾਹਿਬ ਆ ਪਹੁੰਚੇ। ਐੱਸ.ਡੀ.ਐੱਮ. ਸ਼ਾਹਿਬ ਖੁਸ਼ ਆਮਦੀਦ ਕਹਿਣ ਲਈ ਮੌਜੂਦ ਹੀ ਸਨ। ਪ੍ਰਸ਼ੰਸਾ ਦੇ ਪੁਲ਼ ਬੰਨ੍ਹੇ ਗਏ। ਮੁਸ਼ਕਲਾਂ ਸੁਣਨ ਲਈ ਦਰਬਾਰ ਸ਼ੁਰੂ ਹੋਇਆ। ਪਹਿਲਾਂ ਬਲਾਕ ਸੰਮਤੀ ਦੇ ਚੇਅਰਮੈਨ ਛਿੰਦੀ ਨੇ ਕੁਝ ਸ਼ਬਦ ਬੋਲ ਕੇ ਆਪਣੇ ਨੰਬਰ ਬਣਾਏ। ਅੰਤ ਵਿਚ ਡੀ.ਸੀ. ਸਾਹਿਬ ਨੇ ਤਾਂ ਸਭ ਨੂੰ ਮੁਖਾਤਿਬ ਹੋਣਾ ਹੀ ਸੀ। ਜਦ ਡੀ.ਸੀ. ਸਾਹਿਬ ਬੋਲਣ ਤੋਂ ਬਾਅਦ ਆਪਣੀ ਸੀਟ 'ਤੇ ਜਾ ਬਿਰਾਜੇ, ਤਾਂ 10 ਕੁ ਬੰਦਿਆਂ ਨੇ ਆਪਣੀਆਂ ਤਕਲੀਫਾਂ ਵੀ ਬਿਆਨ ਕੀਤੀਆਂ। ਤਕਲੀਫਾਂ ਬਿਆਨ ਕਰਨ ਵਾਲ਼ਿਆਂ ਦੀ ਵੀ ਮੱਲ੍ਹੀ ਸਾਹਿਬ ਨੇ ਪਹਿਲਾਂ ਹੀ ਸਕਰੀਨਿੰਗ ਕੀਤੀ ਹੋਈ ਸੀ। ਉਹ ਤਕਲੀਫਾਂ ਪੇਸ਼ ਕੀਤੀਆਂ ਗਈਆਂ, ਜਿਹੜੀਆਂ ਬਹੁਤੀਆਂ ਗੰਭੀਰ ਨਹੀਂ ਸਨ। ਡੀ.ਸੀ. ਸਾਹਿਬ ਨੇ ਇਹ ਤਕਲੀਫਾਂ ਅੱਗੇ ਐੱਸ.ਡੀ.ਐੱਮ. ਸ਼ਾਹਿਬ ਨੂੰ ਰੈਫਰ ਕਰ ਦਿੱਤੀਆਂ। ਨਾਲ਼ੇ ਡੀ.ਸੀ. ਸਾਹਿਬ ਨੇ ਲੋਕਾਂ ਨੂੰ ਇਹ ਯਕੀਨ ਦਵਾਇਆ ਕਿ ਮਸਲੇ ਚੰਦ ਦਿਨਾਂ ਵਿਚ ਹੀ ਨਿਪਟਾ ਦਿੱਤੇ ਜਾਣਗੇ।"

"ਇਸਦਾ ਮਤਲਬ ਇਹ ਕਿ ਪ੍ਰੋਗਰਾਮ ਬਹੁਤ ਸੋਹਣਾ ਰਿਹਾ, ਜੋਗਿੰਦਰ?"

"ਠੀਕ ਰਿਹਾ ਪਰ ਅਸਲੀ ਗੱਲ ਤਾਂ ਸੁਣੋ।"

"ਉਹ ਕੀ?"

"ਖੁੱਲ੍ਹੇ ਦਰਬਾਰ ਵਿਚ ਮੂਹਰਿਓਂ ਤੀਜੀ ਲਾਈਨ ਵਿਚ ਇੱਕ ਰੋਅਬ-ਦਾਅਬ ਵਾਲ਼ਾ ਪੇਂਡੂ ਮੋਹਤਬਾਰ ਬੈਠਾ ਸੀ। ਪੱਗ ਦਾ ਤੁਰਲਾ ਉਹਦੇ ਸਿਰ 'ਤੇ ਗਿੱਧਾ ਪਾ ਰਿਹਾ ਸੀ। ਉਸੇ ਨਾਲ਼ ਬੈਠਾ ਇੱਕ ਨਸ਼ੇ ਦਾ ਮਾਰਿਆ ਦਾਂਦੂ ਜਿਹਾ ਮਾੜਕੂ ਬੰਦਾ ਇਵੇਂ ਲੱਗ ਰਿਹਾ ਸੀ, ਜਿਵੇਂ ਬੋਤੇ ਕੋਲ਼ ਬੱਕਰੀ ਬੱਝੀ ਹੋਵੇ। ਉਸ ਮੋਹਤਬਾਰ ਨੇ ਆਪਣਾ ਹੱਥ ਵਿਚ ਫੜਿਆ ਹੋਇਆ ਖੂੰਡਾ ਉੱਪਰ ਨੂੰ ਖੜ੍ਹਾ ਕੀਤਾ ਹੋਇਆ ਸੀ। ਖੂੰਡਾ ਸੰਮਾਂ ਵਾਲ਼ਾ ਹੋਣ ਕਰਕੇ ਬਹੁਤ ਸੁੰਦਰ ਲੱਗ ਰਿਹਾ ਸੀ। ਡੀ.ਸੀ. ਸਾਹਿਬ ਨੇ ਉਸ ਮੁਹਤਬਾਰ ਨੂੰ ਉਸਦਾ ਨਾਮ ਪੁੱਛਿਆ। ਉਹ ਕਹਿੰਦਾ ਉਸ ਦਾ ਨਾਮ ਸ਼ਿਵਮੰਗਲ ਸਿੰਘ ਏ। ਫਿਰ ਡੀ.ਸੀ. ਸਾਹਿਬ ਨੇ ਉਸਨੂੰ ਬੜੇ ਆਦਰ ਸਤਿਕਾਰ ਨਾਲ਼ ਆਪਣੇ ਪਾਸ ਬੁਲਾ ਲਿਆ। ਜਦ ਬੰਦਾ ਉੱਠ ਕੇ ਡੀ.ਸੀ. ਸਾਹਿਬ ਪਾਸ ਚਲਾ ਗਿਆ ਤਾਂ ਡੀ.ਸੀ. ਨੇ ਇਹ ਖੂੰਡਾ ਉਸ ਕੋਲ਼ੋਂ ਫੜ ਕੇ ਆਪਣੇ ਹੱਥ ਵਿਚ ਫੜ ਲਿਆ। ਖੂੰਡਾ ਡੀ.ਸੀ. ਸਾਹਿਬ ਨੂੰ ਬਹੁਤ ਪ੍ਰਭਾਵਿਤ ਕਰ ਰਿਹਾ ਸੀ। ਲੋਕ ਸੋਚ ਰਹੇ ਸਨ ਕਿ ਡੀ.ਸੀ. ਸਾਹਿਬ ਉਸ ਮੁਹਤਬਾਰ ਨੂੰ ਕਹਿਣਗੇ ਕਿ ਖੂੰਡਾ ਸਿੱਧਾ ਖੜ੍ਹਾ ਕਰਕੇ ਅਫਸਰਾਂ ਮੂਹਰੇ ਨਹੀਂ ਬੈਠੀਦਾ। ਇਸਨੂੰ ਹੇਠਾਂ ਜ਼ਮੀਨ 'ਤੇ ਲੰਮਾ ਪਾ ਕੇ ਰੱਖੀਦਾ ਹੈ ਪਰ ਇਸ ਪ੍ਰਕਾਰ ਦਾ ਕੁਝ ਨਾ ਹੋਇਆ। ਡੀ.ਸੀ. ਸਾਹਿਬ ਤੇ ਉਸ ਮੁਹਤਬਾਰ ਵਿਚਕਾਰ ਹੋਰ ਗੱਲਬਾਤ ਇਵੇਂ ਹੋਈ।

"ਸਰਦਾਰ ਜੀ, ਇਹ ਖੂੰਡਾ ਤੁਸੀਂ ਕਿੱਥੋਂ ਲਿਆ?"

"ਮਾਈ ਬਾਪ, ਇਸ ਪ੍ਰਕਾਰ ਦੇ ਖੂੰਡੇ ਇਲਾਕੇ ਵਿਚ ਸਿਰਫ ਇੱਕ ਆਦਮੀ ਹੀ ਬਣਾਉਂਦਾ ਏ। ਕੋਟ ਫਤੂਹੀ ਵੱਲ ਨੂੰ ਪਿੰਡ ਪੈਂਦਾ ਏ ਬਸੰਤਕੋਟ। ਉੱਥੇ ਇੱਕ ਤਰਖਾਣ ਏ ਸਾਧੂ ਰਾਮ। ਉਹ ਤਿਆਰ ਕਰਦਾ ਏ ਇਸ ਪ੍ਰਕਾਰ ਦੇ ਖੂੰਡੇ।"

"ਇਸਦੀ ਕੀਮਤ ਕੀ ਏ?"

"ਸਾਹਿਬ ਜੀ, ਇਹ ਹੁਣ ਤੋਂ ਤਿੰਨ ਕੁ ਮਹੀਨੇ ਪਹਿਲਾਂ ਮੈਂ ਤਿੰਨ ਹਜ਼ਾਰ ਰੁਪਏ ਵਿਚ ਖਰੀਦਿਆ ਸੀ। ਇਸ ਉੱਪਰ ਪਿੱਤਲ ਮੜ੍ਹੀ ਹੋਈ ਏ। ਮੁੱਠੇ ਨੂੰ ਖਾਸੀ ਚਾਂਦੀ ਵੀ ਲੱਗੀ ਹੋਈ ਏ।"

ਡੀ.ਸੀ. ਸਾਹਿਬ ਨੇ ਫਿਰ ਤਹਿਸੀਲਦਾਰ ਮੱਲ੍ਹੀ ਵੱਲ ਦੇਖਿਆ ਤੇ ਕਿਹਾ, "ਇਸ ਪ੍ਰਕਾਰ ਦੇ ਦਸ ਖੂੰਡੇ ਮੈਨੂੰ ਚਾਹੀਦੇ ਹਨ।"

ਮੱਲ੍ਹੀ ਸਾਹਿਬ ਜਿਹਨੇ ਮੁੱਛਾਂ ਨੂੰ ਵਟ ਚਾੜ੍ਹ ਕੇ ਲੜਾਕੇ ਜਹਾਜ਼ ਦੀ ਤੂਈ ਜਿਹਾ ਬਣਾਇਆ ਹੋਇਆ ਸੀ, ਨੇ ਬੜੀ ਨਿਮਰਤਾ ਤੇ ਆਦਰ ਨਾਲ਼ ਕਿਹਾ, "ਜੀ ਸਾਹਿਬ, ਹਫਤੇ ਵਿਚ ਹੀ ਪੁੱਜਦੇ ਕਰ ਦਿਆਂਗੇ।"

"ਪੈਸੇ?" ਮੈਥੋਂ ਜੋਗਿੰਦਰ ਨੂੰ ਪੁੱਛ ਹੋ ਗਿਆ।

"ਸਰ, ਕਿਹੜੀ ਦੁਨੀਆਂ ਵਿਚ ਰਹਿੰਦੇ ਹੋ? ਕਦੀ ਮੰਤਰੀ ਤੇ ਡੀ.ਸੀ. ਜਿਹੇ ਉੱਚਤਮ ਵਿਅਕਤੀ ਵੀ ਪੈਸੇ ਦਿੰਦੇ ਹੁੰਦੇ ਨੇ? ਕਦੀ ਵੀ ਨਹੀਂ। ਉਨ੍ਹਾਂ ਨੂੰ ਤਾਂ ਪੈਸੇ ਪੁੱਛਣਾ ਵੀ ਗੁਨਾਹ ਹੈ ਤੇ ਬਿਪਤਾ ਮੁੱਲ ਲੈਣਾ ਹੈ। ਸਾਡਾ ਸਾਰਾ ਦਾਰੋਮਦਾਰ ਉਨ੍ਹਾਂ ਦੇ ਸਿਰਾਂ 'ਤੇ ਹੀ ਚੱਲਦਾ ਏ। ਪੈਸੇ ਅਸੀਂ ਪਟਵਾਰੀਆਂ ਨੇ ਇਕੱਠੇ ਕਰਨੇ ਹੁੰਦੇ ਹਨ। ਸਾਡੇ ਸਾਇਲ ਅੰਤਾਂ ਦੇ ਹਨ। ਇੱਥੇ ਤਕੜੇ ਦਾ ਸੱਤੀਂ ਬੀਹੀਂ ਸੌ ਹੈ। ਇੱਥੇ ਹੀ ਬਸ ਨਹੀਂ।"

"ਅਜੇ ਹੋਰ ਕੁਝ ਵੀ ਏ?"

"ਹਾਂ, ਬਿਲਕੁਲ ਹੈ। ਉਹ ਇਹ ਕਿ ਇਹ ਖੂੰਡੇ ਲੈਣ ਤੋਂ ਦੋ ਕੁ ਮਹੀਨੇ ਬਾਅਦ ਫਿਰ ਡੀ.ਸੀ. ਸਾਹਿਬ ਦਾ ਸੁਨੇਹਾ ਮੱਲ੍ਹੀ ਸਾਹਿਬ ਨੂੰ ਆ ਗਿਆ।"

"ਸ਼ਾਬਾਸ਼, ਮੱਲ੍ਹੀ ਸਾਹਿਬ! ਖੂੰਡਾ ਤਾਂ ਸੱਚਮੁੱਚ ਹੀ ਬਹੁਤ ਕਮਾਲ ਦਾ ਏ। ਹੋਰ ਜ਼ਰੂਰਤ ਪੈ ਗਈ।"

"ਸਾਹਿਬ, ਹੋਰ ਕਿੰਨੇ ਚਾਹੀਦੇ ਹਨ?"

"ਉਸਤੋਂ 60 ਖੂੰਡੇ ਹੋਰ ਬਣਵਾਓ ਤੇ ਭੇਜ ਦਿਓ ਜਾਂ ਆਪ ਆ ਕੇ ਦੇ ਜਾਵੋ।"

ਤਹਿਸੀਲਦਾਰ ਸਾਹਿਬ ਨੇ ਓਸੇ ਸਰਦਾਰ ਨੂੰ ਫਿਰ ਸੁਨੇਹਾ ਭੇਜਿਆ। ਉਹ ਕਹਿੰਦਾ ਕਿ ਹੁਣ ਇਸਦੀ ਕੀਮਤ 3500 ਰੁਪਏ ਹੈ। ਤਹਿਸੀਲਦਾਰ ਸਾਹਿਬ ਨੂੰ ਖਰੀਦਣੇ ਤਾਂ ਪੈਣੇ ਹੀ ਸਨ। ਪਟਵਾਰੀਆਂ ਨੇ ਮਿਲ਼ ਕੇ ਫਿਰ ਆਪਣੇ ਸਾਇਲਾਂ ਤੋਂ ਵੱਢੀ ਦੇ ਰੂਪ ਵਿਚ ਪੈਸੇ ਇਕੱਠੇ ਕੀਤੇ। ਥੋੜ੍ਹੀ ਬਹੁਤ ਖੂੰਡਾ ਬਣਾਉਣ ਵਾਲ਼ੇ ਨਾਲ਼ ਇਹ ਕਹਿ ਕੇ ਸੌਦੇਬਾਜ਼ੀ ਕਰਕੇ ਰਿਆਇਤ ਕਰਵਾਈ ਕਿ ਮਾਲ ਡੀ.ਸੀ. ਸਾਹਿਬ ਨੂੰ ਜਾਣਾ ਹੈ। ਇਸ ਪ੍ਰਕਾਰ 60 ਖੂੰਡੇ 3200 ਰੁਪਏ ਪ੍ਰਤੀ ਖੂੰਡੇ ਦੇ ਹਿਸਾਬ ਨਾਲ਼ ਬਣਵਾਏ ਗਏ। ਡੀ.ਸੀ. ਸਾਹਿਬ ਪਾਸ ਪਹੁੰਚਦੇ ਕਰ ਦਿੱਤੇ ਗਏ।"

"ਜੋਗਿੰਦਰ, ਫਿਰ ਤਾਂ ਤੁਸੀਂ ਲੋਕਾਂ ਦੇ ਅਜੀਬ ਅਜੀਬ ਕੰਮ ਵੀ ਕਰਦੇ ਹੋ?"

"ਬਿਲਕੁਲ ਸਰ! ਤੁਸੀਂ ਇਮਾਨਦਾਰ ਮਹਿਕਮੇ ਵਿਚ ਕੰਮ ਕਰਦੇ ਹੋ। ਅਸੀਂ ਅਤਿ ਭ੍ਰਿਸ਼ਟਾਚਾਰੀ ਹਾਂ। ਇਹ ਹੈ ਆਪਣਾ ਦੇਸ਼ ਮਹਾਨ। ਇੱਥੇ ਲੋਕਤੰਤਰ ਤੇ ਆਜ਼ਾਦੀ ਹੋਣ ਦੇ ਬਾਵਜੂਦ ਵੀ ਚਾਕਰੀ ਜ਼ੋਰਾਂ 'ਤੇ ਹੈ। ਸਾਨੂੰ ਬਾਂਦਰਾਂ ਨੂੰ ਮੱਕੀ ਦੀਆਂ ਖਿੱਲਾਂ ਮਿਲ ਗਈਆਂ। ਅਸੀਂ ਨਾ ਖਾਂਦੇ ਥੱਕਦੇ ਹਾਂ ਤੇ ਨਾ ਹੀ ਕਿਸੇ ਨੂੰ ਖਵਾਉਂਦੇ। ਉੱਪਰੋਂ ਦੇਖਣ ਨੂੰ ਆਪਾਂ ਭਾਵੇਂ ਜਿੰਨੇ ਮਰਜ਼ੀ ਸਿਆਣੇ, ਸੁਹਿਰਦ, ਸਚਿਆਰੇ ਤੇ ਸੋਝੀਵਾਨ ਦਿਖਣ ਦੀ ਕੋਸ਼ਿਸ਼ ਕਰੀਏ ਪਰੰਤੂ ਅੰਦਰੋਂ ਅਸੀਂ ਪੂਰੇ ਦੰਭੀ, ਦੁਸ਼ਟ ਤੇ ਦਗੇਬਾਜ਼ ਹਾਂ। ਬੇਈਮਾਨੀ ਤੇ ਭ੍ਰਿਸ਼ਟਾਚਾਰ ਥੱਲਿਓਂ ਉੱਪਰ ਨੂੰ ਨਹੀਂ ਜਾਂਦੇ, ਇਹ ਇਹ ਉੱਪਰੋਂ ਥੱਲੇ ਨੂੰ ਆਉਂਦੇ ਹਨ। ਤੁਸੀਂ ਦੇਖਦੇ ਹੀ ਹੋ ਕਿ ਅੱਧੇ ਕੁ ਮੰਤਰੀ ਘੁਟਾਲਿਆਂ ਵਿਚ ਫਸੇ ਰਹਿੰਦੇ ਹਨ। ਲੋਕ ਫਿਰ ਵੀ ਉਨ੍ਹਾਂ ਦਾ ਫੁੱਲਾਂ ਦੇ ਹਾਰਾਂ ਨਾਲ਼ ਖੈਰ ਮਕਦਮ ਕਰਦੇ ਹਨ। ਭ੍ਰਿਸ਼ਟਾਚਾਰੀ ਸਿੱਧ ਹੋ ਕੇ ਮੰਤਰੀ ਜੇਲ੍ਹਾਂ ਵਿਚ ਵੀ ਬੈਠੇ ਹਨ। ਫਿਰ ਵੀ ਜਦੋਂ ਉਹ ਬਾਹਰ ਆਉਂਦੇ ਹਨ, ਤਾਂ ਉਨ੍ਹਾਂ ਨੂੰ ਮਿਲਣ ਲਈ ਲੋਕਾਂ ਦੇ ਤੰਤੇ ਲੱਗ ਜਾਂਦੇ ਹਨ। ਸਰ ਜੀ, ਇਹ ਹੈ ਸਾਡਾ ਦੇਸ਼ ਮਹਾਨ। ਗਿਰਝਾਂ ਗਾਲ੍ਹੜ ਦੇਵਣ ਦਾਦ, ਉੱਲੂ ਗਾਉਣ ਬਸੰਤ ਬਹਾਰ।"


"ਚੰਗਾ ਜੋਗਿੰਦਰ, ਤੇਰੀਆਂ ਗੱਲਾਂ ਬੜੀਆਂ ਦਿਲਚਸਪ ਹਨ। ਮੈਂ ਹੁਣ ਚੱਲਦਾਂ। ਫਿਰ ਕਿਤੇ ਮਿਲਾਂਗੇ।"

"ਚੰਗਾ ਸਰ।"

# ਸੱਬੀ ਦੀਆਂ ਸੱਧਰਾਂ

## ਨਿੱਕੀ ਕਹਾਣੀ

ਡਾ. ਸੰਦੀਪ ਸਿੰਘ ਮੁੰਡੇ
ਪ੍ਰਿੰਸੀਪਲ, ਗੁਰੂ ਹਰਗੋਬਿੰਦ ਸਾਹਿਬ ਪੀਜੀ ਕਾਲਜ
ਸੀਸੀ ਹੈਡ, ਸ੍ਰੀ ਗੰਗਾਨਗਰ (ਰਾਜਸਥਾਨ)
ਮੋਬਾਈਲ 9413652646
Punjab Mail USA)



ਸੱਬੀ ਦੇ ਵਿਆਹ ਵਿਚ ਵੀਹ ਕੁ ਦਿਨ ਬਾਕੀ ਰਹਿ ਰਹੇ ਸਨ। ਘਰ ਵਿਚ ਉਸ ਦੇ ਵਿਆਹ ਦੀਆਂ ਤਿਆਰੀਆਂ ਚੱਲ ਰਹੀਆਂ ਸਨ। ਸੱਬੀ ਨੇ ਆਪਣੇ ਦਾਜ ਲਈ ਦਰੀਆਂ, ਚਾਦਰਾਂ ਅਤੇ ਸਿਰਹਾਣੇ ਆਪ ਤਿਆਰ ਕੀਤੇ ਸਨ। ਹੁਣ ਉਹ ਇਨ੍ਹਾਂ ਦਾਜ ਦੀਆਂ ਚੀਜਾਂ ਨੂੰ ਸਾਂਭ-ਸਾਂਭ ਰੱਖਦੀ ਸੀ। ਉਸਨੂੰ ਆਪਣੇ ਵਿਆਹ ਦਾ ਬੜਾ ਚਾਅ ਸੀ, ਕਿਉਂਕਿ ਉਸਦਾ ਰਿਸ਼ਤਾ ਇੱਕ ਚੰਗੇ ਖਾਨਦਾਨੀ ਪਰਿਵਾਰ ਦੇ ਸਰਕਾਰੀ ਮਾਸਟਰ ਦੀਪ ਨਾਲ ਤੈਅ ਹੋਇਆ ਸੀ। ਦੀਪ ਇੱਕ ਸਾਊ ਸੁਭਾਅ ਵਾਲਾ ਮੁੰਡਾ ਸੀ। ਛੋਟੀ ਉਮਰ ਵਿਚ ਹੀ ਪਿਤਾ ਦੀ ਮੌਤ ਤੋਂ ਬਾਅਦ ਉਸ ਨੂੰ ਉਸਦੀ ਮਾਂ ਨੇ ਬੜੀਆਂ ਔਂਕੜਾ ਝੱਲ ਕੇ ਪੜ੍ਹਾਇਆ ਸੀ। ਉਹ ਪੜ੍ਹਨ ਵਿਚ ਬਹੁਤ ਹੁਸ਼ਿਆਰ ਸੀ, ਇਸੇ ਕਰਕੇ ਬੀ.ਐਡ. ਕਰਨ ਤੋਂ ਤੁਰੰਤ ਬਾਅਦ ਉਸਨੂੰ ਸਰਕਾਰੀ ਨੌਕਰੀ ਮਿਲ ਗਈ ਸੀ। ਦੀਪ ਵੀ ਸੱਬੀ ਨਾਲ ਹੋਏ ਰਿਸ਼ਤੇ ਤੋਂ ਬਹੁਤ ਖ਼ੁਸ਼ ਸੀ। ਉਸਨੇ ਬਿਨਾਂ ਦਾਜ ਤੋਂ ਇਸ ਰਿਸ਼ਤੇ ਲਈ ਹਾਂ ਕੀਤੀ ਸੀ। ਸੱਬੀ ਇਸ ਰਿਸ਼ਤੇ ਤੋਂ ਇੰਨੀ ਖੁਸ਼ ਸੀ ਕਿ ਉਹ ਕੰਮ ਕਰਦੇ-ਕਰਦੇ ਕਦੇ ਆਪਣੇ ਵਿਆਹ ਦੇ ਖਿਆਲਾਂ ਵਿਚ ਖੋਹ ਜਾਂਦੀ, ਕਦੇ ਉਸਦੇ ਦਿਲ ਵਿਚ ਨਵੀਆਂ ਤਰੰਗਾਂ ਅਤੇ ਕਲਪਨਾਵਾਂ ਉਪਜਦੀਆਂ। ਕਦੇ ਉਹ ਖਿਆਲਾਂ ਵਿਚ ਹੀ ਆਪਣੇ ਪਤੀ ਦੀਪ ਨਾਲ ਪਿਆਰ ਦੀਆਂ ਪੀਂਘਾ ਝੂਟਣ ਲੱਗਦੀ।

ਇੱਕ ਦਿਨ ਉਸਦੀ ਪੱਕੀ ਸਹੇਲੀ ਮੀਤੋ ਉਸ ਨੂੰ ਮਿਲਣ ਆਉਂਦੀ ਹੈ, ਤਾਂ ਉਹ ਆਪਣੀਆਂ ਹੱਥੀਂ ਕੱਢੀਆਂ ਚਾਦਰਾਂ, ਦਰੀਆਂ ਅਤੇ ਸਿਰਹਾਣੇ ਦਿਖਾਉਂਦੀ ਹੋਈ ਕਹਿੰਦੀ, "ਦੇਖ ਤਾਂ ਭੈਣੇ ਸੋਹਣੇ ਲੱਗਦੇ ਐ ਫੁੱਲ।"

"ਹਾਂ ਭੈਣੇ, ਫੁੱਲ ਤਾਂ ਬੜੇ ਫੱਬਦੇ ਹੈ, ਪਰ ਆਹ ਦਿਲ ਜਿਹਾ ਬਣਾ ਕੇ ਵਿਚ ਅੱਖਰਾਂ ਨਾਲ ਕੀ ਪਰੋਇਆ ਹੈ?" ਮੀਤੋ ਨੇ ਸਿਰਹਾਣੇ ਦੇ ਛਾੜ ਦੀ ਤਹਿ ਖੋਲ੍ਹਦਿਆਂ ਖਚਰੀ ਜਿਹੀ ਹਾਸੀ ਹੱਸਦਿਆਂ ਪੁੱਛਿਆ।

"ਤੂੰ ਹੀ ਬੁੱਝ, ਮੈਂ ਨਹੀਂ ਦੱਸਣਾ" ਕਹਿ ਕੇ ਸੱਬੀ ਨੇ ਆਪਣੀ ਖੁਸ਼ੀ ਨੂੰ ਬੜੀ ਮੁਸ਼ਕਿਲ ਨਾਲ ਕਾਬੂ ਕਰਦਿਆਂ ਨੀਵੀਂ ਜਿਹੀ ਪਾ ਲਈ।

"ਅੱਛਾ, ਹੁਣ ਸਮਝ ਆਇਆ, ਮੈਡਮ ਨੇ ਮੇਰੇ ਹੋਣ ਵਾਲੇ ਜੀਜਾ ਜੀ ਅਤੇ ਆਪਣੇ ਨਾਂ ਨੂੰ ਸਿਰਹਾਣੇ 'ਤੇ ਰੰਗ-ਬਿਰੰਗੇ ਧਾਗਿਆਂ ਨਾਲ ਪਰੋਇਆ ਹੈ।" ਮੀਤੋ ਸਿਰਹਾਣੇ ਦੇ ਛਾੜ ਦੀ ਦੁਬਾਰਾ ਤਹਿ ਲਾਉਂਦੀ ਹੋਈ ਬੋਲੀ।

ਸੱਬੀ ਨੇ ਆਪਣਾ ਅਤੇ ਆਪਣੇ ਹੋਣ ਵਾਲੇ ਪਤੀ ਦੀਪ ਦਾ ਨਾਂ ਕੇਵਲ ਸਿਰਹਾਣੇ ਦੇ ਛਾੜਾਂ 'ਤੇ ਹੀ ਨਹੀਂ ਸੀ ਲਿਖਿਆ, ਬਲਕਿ ਉਸਨੇ ਚਾਦਰਾਂ ਅਤੇ ਦਰੀਆਂ 'ਤੇ ਵੀ ਇਹ ਨਾਂ ਪਰੋਏ ਸਨ। ਮਾਸਟਰ ਦੀਪ ਨਾਲ ਰਿਸ਼ਤਾ ਤਹਿ ਹੋਣ ਤੋਂ ਬਾਅਦ ਉਹ ਫੁੱਲੀ ਨਹੀਂ ਸਮਾਉਂਦੀ ਸੀ, ਕਿਉਂਕਿ ਉਸਦੀ ਪੜ੍ਹਨ ਦੀ ਰੀਝ ਤਾਂ ਅਧੂਰੀ ਰਹਿ ਗਈ ਸੀ। ਉਸਦੇ ਪਰਿਵਾਰ ਨੇ ਉਸਨੂੰ ਦਸਵੀਂ ਜਮਾਤ ਪਾਸ ਕਰਨ ਪਿੱਛੋਂ ਪੜ੍ਹਨੋਂ ਹਟਾ ਕੇ ਘਰ ਬਿਠਾ ਲਿਆ ਸੀ।

ਸੱਬੀ ਦੀ ਮਾਂ ਨੇ ਆਪਣੀ ਵੱਡੀ ਭੈਣ ਬਲਬੀਰੋ ਨੂੰ ਵਿਆਹ ਦੇ ਸਾਰੇ ਕੰਮਾਂ ਦੀ ਖ਼ੁਦ-ਮੁਖਤਿਆਰੀ ਦਿੱਤੀ ਹੋਈ ਸੀ, ਕਿਉਂਕਿ ਉਹ ਸੱਬੀ ਦੀ ਸਕੀ ਮਾਸੀ ਹੋਣ ਦੇ ਨਾਲ-ਨਾਲ ਤਾਈ ਵੀ ਸੀ। ਸੱਬੀ ਦੀ ਮਾਂ ਸਾਰੇ ਕੰਮ ਆਪਣੀ ਭੈਣ ਬਲਬੀਰੋ ਨੂੰ ਹਮੇਸ਼ਾਂ ਪੁੱਛ ਕੇ ਹੀ ਕਰਦੀ, ਕਿਉਂਕਿ ਉਸਨੂੰ ਉਸ 'ਤੇ ਬਹੁਤ ਭਰੋਸਾ ਸੀ। ਬਲਬੀਰੋ ਵੀ ਅੱਗੇ ਹੋ ਕੇ ਸਾਰੇ ਕੰਮ ਦੇਖਦੀ ਅਤੇ ਕਈ ਵਾਰੀ ਤਾਂ ਸੱਬੀ ਦੀ ਮਾਂ ਦੀ ਰਾਇ ਤੋਂ ਬਿਨਾਂ ਹੀ ਫੈਸਲੇ ਲੈ ਲੈਂਦੀ, ਪਰ ਸੱਬੀ ਦੀ ਮਾਂ ਨੇ ਕਦੇ ਇਸ ਦਾ ਬੁਰਾ ਨਹੀਂ ਮਨਾਇਆ ਸੀ।

ਸੱਬੀ ਅਤੇ ਦੀਪ ਦੇ ਰਿਸ਼ਤੇ ਤੋਂ ਬਾਕੀ ਸਾਰੇ ਖ਼ੁਸ਼ ਸਨ, ਪਰ ਉਸਦੀ ਸਕੀ ਮਾਸੀ ਬਲਬੀਰੋ ਨੂੰ ਪਤਾ ਨਹੀਂ ਸੱਬੀ ਨਾਲ ਕੀ ਦੁਸ਼ਮਣੀ ਸੀ। ਜਿਵੇਂ-ਜਿਵੇਂ ਸੱਬੀ ਦੇ ਵਿਆਹ ਦਾ ਦਿਨ ਨੇੜੇ ਆ ਰਿਹਾ ਸੀ, ਉਹ ਓਨਾ ਹੀ ਜ਼ਿਆਦਾ ਦੁਖੀ ਹੋ ਰਹੀ ਸੀ, ਹਾਲਾਂਕਿ ਉਹ ਮੂੰਹ 'ਤੇ ਮੀਆਂ ਮਿੱਠੂ ਬਣੀ ਰਹਿੰਦੀ। ਬਲਬੀਰੋ ਦੇ ਮਨ ਵਿਚ ਹਮੇਸ਼ਾ ਇਹ ਗੱਲ ਹੀ ਚੁੱਭਦੀ ਰਹਿੰਦੀ ਕਿ ਉਸ ਦੀ ਆਪਣੀ ਕੁੜੀ ਦਾ ਵਿਆਹ ਤਾਂ ਇੱਕ ਸਾਧਾਰਨ ਜਿਹੇ ਘਰ ਵਿਚ ਇੱਕ ਛੋਟੀ ਜਿਹੀ ਪ੍ਰਾਈਵੇਟ ਨੌਕਰੀ ਕਰਦੇ ਮੁੰਡੇ ਨਾਲ ਹੋਇਆ ਸੀ, ਪਰ ਹੁਣ ਸੱਬੀ ਦਾ ਵਿਆਹ ਚੰਗੇ ਘਰ ਵਿਚ ਇਕ ਸਰਕਾਰੀ ਨੌਕਰੀ ਲੱਗੇ ਮੁੰਡੇ ਨਾਲ ਹੋ ਰਿਹਾ ਸੀ। ਇਹ ਗੱਲ ਬਲਬੀਰੋ ਤੋਂ ਬਰਦਾਸ਼ਤ ਨਹੀਂ ਸੀ ਹੋ ਰਹੀ। ਉਸ ਨੂੰ ਲੱਗਦਾ ਸੀ ਕਿ ਜੇਕਰ ਸੱਬੀ ਦਾ ਵਿਆਹ ਇਸ ਚੰਗੇ ਘਰ ਵਿਚ ਹੋ ਗਿਆ, ਤਾਂ ਉਸਦਾ ਨੱਕ ਹੀ ਵੱਢਿਆ ਜਾਊ। ਇਸ ਲਈ ਉਹ ਕੋਈ ਨਾ ਕੋਈ ਬਹਾਨਾ ਬਣਾ ਕੇ ਇਸ ਰਿਸ਼ਤੇ ਨੂੰ ਸਿਰੇ ਚੜ੍ਹਨ ਤੋਂ ਪਹਿਲਾਂ ਹੀ ਤੁੜਵਾ ਦੇਣਾ ਚਾਹੁੰਦੀ ਸੀ। ਇਸ ਲਈ ਉਸ ਨੇ ਇੱਕ ਚਾਲ ਖੇਡੀ ਅਤੇ ਆਪਣੀ ਇਸ ਚਾਲ ਵਿਚ ਲਾਲਚ ਦੇ ਕੇ ਵਿਚੋਲੇ ਨੂੰ ਵੀ ਸ਼ਾਮਲ ਕਰ ਲਿਆ।

ਬਲਬੀਰੋ ਨੇ ਆਪਣੀ ਚਾਲ ਮੁਤਾਬਿਕ ਵਿਚੋਲੇ ਨੂੰ ਸੱਬੀ ਦੇ ਘਰ ਸੱਦਿਆ ਅਤੇ ਉਸ ਦੇ ਮੂੰਹੋਂ ਮੁੰਡੇ ਵਾਲਿਆਂ ਵਲੋਂ ਸਕੂਟਰ ਦੀ ਮੰਗ ਦੀ ਗੱਲ ਅਖਵਾਈ। ਸਕੂਟਰ ਦੀ ਮੰਗ ਸੁਣ ਕੇ ਸੱਬੀ ਦੇ ਮਾਂ-ਪਿਓ ਦੇ ਤਾਂ ਹੋਸ਼ ਹੀ ਉੱਡ ਗਏ, ਕਿਉਂਕਿ ਉਨ੍ਹਾਂ ਦੀ ਹੈਸੀਅਤ ਦਾਜ ਵਿਚ ਸਕੂਟਰ ਦੇਣ ਦੀ ਨਹੀਂ ਸੀ। ਇਹ ਗੱਲ ਸੱਬੀ ਦੇ ਕੰਨੀਂ ਵੀ ਪੈ ਗਈ। ਦਾਜ ਵਿਚ ਸਕੂਟਰ ਦੀ ਮੰਗ ਸੁਣ ਕੇ ਪੂਰੇ ਹੱਸਦੇ-ਖੇਡਦੇ ਵਿਆਹ ਦੀਆਂ ਤਿਆਰੀਆਂ ਕਰਦੇ ਪਰਿਵਾਰ ਵਿਚ ਇੱਕਦਮ ਸੋਗ ਪੈ ਗਿਆ।


ਸੱਬੀ ਦੀ ਮਾਂ ਨੇ ਥੋੜ੍ਹਾ ਜਿਹਾ ਮਨ ਕਰੜਾ ਕਰਕੇ ਵਿਚੋਲੇ ਨੂੰ ਪੁੱਛਿਆ, "ਵੀਰੇ, ਕੀ ਕਹਿੰਦੇ ਹੈ ਮਾਸਟਰ ਕੇ? ਪਹਿਲਾਂ ਤਾਂ ਕੋੜ੍ਹਿਆਂ ਨੇ ਕੋਈ ਮੰਗ ਰੱਖੀ ਨਹੀਂ ਸੀ, ਹੁਣ ਕੀ ਹੋ ਗਿਆ ਚੰਦਰਿਆ ਨੂੰ? ਤੁਸੀਂ ਉਨ੍ਹਾਂ ਨਾਲ ਦੁਬਾਰਾ ਗੱਲ ਤਾਂ ਕਰੋ।"

"ਕੋਈ ਲੋੜ ਨਹੀਂ ਹੁਣ ਗੱਲ ਕਰਨ ਦੀ, ਅਸੀਂ ਨੀ ਦਾਜ ਦੇ ਲੋਭੀਆਂ ਦੇ ਘਰ ਕੁੜੀ ਤੋਰਨੀ... (ਵਿਚੋਲੇ ਵੱਲ ਦੇਖ ਕੇ) ਜਾ, ਕਹਿਦੇ ਜਾ ਕੇ ਉਨ੍ਹਾਂ ਨੂੰ ਸਾਡੇ ਵਲੋਂ ਕੋਰੀ ਨਾਂਹ ਹੈ... ਵਥੇਰੇ ਮੁੰਡੇ ਹੈਗੇ ਮੇਰੀ ਨਜ਼ਰ ਵਿਚ... ਸੱਬੀ ਲਈ ਅੱਜ ਹੀ ਮੁੰਡਾ ਹੋਰ ਭਾਲ ਲੈਣੇ ਹਾਂ।" ਬਲਬੀਰੋ ਨੇ ਮੰਜੇ ਤੋਂ ਉਠਦਿਆਂ ਗੁੱਸੇ ਨਾਲ ਕਿਹਾ।

ਸੱਬੀ ਦੇ ਮਾਂ-ਪਿਓ, ਭਰਾ ਅਤੇ ਹੋਰ ਪਾਰਿਵਾਰਿਕ ਮੈਂਬਰ ਮੁੰਡੇ ਵਾਲਿਆਂ ਨਾਲ ਗੱਲ ਕਰਨ ਲਈ ਰਾਜ਼ੀ ਸਨ। ਪਰ ਸੱਬੀ ਦੀ ਮਾਸੀ ਨੇ ਕਿਸੇ ਦੀ ਪੇਸ਼ ਨਾ ਜਾਣ ਦਿੱਤੀ ਅਤੇ ਵਿਚੋਲੇ ਨੂੰ ਸ਼ਗਨ ਦੀਆਂ ਚੀਜ਼ਾਂ ਵਾਪਸ ਕਰਨ ਲਈ ਭੇਜ ਦਿੱਤਾ। ਇੱਧਰ ਸੱਬੀ ਦਾ ਰੋ-ਰੋ ਕੇ ਬੁਰਾ ਹਾਲ ਸੀ, ਉਸ ਨੂੰ ਇਸ ਗੱਲ 'ਤੇ ਵਿਸ਼ਵਾਸ ਹੀ ਨਹੀਂ ਹੋ ਰਿਹਾ ਸੀ ਕਿ ਉਸਦਾ ਰਿਸ਼ਤਾ ਤੋੜ ਦਿੱਤਾ ਗਿਆ ਹੈ। ਉਹ ਆਪਣੀਆਂ ਹੱਥੀਂ ਕੱਢੀਆਂ ਚਾਦਰਾਂ, ਦਰੀਆਂ ਅਤੇ ਸਿਰਹਾਣਿਆਂ 'ਤੇ ਚਾਵਾਂ ਨਾਲ ਪਰੋਏ ਨਾਵਾਂ ਨੂੰ ਯਾਦ ਕਰਦੀ-ਕਰਦੀ ਬੇਹੋਸ਼ ਹੋ ਗਈ। ਉਸ ਨੂੰ ਦੀਪ 'ਤੇ ਰੱਬ ਵਰਗਾ ਭਰੋਸਾ ਸੀ, ਪਰ ਰਿਸ਼ਤਾ ਤੋੜਣ ਵੇਲੇ ਇੱਕ ਵਾਰ ਵੀ ਸੱਬੀ ਨੂੰ ਪੁੱਛਿਆ ਨਹੀਂ ਗਿਆ। ਸੱਬੀ ਦੇ ਪਰਿਵਾਰ ਵੱਲੋਂ ਰਿਸ਼ਤਾ ਤੋੜਣ ਦੇ ਫੈਸਲੇ ਲਈ ਸੱਬੀ ਦੀ ਰਜ਼ਾਮੰਦੀ ਲੈਣੀ ਜਾਂ ਮੁੰਡੇ ਵਾਲਿਆਂ ਨਾਲ ਗੱਲ ਕਰਨ ਦੀ ਲੋੜ ਹੀ ਨਹੀਂ ਸਮਝੀ ਗਈ। ਇਸ ਤਰ੍ਹਾਂ ਸੱਬੀ ਦੀਆਂ ਸੱਧਰਾਂ ਨੂੰ ਰੋਲ ਕੇ ਰੱਖ ਦਿੱਤਾ ਗਿਆ, ਕਿਸੇ ਨੇ ਵੀ ਸੱਬੀ ਦੀਆਂ ਆਹਾਂ ਅਤੇ ਦਿਲ ਦੀ ਚੋਟ ਨੂੰ ਮਹਿਸੂਸ ਹੀ ਨਹੀਂ ਕੀਤਾ। ਸੱਬੀ ਦੀ ਮਾਸੀ ਨੇ ਆਪਣੀ ਹਉਮੈ ਨੂੰ ਪੱਠੇ ਪਾਉਣ ਲਈ ਦੋ ਦਿਲਾਂ ਨੂੰ ਤੋੜ ਕੇ ਹੀ ਸਾਹ ਲਿਆ ਅਤੇ ਇਸ ਤਰ੍ਹਾਂ ਇੱਕ ਵਾਰ ਫਿਰ ਔਰਤ ਹੀ ਔਰਤ ਦੀ ਦੁਸ਼ਮਣ ਸਾਬਿਤ ਹੋਈ।

# ਸਮਾਜ ਦੇ ਤਾਣੇ-ਬਾਣੇ ਨਾਲ ਖੇਡ ਰਿਹਾ 'ਨਫ਼ਰਤ ਵਾਲਾ ਭਾਸ਼ਣ'

-ਡਾ. ਸਤਿਆਵਾਨ 'ਸੌਰਭ'
ਹਰਿਆਣਾ
ਕਵੀ, ਸੁਤੰਤਰ ਪੱਤਰਕਾਰ ਅਤੇ ਕਾਲਮਨਵੀਸ, ਆਲ ਇੰਡੀਆ ਰੇਡੀਓ ਅਤੇ ਟੀਵੀ ਪੈਨਲਿਸਟ, ਹਰਿਆਣਾ
ਮੋਬਾਈਲ : 94665-26148, 01255281381
(Punjab Mail USA)





ਨਫ਼ਰਤ ਵਾਲੇ ਭਾਸ਼ਣ ਦਾ ਮਤਲਬ ਹੈ ਜਾਤ, ਧਰਮ ਜਾਂ ਲਿੰਗ ਵਰਗੀਆਂ ਅੰਦਰੂਨੀ ਵਿਸ਼ੇਸ਼ਤਾਵਾਂ ਦੇ ਆਧਾਰ 'ਤੇ ਕਿਸੇ ਸਮੂਹ, ਜਾਂ ਕਿਸੇ ਵਿਅਕਤੀ ਨੂੰ ਨਿਸ਼ਾਨਾ ਬਣਾਉਣ ਵਾਲਾ ਅਪਮਾਨਜਨਕ ਭਾਸ਼ਣ, ਜੋ ਸਮਾਜਿਕ ਸ਼ਾਂਤੀ ਨੂੰ ਖਤਰਾ ਪੈਦਾ ਕਰ ਸਕਦਾ ਹੈ। ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ ਦੇ ਅਨੁਸਾਰ, ਦੇਸ਼ ਵਿਚ 2014 ਤੋਂ 2020 ਦਰਮਿਆਨ ਨਫ਼ਰਤ ਭਰੇ ਭਾਸ਼ਣ ਦੇ ਅਪਰਾਧਾਂ ਵਿਚ ਛੇ ਗੁਣਾ ਵਾਧਾ ਹੋਇਆ ਹੈ। ਸੁਪਰੀਮ ਕੋਰਟ ਨੇ ਵਾਰ-ਵਾਰ ਦੁਹਰਾਇਆ ਹੈ ਕਿ ਨਫ਼ਰਤੀ ਅਪਰਾਧਾਂ ਨੂੰ ਨਾਮ ਦੇਣ ਦੀ ਕੋਈ ਗੁੰਜਾਇਸ਼ ਨਹੀਂ ਹੈ। ਭਾਰਤ ਵਰਗੇ ਧਰਮ ਨਿਰਪੱਖ ਦੇਸ਼ ਵਿਚ ਅਜਿਹੇ ਅਪਰਾਧਾਂ ਤੋਂ ਆਪਣੇ ਨਾਗਰਿਕਾਂ ਦੀ ਰੱਖਿਆ ਕਰਨਾ ਰਾਜ ਦਾ ਮੁੱਢਲਾ ਫਰਜ਼ ਹੈ। ਇੱਕ ਬਿਆਨ ਕਿਸੇ ਲਈ ਨਫ਼ਰਤ ਭਰਿਆ ਭਾਸ਼ਣ ਅਤੇ ਕਿਸੇ ਲਈ ਬੋਲਣ ਦੀ ਆਜ਼ਾਦੀ ਬਣ ਜਾਂਦਾ ਹੈ। ਪ੍ਰਗਟਾਵੇ ਦੀ ਆਜ਼ਾਦੀ ਦਾ ਅਧਿਕਾਰ ਇਸ ਭੰਬਲਭੂਸੇ ਵਿਚ ਫਸਿਆ ਰਹਿੰਦਾ ਹੈ। ਸਾਡੇ ਦੇਸ਼ ਵਿਚ ਬੋਲਣ ਦੀ ਆਜ਼ਾਦੀ ਨਾਲ ਸਬੰਧਤ ਬਹੁਤ ਸਾਰੇ ਕਾਨੂੰਨ ਮੌਜੂਦ ਹਨ ਅਤੇ ਏਕਤਾ ਅਤੇ ਸ਼ਾਂਤੀ ਨੂੰ ਭੰਗ ਕਰਨ ਵਾਲੇ ਬਿਆਨਾਂ ਉੱਤੇ ਪਾਬੰਦੀ ਹੈ। ਇਨ੍ਹਾਂ ਕਾਨੂੰਨਾਂ ਦੀ ਵਰਤੋਂ ਅਤੇ ਦੁਰਵਰਤੋਂ ਦੋਵਾਂ ਦੀ ਚਰਚਾ ਹੁੰਦੀ ਰਹਿੰਦੀ ਹੈ। ਅਜਿਹੀ ਕਿਸੇ ਵੀ ਚੀਜ਼, ਕੰਮ ਜਾਂ ਭਾਵਨਾ ਨੂੰ ਪ੍ਰਸਾਰਿਤ ਕਰਨਾ, ਭਾਵੇਂ ਬੋਲਿਆ, ਲਿਖਤੀ ਜਾਂ ਵਿਜ਼ੂਅਲ ਮਾਧਿਅਮਾਂ ਰਾਹੀਂ, ਜਿਸ ਨਾਲ ਹਿੰਸਾ ਭੜਕਾਉਣ, ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਜਾਂ ਧਰਮ, ਨਸਲ, ਜਨਮ ਸਥਾਨ ਜਾਂ ਭਾਸ਼ਾ ਦੇ ਆਧਾਰ 'ਤੇ ਕਿਸੇ ਸਮੂਹ ਜਾਂ ਭਾਈਚਾਰੇ ਵਿਚਕਾਰ ਦੁਸ਼ਮਣੀ ਪੈਦਾ ਕਰਨ ਦੀ ਸੰਭਾਵਨਾ ਹੋਵੇ, ਇਹ ਨਫ਼ਰਤ ਵਾਲੇ ਭਾਸ਼ਣ ਦੇ ਅਧੀਨ ਆਉਂਦਾ ਹੈ।

ਸਹਿਣਸ਼ੀਲਤਾ ਅਤੇ ਅਸਹਿਣਸ਼ੀਲਤਾ ਦੇ ਰੌਲੇ ਦਰਮਿਆਨ ਇਹ ਮਾਮਲਾ ਹੋਰ ਵੀ ਅਹਿਮ ਹੋ ਜਾਂਦਾ ਹੈ ਕਿਉਂਕਿ ਸਮੱਸਿਆ ਦੀ ਜੜ੍ਹ ਇਹ ਹੈ ਕਿ ਜਨਤਾ ਅਤੇ ਨੇਤਾ ਕਿਸੇ ਦੀ ਗੱਲ ਨੂੰ ਬਰਦਾਸ਼ਤ ਕਰ ਸਕਦੇ ਹਨ ਜਾਂ ਨਹੀਂ। ਕੀ ਕਿਸੇ ਦੀ ਗੱਲ ਬਰਦਾਸ਼ਤ ਨਾ ਹੋਣ 'ਤੇ ਹਿੰਸਾ ਭੜਕ ਸਕਦੀ ਹੈ, ਇਸ ਲਈ ਕਾਨੂੰਨ ਰਾਹੀਂ ਸਜ਼ਾ ਦੇ ਕੇ ਬਿਆਨਬਾਜ਼ੀ 'ਤੇ ਕਾਬੂ ਪਾਉਣਾ ਜ਼ਰੂਰੀ ਹੈ। ਜਾਂ ਹਰ ਕਿਸੇ ਨੂੰ ਆਪਣੇ ਮਨ ਦੀ ਗੱਲ ਕਹਿਣ ਦੀ ਆਜ਼ਾਦੀ ਹੈ, ਇਸ ਪੱਖੋਂ ਕਾਨੂੰਨ ਦੀ ਕੋਈ ਬੰਦਿਸ਼ ਨਹੀਂ ਹੋਣੀ ਚਾਹੀਦੀ। ਸਮਾਜ ਵਿਚ ਅਨੁਚਿਤ ਪ੍ਰਥਾਵਾਂ ਵਿਤਕਰੇ ਵਾਲੀਆਂ ਸੰਸਥਾਵਾਂ, ਢਾਂਚੇ ਅਤੇ ਨਿਯਮਾਂ ਨੂੰ ਪੈਦਾ ਕਰਦੀਆਂ ਹਨ, ਜੋ ਅਸਮਾਨ ਸਮਾਜਿਕ ਸਬੰਧਾਂ ਨੂੰ ਪ੍ਰਮਾਣਿਤ ਅਤੇ ਕਾਇਮ ਰੱਖਦੇ ਹਨ। ਇਸ ਨਾਲ ਕੁਝ ਲੋਕ ਦੂਜਿਆਂ ਨੂੰ ਘਟੀਆ ਅਤੇ ਘੱਟ ਸਤਿਕਾਰ ਦੇ ਯੋਗ ਸਮਝਦੇ ਹਨ। ਫਿਰਕੂ ਏਜੰਟ ਅਕਸਰ ਚੋਣ ਲਾਭ ਲਈ ਧਰਮ ਦੇ ਨਾਂ 'ਤੇ ਲੋਕਾਂ ਦਾ ਧਰੁਵੀਕਰਨ ਕਰਨ ਲਈ ਨਫ਼ਰਤ ਭਰੇ ਭਾਸ਼ਣ ਦੀ ਵਰਤੋਂ ਕਰਦੇ ਹਨ। ਫਿਰਕੂ ਨਫ਼ਰਤ ਵਾਲੇ ਭਾਸ਼ਣਾਂ ਕਾਰਨ, ਭਾਰਤ ਵਿਚ ਕਈ ਦੰਗੇ ਹੋਏ ਹਨ। ਸੋਸ਼ਲ ਮੀਡੀਆ ਪਲੇਟਫਾਰਮਾਂ ਦੀ ਰੇਂਜ ਅਤੇ ਗੁਮਨਾਮਤਾ ਉਨ੍ਹਾਂ ਨੂੰ ਦੁਰਵਿਵਹਾਰ ਲਈ ਕਮਜ਼ੋਰ ਬਣਾਉਂਦੀ ਹੈ। ਔਨਲਾਈਨ ਪਲੇਟਫਾਰਮਾਂ 'ਤੇ ਜਾਅਲੀ ਖ਼ਬਰਾਂ ਅਫਵਾਹਾਂ ਫੈਲਾਉਣ ਅਤੇ ਨਫ਼ਰਤ ਭਰੇ ਭਾਸ਼ਣ ਦੀਆਂ ਵਧਦੀਆਂ ਘਟਨਾਵਾਂ ਨੂੰ ਜਨਮ ਦਿੰਦੀਆਂ ਹਨ।

ਬਦਲੇ ਦੇ ਡਰ ਜਾਂ ਗੰਭੀਰਤਾ ਨਾਲ ਨਾ ਲਏ ਜਾਣ ਦੇ ਡਰੋਂ ਪੀੜਤ ਘੱਟ ਹੀ ਅਧਿਕਾਰੀਆਂ ਨੂੰ ਘਟਨਾਵਾਂ ਦੀ ਰਿਪੋਰਟ ਕਰਦੇ ਹਨ। ਮਾਮਲੇ ਸਾਹਮਣੇ ਆਉਣ 'ਤੇ ਵੀ ਅਧਿਕਾਰੀਆਂ ਵੱਲੋਂ ਸਮੇਂ ਸਿਰ ਕਾਰਵਾਈ ਨਾ ਕੀਤੇ ਜਾਣ ਕਾਰਨ ਮਕਸਦ ਖਤਮ ਹੋ ਜਾਂਦਾ ਹੈ। ਭਾਰਤ ਵਿਚ, ਭਾਰਤੀ ਦੰਡ ਵਿਧਾਨ ਦੀਆਂ ਧਾਰਾਵਾਂ 153 ਅਤੇ 505 ਮੁੱਖ ਉਪਬੰਧ ਹਨ, ਜੋ ਨਫ਼ਰਤ ਭਰੇ ਭਾਸ਼ਣ ਅਤੇ ਪ੍ਰਗਟਾਵੇ ਨਾਲ ਨਜਿੱਠਦੇ ਹਨ, ਜੋ 'ਨਫ਼ਰਤ ਵਾਲੇ ਭਾਸ਼ਣ' ਨੂੰ ਸਜ਼ਾ ਦੇਣ ਦੀ ਕੋਸ਼ਿਸ਼ ਕਰਦੇ ਹਨ। ਨਫ਼ਰਤ ਭਰੇ ਭਾਸ਼ਣ ਨਾਲ ਨਜਿੱਠਣ ਲਈ ਵੱਖਰੇ ਕਾਨੂੰਨ ਦੀ ਅਣਹੋਂਦ ਨੇ ਮੌਜੂਦਾ ਖਾਮੀਆਂ ਦੀ ਦੁਰਵਰਤੋਂ ਕੀਤੀ ਹੈ। 2017 ਵਿਚ, ਕਮੇਟੀ ਨੇ ਔਨਲਾਈਨ ਨਫ਼ਰਤ ਵਾਲੇ ਭਾਸ਼ਣ ਨੂੰ ਰੋਕਣ ਲਈ ਸਖ਼ਤ ਕਾਨੂੰਨਾਂ ਦੀ ਸਿਫ਼ਾਰਸ਼ ਕਰਨ ਵਾਲੀ ਇੱਕ ਰਿਪੋਰਟ ਪੇਸ਼ ਕੀਤੀ। ਹਰੇਕ ਰਾਜ ਵਿਚ ਇੱਕ ਰਾਜ ਸਾਈਬਰ ਅਪਰਾਧ ਕੋਆਰਡੀਨੇਟਰ ਹੋਣਾ ਚਾਹੀਦਾ ਹੈ, ਜੋ ਪੁਲਿਸ ਦੇ ਇੰਸਪੈਕਟਰ ਜਨਰਲ ਦੇ ਰੈਂਕ ਤੋਂ ਹੇਠਾਂ ਦਾ ਅਧਿਕਾਰੀ ਨਹੀਂ ਹੋਣਾ ਚਾਹੀਦਾ ਹੈ। ਹਰੇਕ ਜ਼ਿਲ੍ਹੇ ਵਿਚ ਇੱਕ ਜ਼ਿਲ੍ਹਾ ਸਾਈਬਰ ਕ੍ਰਾਈਮ ਸੈੱਲ ਹੋਣਾ ਚਾਹੀਦਾ ਹੈ। ਇਸ ਵਿਚ 5,000 ਰੁਪਏ ਜੁਰਮਾਨੇ ਦੇ ਨਾਲ ਦੋ ਸਾਲ ਤੱਕ ਦੀ ਕੈਦ ਦੀ ਤਜਵੀਜ਼ ਹੈ। ਲਾਅ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਨੂੰ ਲਾਗੂ ਕਰਨਾ: ਲਾਅ ਕਮਿਸ਼ਨ ਨੇ ਆਪਣੀ 267ਵੀਂ ਰਿਪੋਰਟ ਵਿਚ ਆਈ.ਪੀ.ਸੀ. ਦੀ ਧਾਰਾ 153(ਬੀ) ਦੇ ਤਹਿਤ 'ਕੁਝ ਮਾਮਲਿਆਂ ਵਿਚ ਨਫ਼ਰਤ ਅਤੇ ਡਰ, ਅਲਾਰਮ ਜਾਂ ਹਿੰਸਾ ਨੂੰ ਭੜਕਾਉਣ 'ਤੇ ਪਾਬੰਦੀ' 'ਤੇ ਆਈ.ਪੀ.ਸੀ. ਦੀ ਧਾਰਾ 505 ਤਹਿਤ ਨਵੇਂ ਉਪਬੰਧ ਕਰਨ ਦਾ ਸੁਝਾਅ ਦਿੱਤਾ ਹੈ। ਧਾਰਾਵਾਂ ਜੋੜ ਕੇ ਭਾਰਤੀ ਦੰਡ ਵਿਧਾਨ ਵਿਚ ਸੋਧਾਂ।

ਗੱਲਬਾਤ, ਵਿਚੋਲਗੀ ਅਤੇ ਸਾਲਸੀ ਦੁਆਰਾ ਨਫ਼ਰਤ ਭਰੇ ਭਾਸ਼ਣ ਦੀ ਸਮੱਸਿਆ ਨੂੰ ਹੱਲ ਕਰਨ ਦਾ ਇਹ ਇੱਕ ਬਿਹਤਰ ਤਰੀਕਾ ਹੈ। ਭਾਰਤ ਵਿਚ ਸਿੱਖਿਆ ਪ੍ਰਣਾਲੀ ਸਹਿਣਸ਼ੀਲਤਾ, ਹਮਦਰਦੀ ਅਤੇ ਦੂਜਿਆਂ ਲਈ ਸਤਿਕਾਰ ਨੂੰ ਵਧਾਉਣ ਵਿਚ ਮਦਦ ਕਰ ਸਕਦੀ ਹੈ। ਲੋਕਾਂ ਨੂੰ ਵਿਭਿੰਨਤਾ, ਬਹੁਲਵਾਦੀ ਸਮਾਜ ਦੇ ਮਹੱਤਵ ਅਤੇ ਭਾਰਤ ਦੀ ਏਕਤਾ ਵਿਚ ਇਸ ਦੇ ਯੋਗਦਾਨ ਬਾਰੇ ਜਾਗਰੂਕ ਕੀਤਾ ਜਾਣਾ ਚਾਹੀਦਾ ਹੈ। ਸੋਸ਼ਲ ਮੀਡੀਆ ਦੇ ਉਭਾਰ ਨੇ ਨਫ਼ਰਤ ਭਰੇ ਭਾਸ਼ਣ ਦੀ ਰਚਨਾ, ਪੈਕੇਜਿੰਗ ਅਤੇ ਪ੍ਰਸਾਰ ਲਈ ਕਈ ਪਲੇਟਫਾਰਮ ਬਣਾਏ ਹਨ। ਸੁਪਰੀਮ ਕੋਰਟ ਨੇ ਵੀ ਟੀ.ਵੀ. ਬਹਿਸਾਂ 'ਤੇ ਨਫ਼ਰਤ ਭਰੇ ਭਾਸ਼ਣਾਂ 'ਤੇ ਚਿੰਤਾ ਜ਼ਾਹਰ ਕੀਤੀ ਹੈ। ਇਸ ਲਈ ਇਨ੍ਹਾਂ ਮਾਧਿਅਮਾਂ ਨੂੰ ਨਿਯਮਤ ਕਰਨ ਲਈ ਕਦਮ ਚੁੱਕੇ ਜਾਣੇ ਚਾਹੀਦੇ ਹਨ। ਨਫ਼ਰਤ ਭਰਿਆ ਭਾਸ਼ਣ ਲੋਕਤੰਤਰ ਦੇ ਦੋ ਮੁੱਖ ਸਿਧਾਂਤਾਂ ਨੂੰ ਖਤਰੇ ਵਿਚ ਪਾਉਂਦਾ ਹੈ - ਸਾਰਿਆਂ ਲਈ ਬਰਾਬਰ ਸਨਮਾਨ ਦੀ ਗਾਰੰਟੀ ਅਤੇ ਸਮੁੱਚੇ ਜਨਤਕ ਭਲੇ। ਨਫ਼ਰਤ ਭਰੇ ਭਾਸ਼ਣ ਦੁਆਰਾ ਪੈਦਾ ਹੋਣ ਵਾਲੇ ਖ਼ਤਰਿਆਂ ਅਤੇ ਮੀਡੀਆ ਦੁਆਰਾ ਇੱਕ ਆਚਾਰ ਸੰਹਿਤਾ ਨੂੰ ਅਪਣਾਉਣ, ਨਿੱਜੀ ਅਤੇ ਜਨਤਕ ਸੰਸਥਾਵਾਂ ਦੁਆਰਾ ਸਵੈ-ਨਿਯਮ ਅਤੇ ਬਹੁਲਵਾਦ ਦਾ ਆਦਰ ਕਰਨ ਦੀ ਮਹੱਤਤਾ ਬਾਰੇ ਜਨਤਕ ਜਾਗਰੂਕਤਾ ਵਧਾਉਣ ਦੀ ਲੋੜ ਹੈ। 2020 ਵਿਚ, ਨਫ਼ਰਤ ਭਰੇ ਭਾਸ਼ਣ ਦੇ ਮਾਮਲਿਆਂ ਵਿਚ ਦੋਸ਼ੀ ਠਹਿਰਾਉਣ ਦੀ ਦਰ 20.4% ਸੀ। ਜਿਸ ਕਾਰਨ ਪਤਾ ਲੱਗਾ ਹੈ ਕਿ ਕੇਸ ਦਰਜ ਹੋ ਜਾਂਦੇ ਹਨ ਪਰ ਸਜ਼ਾਵਾਂ ਨਹੀਂ ਦਿੱਤੀਆਂ ਜਾਂਦੀਆਂ, ਜਿਸ ਕਾਰਨ ਲੋਕਾਂ ਅੰਦਰ ਡਰ ਦੀ ਭਾਵਨਾ ਪੈਦਾ ਨਹੀਂ ਹੁੰਦੀ ਅਤੇ ਇਸ ਤਰ੍ਹਾਂ ਸਮਾਜਿਕ ਸਦਭਾਵਨਾ ਅਤੇ ਸਮਾਜ ਦੇ ਤਾਣੇ-ਬਾਣੇ ਨਾਲ ਖਿਲਵਾੜ ਕੀਤਾ ਜਾ ਰਿਹਾ ਹੈ।

# 'ਸਿਹਤ ਤੁਹਾਡੇ ਆਪਣੇ ਹੱਥਾਂ ਵਿਚ ਹੈ''

**"ਬਿਮਾਰੀਆਂ ਲਈ ਜ਼ਿੰਮੇਵਾਰ ਕੁਦਰਤ ਦੇ ਨਾਲ-ਨਾਲ ਇਨਸਾਨ ਖੁਦ ਵੀ ਹੈ। 85% ਅਣ-ਹੈਲਦੀ ਖਾਣਪਾਣ ਦੁਨੀਆਂ ਨੂੰ ਰੋਗੀ ਬਣਾ ਰਿਹਾ ਹੈ''- ਅਨਿਲ ਧੀਰ**

ਅਨਿਲ ਧੀਰ
ਬਰੈਂਟਪਨ, ਕੈਨੇਡਾ
647-853-5800
healthmedia1@hotmail.com
(Punjab Mail USA)






ਵਿਸ਼ਵ ਸਿਹਤ ਦਿਵਸ 7 ਅਪ੍ਰੈਲ 2023, ਦੁਨੀਆਂ ਭਰ ਵਿਚ ਥੀਮ "ਇੱਕ ਨਿਰਪੱਖ, ਸਿਹਤਮੰਦ ਸੰਸਾਰ ਦਾ ਨਿਰਮਾਣ ਹੈ, ਜੋ ਸਿਹਤ ਅਸਮਾਨਤਾਵਾਂ ਨੂੰ ਦੂਰ ਕਰਨ ਅਤੇ ਇਹ ਯਕੀਨੀ ਬਣਾਉਣ ਦੇ ਮਹੱਤਵ ਨੂੰ ਉਜਾਗਰ ਕਰਦਾ ਹੈ ਕਿ ਹਰ ਕਿਸੇ ਦੀ ਗੁਣਵੱਤਾ ਸਿਹਤ ਸੇਵਾਵਾਂ ਤੱਕ ਪਹੁੰਚ ਹੈ" ਵਿਸ਼ਵ ਸਿਹਤ ਦਿਵਸ 1948 ਵਿਚ ਵਿਸ਼ਵ ਸਿਹਤ ਸੰਸਥਾ ਦੀ ਸਥਾਪਨਾ ਦੀ ਵਰ੍ਹੇਗੰਢ ਦੀ ਯਾਦ ਵਿਚ ਹਰ ਸਾਲ 7 ਅਪ੍ਰੈਲ ਮਨਾਇਆ ਜਾਂਦਾ ਹੈ। ਲਗਾਤਾਰ ਵੱਧ ਰਹੀਆਂ ਬਿਮਾਰੀਆਂ ਨੂੰ ਕੰਟਰੋਲ ਕਰਨ ਲਈ ਜਨਤਕ ਸਿਹਤ ਲਈ ਹਰ ਸਾਲ ਵਿਸ਼ਵ ਸਿਹਤ ਦਾ ਇੱਕ ਵੱਖਰਾ ਥੀਮ ਰੱਖਿਆ ਜਾਂਦਾ ਹੈ, ਜਿਸ ਨਾਲ ਕਮਿਊਨਿਟੀ, ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਲੋਕਾਂ ਨੂੰ ਅਵੇਅਰ ਕੀਤਾ ਜਾਂਦਾ ਹੈ। ਦੁਨੀਆਂ ਭਰ 'ਚ ਮੌਸਮ ਮੁਤਾਬਿਕ ਆਊਟਡੋਰ ਐਕਟੀਵਿਟੀ ਹਾਈਕਿੰਗ, ਸਾਈਕਲਿੰਗ ਅਤੇ ਤੇਜ਼ ਰਨਿੰਗ ਲਈ ਉਤਸਾਹਿਤ ਕੀਤਾ ਜਾ ਰਿਹਾ ਹੈ।

ਵਿਸ਼ਵ ਭਰ ਵਿਚ ਮਹਾਂਮਾਰੀ ਕੋਵਿਡ-19 ਸਮੇਤ ਕਈ ਵੇਰੀਐਂਟਸ ਇੱਕ ਚੈਲੇਂਜ਼ ਦੇ ਤੌਰ 'ਤੇ ਸਾਹਮਣੇ ਆਏ ਹਨ। ਕੀ ਅਸੀਂ ਅਜਿਹੀ ਦੁਨੀਆਂ ਦੀ ਮੁੜ ਕਲਪਨਾ ਕਰ ਸਕਦੇ ਹਾਂ, ਜਿੱਥੇ ਸਾਫ ਹਵਾ, ਸਾਫ ਭੋਜਨ ਸਾਰਿਆਂ ਲਈ ਉਪਲਵਧ ਹੋਵੇ? ਸਾਰਿਆਂ ਦੀ ਸਿਹਤ ਮੁਮਕਿਨ ਹੈ, ਜੇ ਹਰ ਆਦਮੀ ਨੂੰ ਖਾਣ-ਪੀਣ ਲਈ ਬਿਨਾ ਮਿਲਾਵਟ ਖੁਰਾਕ, ਸਾਫ ਪਾਣੀ ਅਤੇ ਸਾਹ ਲੈਣ ਲਈ ਪ੍ਰਦੂਸ਼ਨ ਰਹਿਤ ਹਵਾ ਮਿਲੇ। ਵਿਸ਼ਵ ਭਰ ਵਿਚ ਕਈ ਮਿਲੀਅਨ ਲੋਕ ਜਾਣੇ-ਪਛਾਣੇ ਪਰਹੇਜ਼ਯੋਗ ਵਾਤਾਵਰਣ ਦੇ ਖਤਰੇ ਕਰਕੇ ਅਚਾਨਕ ਮੌਤਾਂ ਦੇ ਸ਼ਿਕਾਰ ਹੋ ਰਹੇ ਹਨ। ਹਾਲਾਂਕਿ ਅਮਰੀਕਾ ਵਿਚ ਵਾਤਾਵਰਣ ਸੁਰੱਖਿਆ, ਆਰਥਿਕ ਵਿਕਾਸ ਅਤੇ ਸਿਹਤ ਸੇਵਾਵਾਂ ਵਿਚ ਸੁਧਾਰ ਹੋਣ ਨਾਲ ਲੋਕਾਂ ਦੀ ਸਿਹਤ ਵਿਚ ਸੁਧਾਰ ਹੋਇਆ ਹੈ।


## ਆਪਣਾ ਖਿਆਲ ਰੱਖੋ :

- ਲੰਬੀ ਜ਼ਿੰਦਗੀ ਜੀਊਣ ਲਈ, ਸਰੀਰਕ-ਮਾਨਸਿਕ ਬਿਮਾਰੀਆਂ ਦੇ ਜ਼ੋਖਮ ਨੂੰ ਘਟਾਓਣ ਲਈ ਦੁਨੀਆਂ ਦੇ ਹਰ ਆਦਮੀ ਨੂੰ ਆਪਣੇ ਲਾਈਫ ਸਟਾਇਲ ਵਿਚ ਤਬਦੀਲ਼ੀ ਕਰਨ ਦੀ ਲੋੜ ਹੈ।
- ਪ੍ਰਦੂਸ਼ਨ ਕਾਰਨ ਮਿੱਟੀ-ਘੱਟੇ ਨਾਲ ਵੱਧ ਰਹੀ ਸਾਹ, ਅੱਖਾਂ ਤੇ ਚਮੜੀ ਦੇ ਰੋਗ ਲਗਾਤਾਰ ਵੱਧ ਰਹੇ ਹਨ। ਘਰ ਤੋਂ ਬਾਹਰ ਸਾਹ ਰੋਗ ਤੋਂ ਬਚਣ ਲਈ ਹਮੇਸ਼ਾ ਮਾਸਕ ਵਰਤੋ। ਅੱਖਾਂ ਲਈ ਚੰਗੇ ਸਨ-ਗਲਾਸ ਇਸਤੇਮਾਲ ਕਰੋ।
- ਦੂਸ਼ਿਤ ਪਾਣੀ ਦੇ ਰੋਗਾਂ ਤੋਂ ਬਚਾਅ ਲਈ ਘਰ ਵਿਚ ਤਾਜ਼ਾ ਪੁਦੀਨਾ, 1 ਪਤੀਲਾ ਪਾਣੀ ਉਬਾਲੋ, ਅੱਧਾ ਰਹਿ ਜਾਣ 'ਤੇ ਦਿਨ ਭਰ ਪੀਂਦੇ ਰਹੋ। ਡੇਲੀ ਤਾਜ਼ਾ ਪੁਦੀਨਾ-ਪਾਣੀ ਬਣਾਓ।
- 2-4 ਘੰਟੇ ਘਰ ਤੋਂ ਬਾਹਰ ਰਹਿਣ ਵਾਲੇ ਸੌਣ ਤੋਂ ਪਹਿਲਾਂ ਗਰਮ ਪਾਣੀ ਦੁਆਰਾ ਸਟੀਮ ਜ਼ਰੂਰ ਲਵੋ। ਇਸ ਨਾਲ ਨਥੁਨੇ ਖੁੱਲ੍ਹ ਜਾਣ ਨਾਲ ਚੰਗੀ ਨੀਂਦ ਆਵੇਗੀ।
- ਸਾਹ ਦੀ ਬਿਮਾਰੀ ਅਤੇ ਫੇਫੜਿਆਂ ਨੂੰ ਤਾਕਤ ਦੇਣ ਲਈ ਰੋਜ਼ਾਨਾ 15 ਮਿੰਟ ਲੰਬਾ ਸਾਹ ਲੈਣ ਤੇ ਛੱਡਣ ਦਾ ਅਭਿਆਸ ਜ਼ਰੂਰ ਕਰੋ। ਪਹਿਲਾਂ ਸੱਜੇ ਨਥੁਨੇ ਨੂੰ ਅੰਗੂਠੇ ਨਾਲ ਅਤੇ ਫਿਰ ਖੱਬੇ ਨਥੁਨੇ ਨੂੰ ਅੰਗੂਠੇ ਨਾਲ ਕਵਰ ਕਰਕੇ ਸਾਹ ਲਵੋ ਤੇ ਛੱਡੋ।
- ਸਟ੍ਰੈਸ ਘੱਟ ਕਰਨ ਲਈ ਵਕਤ ਦੇ ਮੁਤਾਬਿਕ ਦਿਨ ਵਿਚ 20 ਮਿੰਟ ਜੰਕ ਮੇਲ ਚੈਕ ਤੇ ਗਾਰਬੇਜ ਕਰਨ ਦੇ ਨਾਲ, ਘਰ ਦੇ ਦਰਵਾਜ਼ੇ, ਕਿਚਨ ਤੇ ਕਮਰੇ ਦੇ ਡਰਾਜ, ਫਰਿਜ, ਵਿੰਡੋਜ਼ ਦੇ ਨੋਬ-ਹੈਂਡਲ ਸੈਨੀਟਾਈਜਰ ਨਾਲ ਕਲੀਨ ਕਰੋ।
- ਗਰਮ ਮੌਸਮ ਵਿਚ ਡੀਹਾਈਡ੍ਰੇਸ਼ਨ, ਕਬਜ਼, ਚੱਕਰ ਆਉਣੇ, ਸਿਰ-ਪੀੜ ਵਰਗੀ ਕੰਡੀਸ਼ਨ ਲਈ ਸਾਦਾ ਪਾਣੀ ਰੋਜ਼ਾਨਾ 8-10 ਗਿਲਾਸ ਪੀਓ ਅਤੇ ਕੰਮ ਦੌਰਾਨ ਆਪਣੀ ਪਾਣੀ ਦੀ ਬੋਤਲ ਖਾਲੀ ਨਾ ਹੋਣ ਦਿਓ। ਛੋਟੇ ਬੱਚਿਆਂ ਨੂੰ ਪਾਣੀ ਪਿਲਾਉਣ ਲਈ ਖਿਆਲ ਮਾਂ-ਬਾਪ ਖੁਦ ਰੱਖਣ।
- ਸਵੇਰੇ ਜਾਗਦੇ ਹੀ ਬਿਨਾ ਕੁੱਲਾ ਕੀਤੇ ਰਾਤ ਦਾ ਤਾਂਬੇ ਦੇ ਭਾਂਡੇ ਵਿਚ ਰੱਖਿਆ ਪਾਣੀ ਇਸਤੇਮਾਲ ਕਰਨ ਨਾਲ ਹਾਜ਼ਮਾ ਠੀਕ ਰਹਿੰਦਾ ਹੈ। ਕਸਰਤ ਤੇ ਸੈਰ ਸ਼ੁਰੂ ਕਰਨ ਤੋਂ ਪਹਿਲਾਂ ਗ੍ਰੀਨ-ਟੀ ਜਾਂ ਬਿਨਾ ਦੁੱਧ ਬਲੈਕ ਟੀ ਪੀਣ ਨਾਲ ਸਰੀਰ ਨੂੰ ਐਨਰਜੀ ਮਿਲਦੀ ਹੈ। ਵੱਧ ਕੋਲੋਸਟ੍ਰੋਲ ਵਾਲੇ ਫਾਇਦਾ ਲੈ ਸਕਦੇ ਹਨ।
- ਥੱਕ ਜਾਣ ਦੀ ਹਾਲਤ ਵਿਚ ਆਰਾਮ ਕਰੋ ਤੇ ਨੀਂਦ ਪੂਰੀ ਲਵੋ। ਬੈੱਡ 'ਤੇ ਜਾਣ ਦੇ ਵੇਲੇ ਇੱਕ ਘੰਟਾ ਪਹਿਲਾਂ ਲੈਪਟੋਪ, ਸੈੱਲ ਫੋਨ ਤੇ ਲਾਈਟਾਂ ਬੰਦ ਕਰ ਦਿਓ, ਕਿਉਂਕਿ ਇਹ ਡਿਸਟਰਬੈਂਸ ਸਰੀਰ ਅੰਦਰ ਮੇਲਾਟੋਨਿਨ ਹਾਰਮੋਨ ਨੀਂਦ ਘਟਾ ਸਕਦਾ ਹੈ। ਕੋਸ਼ਿਸ਼ ਕਰੋ ਵਕਤ 'ਤੇ ਬੈਡ 'ਤੇ ਜਾਣ ਦੀ ਅਤੇ ਸਵੇਰੇ ਛੇਤੀ ਜਾਗਣ ਦੀ।
- ਆਪਣੇ ਕੰਮਕਾਜ ਦੇ ਰੂਟੀਨ ਮੁਤਾਬਿਕ ਰੋਜ਼ਾਨਾ ਵਰਕਆਊਟ, ਤੇਜ਼ ਸੈਰ, ਜਾਗਿੰਗ, ਯੋਗਾ ਅਤੇ ਮੈਡੀਟੇਸ਼ਨ ਕਰਨ ਦੀ ਆਦਤ ਪਾ ਲਵੋ।
- ਸਰੀਰ ਨੂੰ ਖੁਰਾਕੀ ਤੱਤ ਦੇਣ ਅਤੇ ਫਰੈਸ਼ ਸਬਜ਼ੀਆਂ ਲਈ ਆਪਣੇ ਗਾਰਡਨ ਵਿਚ ਉਗਾਓ, ਖਾਓ ਤੇ ਤੰਦਰੁਸਤ ਬਣੋ। ਫਰੋਜ਼ਨ ਵਸਤਾਂ ਦਾ ਇਸਤੇਮਾਲ ਘੱਟ ਕਰੋ।
- ਭੁੱਖ ਲਗਣ 'ਤੇ ਹੀ ਕੁੱਝ ਖਾਓ, ਸੰਤੁਸ਼ਟੀ ਹੋ ਜਾਣ 'ਤੇ ਖਾਣਾ-ਪੀਣਾ ਬੰਦ ਕਰ ਦਿਓ। ਜ਼ਰੂਰਤ ਤੋਂ ਵੱਧ ਖਾਣਾ-ਪੀਣਾ ਬਿਮਾਰੀਆਂ ਨੂੰ ਸੱਦਾ ਦੇਣਾ ਹੈ। ਆਪਣੇ ਸਰੀਰ ਨਾਲ ਪਿਆਰ ਅਤੇ ਕੇਅਰ ਕਰੋ।

# ਆਵਾਰਾ ਕੁੱਤੇ ਜਾਨ ਦੇ ਦੁਸ਼ਮਣ ਬਣ ਗਏ ਹਨ



ਪ੍ਰਿਅੰਕਾ ਸੌਰਭ
ਰਾਜਨੀਤੀ ਵਿਗਿਆਨ ਵਿਚ ਖੋਜ ਵਿਦਵਾਨ,
ਹਿਸਾਰ, (ਹਰਿਆਣਾ)
ਮੋ : 70153-75570
(Punjab Mail USA)



ਮਨੁੱਖਾਂ ਦੇ ਵਿਕਾਸ ਨਾਲ ਕੁੱਤਿਆਂ ਦਾ ਸਾਥ ਦਾ ਅਨੋਖਾ ਰਿਸ਼ਤਾ ਰਿਹਾ ਹੈ।

ਇਹ ਮਨੁੱਖਾਂ ਦੀ ਭਲਾਈ ਲਈ ਜ਼ਿੰਮੇਵਾਰ ਹੋਣ ਦੀ ਨੈਤਿਕ ਦੁਬਿਧਾ ਪੈਦਾ ਕਰਦਾ ਹੈ, ਪਰ ਇਸਦੇ ਆਪਣੇ ਖ਼ਤਰੇ ਵੀ ਹਨ ਕਿਉਂਕਿ ਕੁੱਤਿਆਂ ਦਾ ਵਿਕਾਸ ਬਘਿਆੜਾਂ ਅਤੇ ਉਨ੍ਹਾਂ ਦੀਆਂ ਪ੍ਰਵਿਰਤੀਆਂ ਨਾਲ ਜੁੜਿਆ ਹੋਇਆ ਹੈ। ਇਹ ਭਾਰਤ ਲਈ ਇੱਕ ਅਣਸੁਲਝੀ ਸਮੱਸਿਆ ਹੋ ਸਕਦੀ ਹੈ, ਪਰ ਬਾਕੀ ਦੁਨੀਆਂ ਦੇ ਜ਼ਿਆਦਾਤਰ ਦੇਸ਼ਾਂ ਨੇ ਅਵਾਰਾ ਪਸ਼ੂਆਂ ਦੇ ਅਧਿਕਾਰਾਂ ਨੂੰ ਮਾਨਤਾ ਨਹੀਂ ਦਿੱਤੀ ਹੈ। ਜੇਕਰ ਅਜਿਹੇ ਜਾਨਵਰਾਂ ਨੂੰ ਪੱਟੇ ’ਤੇ ਰੱਖਿਆ ਜਾਂਦਾ ਹੈ ਅਤੇ ਰਜਿਸਟਰ ਕੀਤਾ ਜਾਂਦਾ ਹੈ, ਤਾਂ ਪਾਲਕ ਉਨ੍ਹਾਂ ਦੀ ਦੇਖਭਾਲ ਕਰਨ ਲਈ ਪਾਬੰਦ ਹਨ। ਜੇਕਰ ਅਜਿਹਾ ਨਹੀਂ ਹੈ, ਤਾਂ ਆਖਰੀ ਉਪਾਅ ਵਜੋਂ ਰਾਜ ਜਨਤਕ ਸਿਹਤ ਦੇ ਹਿੱਤ ਵਿਚ ਉਨ੍ਹਾਂ ਨੂੰ ਮਾਰਨ ਲਈ ਪਾਬੰਦ ਹੈ। ਅਵਾਰਾ ਕੁੱਤਿਆਂ ਨੂੰ ਜਾਨਵਰਾਂ ਲਈ ਬੇਰਹਿਮੀ ਦੀ ਰੋਕਥਾਮ ਐਕਟ, 1960 ਅਤੇ ਐਕਟ ਦੀ ਧਾਰਾ 38, ਖਾਸ ਤੌਰ ’ਤੇ ਐਨੀਮਲ ਬਰਥ ਕੰਟਰੋਲ (ਕੁੱਤੇ) ਨਿਯਮ, 2001 ਦੇ ਅਧੀਨ ਬਣਾਏ ਗਏ ਨਿਯਮਾਂ ਦੇ ਤਹਿਤ ਸੁਰੱਖਿਅਤ ਕੀਤਾ ਜਾਂਦਾ ਹੈ। ਇਹ ਕਿਸੇ ਵੀ ਵਿਅਕਤੀ, ਆਰ.ਡਬਲਯੂ.ਏ., ਜਾਂ ਸੰਪਤੀ ਪ੍ਰਬੰਧਨ ਲਈ ਕੁੱਤਿਆਂ ਨੂੰ ਹਟਾਉਣਾ ਜਾਂ ਉਨ੍ਹਾਂ ਨੂੰ ਤਬਦੀਲ ਕਰਨਾ ਗੈਰ-ਕਾਨੂੰਨੀ ਬਣਾਉਂਦਾ ਹੈ। ਸਾਰੇ ਅਵਾਰਾ ਕੁੱਤਿਆਂ ਵਿਚੋਂ ਸਿਰਫ਼ 15% ਦਾ ਟੀਕਾਕਰਨ ਕੀਤਾ ਗਿਆ ਹੈ। ਭਾਰਤ ਦੀ ਅਵਾਰਾ ਆਬਾਦੀ ਬਹੁਤ ਵੱਡੀ ਹੈ, ਗੋਦ ਲੈਣਾ ਹੌਲੀ ਅਤੇ ਸੀਮਤ ਹੈ ਕਿਉਂਕਿ ਬਹੁਤ ਸਾਰੇ ਲੋਕ ਸਿਰਫ ਵਿਦੇਸ਼ੀ ਨਸਲ ਦੇ ਕੁੱਤੇ ਚਾਹੁੰਦੇ ਹਨ।


ਪ੍ਰੀਵੈਨਸ਼ਨ ਆਫ ਕਰੂਏਲਟੀ ਟੂ ਐਨੀਮਲਜ਼ ਐਕਟ ਅਤੇ ਐਨੀਮਲ ਬਰਥ ਕੰਟਰੋਲ (ਡੌਗਜ਼) ਨਿਯਮ, 2001 (ਅਪਡੇਟ ਕੀਤੇ ਜਾ ਰਹੇ) ਦਾ ਉਦੇਸ਼ ਅਵਾਰਾ ਪਸ਼ੂਆਂ ਦੀ ਆਬਾਦੀ ਨੂੰ ਸੀਮਤ ਕਰਨਾ ਹੈ ਪਰ ਜਨਤਕ ਸੁਰੱਖਿਆ ਨੂੰ ਬਿਹਤਰ ਬਣਾਉਣ ਲਈ ਬਹੁਤ ਘੱਟ ਕਰਨਾ ਹੈ। ਪ੍ਰਸਤਾਵਿਤ ਡਰਾਫਟ ਨਿਯਮ, ਜਾਂ ਪਸ਼ੂ ਜਨਮ ਨਿਯੰਤਰਣ ਨਿਯਮ, 2022, ਨਸਬੰਦੀ ਅਤੇ ਟੀਕਾਕਰਨ ਵਿਚ ਸਿਰਫ ਪ੍ਰਕਿਰਿਆਤਮਕ ਤਬਦੀਲੀਆਂ ਨੂੰ ਅੱਗੇ ਪਾਉਂਦੇ ਹਨ, ਸਿਰਫ “ਅਸਥਾਈ ਤੌਰ ’ਤੇ ਬੀਮਾਰ ਅਤੇ ਘਾਤਕ ਜ਼ਖਮੀ” ਕੁੱਤਿਆਂ ਨੂੰ ਮਾਰਨ ਦੀ ਇਜਾਜ਼ਤ ਦਿੰਦੇ ਹਨ, ਅਤੇ ਨਿਵਾਸੀ ਭਲਾਈ ਐਸੋਸੀਏਸ਼ਨਾਂ ਨੂੰ ਆਪਣੇ ਇਲਾਕਿਆਂ ਵਿਚ ਆਪਣੇ ਕੇਸ ਦਰਜ ਕਰਨ ਦੀ ਮੰਗ ਕਰਦੇ ਹਨ। ਪੀ.ਸੀ.ਏ. ਅਤੇ ਏ.ਬੀ.ਸੀ. ਨਿਯਮ ਮੰਨਦੇ ਹਨ ਕਿ ਬੇਕਾਬੂ ਆਵਾਰਾ ਕੁੱਤਿਆਂ ਨੂੰ ਰੋਕਿਆ ਜਾਣਾ ਚਾਹੀਦਾ ਹੈ, ਹਾਲਾਂਕਿ ਇਹ ਸਮੱਸਿਆ ਦੀ ਤੀਬਰਤਾ ਲਈ ਲੇਖਾ ਨਹੀਂ ਕਰਦਾ ਕਿਉਂਕਿ ਹਰ 100 ਭਾਰਤੀਆਂ ਲਈ ਲਗਭਗ ਇੱਕ ਅਵਾਰਾ ਜਾਨਵਰ ਹੈ। ਲਗਭਗ 21,000, ਭਾਰਤ ਵਿਚ ਰੈਬੀਜ਼ ਨਾਲ ਹੋਣ ਵਾਲੀਆਂ ਮੌਤਾਂ ਵਿਚੋਂ ਇੱਕ ਤਿਹਾਈ ਤੋਂ ਵੱਧ ਮੌਤਾਂ ਹੁੰਦੀਆਂ ਹਨ। ਪਿਛਲੇ ਪੰਜ ਸਾਲਾਂ ਤੋਂ, 300 ਤੋਂ ਵੱਧ ਲੋਕ - ਜ਼ਿਆਦਾਤਰ ਗਰੀਬ ਅਤੇ ਪੇਂਡੂ ਪਰਿਵਾਰਾਂ ਦੇ ਬੱਚੇ - ਕੁੱਤਿਆਂ ਦੁਆਰਾ ਮਾਰਿਆ ਜਾ ਚੁੱਕਾ ਹੈ। 2017 ਦੇ ਇੱਕ ਅਧਿਐਨ ਨੇ ਦਿਖਾਇਆ ਹੈ ਕਿ ਪੇਂਡੂ ਖੇਤਰਾਂ ਵਿਚ ਆਵਾਰਾ ਕੁੱਤੇ ਵੀ ਜੰਗਲੀ ਜੀਵਣ ਲਈ ਵਿਨਾਸ਼ਕਾਰੀ ਹੋ ਸਕਦੇ ਹਨ। 80 ਤੋਂ ਵੱਧ ਕਿਸਮਾਂ, ਜਿਨ੍ਹਾਂ ਵਿਚੋਂ 30 ਤੋਂ ਵੱਧ ਖ਼ਤਰੇ ਦੀ ਸੂਚੀ ਵਿਚ ਹਨ, ਨੂੰ ਉਜਾੜ ਖੇਤਰਾਂ ਵਿਚ ਕੁੱਤਿਆਂ ਦੁਆਰਾ ਨਿਸ਼ਾਨਾ ਬਣਾਇਆ ਗਿਆ ਸੀ। ਕੁੱਤੇ ਜੋ ਇਕੱਲੇ ਹੁੰਦੇ ਹਨ, ਸੜਕ ਦੇ ਪਾਰ ਦੌੜਦੇ ਸਮੇਂ ਦੁਰਘਟਨਾਵਾਂ ਦਾ ਕਾਰਨ ਬਣ ਸਕਦੇ ਹਨ, ਆਪਣੇ ਆਪ ਨੂੰ ਅਤੇ ਹੋਰ ਲੋਕਾਂ ਨੂੰ ਜ਼ਖਮੀ ਕਰ ਸਕਦੇ ਹਨ।

ਆਵਾਰਾ ਕੁੱਤੇ ਕੂੜੇ ਦੇ ਥੈਲੇ ਖੋਲ੍ਹਣ ਦਾ ਆਨੰਦ ਮਾਣਦੇ ਹਨ ਅਤੇ ਇਹ ਕੂੜਾ-ਕਰਕਟ ਨੂੰ ਆਲੇ-ਦੁਆਲੇ ਅਤੇ ਸੜਕ ਦੇ ਆਲੇ-ਦੁਆਲੇ ਦੂਰ-ਦੂਰ ਤੱਕ ਫੈਲਾਉਣ ਦਾ ਕਾਰਨ ਬਣ ਸਕਦੇ ਹਨ। ਅਵਾਰਾ ਕੁੱਤੇ ਭੋਜਨ ਲਈ ਆਸ-ਪਾਸ ਦੇ ਇਲਾਕਿਆਂ ਨੂੰ ਉਜਾੜ ਦੇਣਗੇ ਅਤੇ ਖੁੱਲ੍ਹੇ ਕੂੜੇ ਦੇ ਡੱਬਿਆਂ ਨੂੰ ਤੋੜ ਸਕਦੇ ਹਨ ਅਤੇ ਬਾਗਾਂ ਨੂੰ ਨੁਕਸਾਨ ਪਹੁੰਚਾ ਸਕਦੇ ਹਨ। ਅਵਾਰਾ ਕੁੱਤਿਆਂ ਨੂੰ ਖੁਆਉਣ ਵਾਲੇ ਲੋਕਾਂ ਨੂੰ ਉਨ੍ਹਾਂ ਦੇ ਟੀਕੇ ਲਗਾਉਣ ਲਈ ਜ਼ਿੰਮੇਵਾਰ ਠਹਿਰਾਇਆ ਜਾ ਸਕਦਾ ਹੈ ਅਤੇ ਜੇਕਰ ਕਿਸੇ ’ਤੇ ਜਾਨਵਰ ਦੁਆਰਾ ਹਮਲਾ ਕੀਤਾ ਜਾਂਦਾ ਹੈ, ਤਾਂ ਖਰਚਾ ਝੱਲ ਸਕਦੇ ਹਨ। ਹਰੇਕ ਰੈਜ਼ੀਡੈਂਟ ਵੈੱਲਫੇਅਰ ਐਸੋਸੀਏਸ਼ਨ ਨੂੰ ਪੁਲਿਸ ਡੌਗ ਸਕੁਐਡ ਨਾਲ ਸਲਾਹ-ਮਸ਼ਵਰਾ ਕਰਕੇ “ਗਾਰਡ ਅਤੇ ਕੁੱਤੇ ਦੀ ਭਾਈਵਾਲੀ” ਬਣਾਉਣੀ ਚਾਹੀਦੀ ਹੈ। ਤਾਂ ਜੋ ਕੁੱਤਿਆਂ ਨੂੰ ਸਿਖਲਾਈ ਦਿੱਤੀ ਜਾ ਸਕੇ ਅਤੇ ਫਿਰ ਵੀ ਕਲੋਨੀ ਦੇ ਨਿਵਾਸੀਆਂ ਲਈ ਦੋਸਤਾਨਾ ਹੋ ਸਕਣ। ਨਗਰ ਨਿਗਮਾਂ, ਰੈਜ਼ੀਡੈਂਟਸ ਵੈਲਫੇਅਰ ਐਸੋਸੀਏਸ਼ਨਾਂ ਅਤੇ ਸਥਾਨਕ ਕੁੱਤਿਆਂ ਦੇ ਸਮੂਹਾਂ ਨੂੰ ਪਸ਼ੂਆਂ ਦੇ ਟੀਕਾਕਰਨ ਅਤੇ ਨਸਬੰਦੀ ਦਾ ਧਿਆਨ ਰੱਖਣਾ ਚਾਹੀਦਾ ਹੈ। ਬਿਮਾਰ ਜਾਨਵਰਾਂ, ਹਮਲਾਵਰ ਜਾਨਵਰਾਂ ਨੂੰ ਮੌਤ ਦੇ ਘਾਟ ਉਤਾਰਨਾ ਪੈਂਦਾ ਹੈ। ਪਾਲਤੂ ਜਾਨਵਰਾਂ ਦੇ ਮਾਲਕੀ ਦੇ ਸਖ਼ਤ ਕਾਨੂੰਨਾਂ ਨੂੰ ਲਾਗੂ ਕਰਨਾ, ਲੋਕਾਂ ਨੂੰ ਲਾਪ੍ਰਵਾਹੀ ਨਾਲ ਕੁੱਤਿਆਂ ਨੂੰ ਖੁਆਉਣ ਤੋਂ ਹਰ ਥਾਂ ’ਤੇ ਪਾਬੰਦੀ ਲਗਾਉਣਾ ਅਤੇ ਘਰੇਲੂ ਕੁੱਤਿਆਂ ਲਈ ਸਹੂਲਤਾਂ ਦੀ ਸਥਾਪਨਾ ਕਰਨਾ ਹੀ ਲੰਬੇ ਸਮੇਂ ਦਾ ਹੱਲ ਹੈ।

ਹੋਰ ਸਟਾਫ਼ ਅਤੇ ਫੰਡਾਂ ਦੀ ਸਖ਼ਤ ਲੋੜ ਹੈ। ਨਸਬੰਦੀ ਤੋਂ ਇਲਾਵਾ ਗੋਦ ਲੈਣ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ ਅਤੇ ਸਾਨੂੰ ਇਸ ਸੰਕਟ ਨੂੰ ਮਨੁੱਖੀ ਤੌਰ ’ਤੇ ਹੱਲ ਕਰਨ ਵਿਚ ਮਦਦ ਕਰਨ ਲਈ ਕੁਝ ਹਮਦਰਦੀ ਲੱਭਣੀ ਚਾਹੀਦੀ ਹੈ। ਜਦੋਂ ਤੱਕ ਸੜਕਾਂ ’ਤੇ ਕੁੱਤੇ ਬੇਘਰ ਹਨ, ਲੋਕਾਂ ਅਤੇ ਕੁੱਤਿਆਂ ਵਿਚਕਾਰ ਸਦਭਾਵਨਾ ਵਾਲੇ ਸਹਿ-ਹੋਂਦ ਵਾਲੇ ਰੇਬੀਜ਼ ਮੁਕਤ ਭਾਰਤ ਦਾ ਵਿਚਾਰ ਇੱਕ ਯੂਟੋਪੀਅਨ ਸੁਪਨਾ ਹੋਵੇਗਾ। ਕੁੱਤਿਆਂ ਨੂੰ ਬੇਘਰ ਕਰਨਾ ਕੁੱਤਿਆਂ ਲਈ ਮਾੜਾ, ਲੋਕਾਂ ਲਈ ਬੁਰਾ ਅਤੇ ਜੰਗਲੀ ਜੀਵਾਂ ਲਈ ਬੁਰਾ ਹੈ। ਭਾਰਤ ਵਿਚ ਇਹ ਯਕੀਨੀ ਬਣਾਉਣ ਲਈ ਬੁਨਿਆਦੀ ਢਾਂਚੇ ਅਤੇ ਵਿਧੀਆਂ ਦੀ ਘਾਟ ਹੈ ਕਿ ਕਮਜ਼ੋਰ (ਗਰੀਬ ਅਤੇ ਉਨ੍ਹਾਂ ਦੇ ਬੱਚਿਆਂ) ਤੱਕ ਇਲਾਜ ਤੱਕ ਪਹੁੰਚ ਹੋਵੇ। ਇਸ ਤਰ੍ਹਾਂ ਨਸਬੰਦੀ ਅਤੇ ਟੀਕਾਕਰਨ ਨਾਲ ਕੁੱਤਿਆਂ ਦੀ ਗਿਣਤੀ ਘਟਣ ਦੀ ਉਮੀਦ ਕਰਨਾ ਇੱਕ ਕਲਪਨਾ ਹੈ। ਭਾਰਤ ਨੇ 2030 ਤੱਕ ਰੇਬੀਜ਼ ਨੂੰ ਖ਼ਤਮ ਕਰਨ ਲਈ ਵਚਨਬੱਧਤਾ ਪ੍ਰਗਟਾਈ ਹੈ, ਪਰ ਜਦੋਂ ਤੱਕ ਆਵਾਰਾ ਕੁੱਤਿਆਂ ਦੇ ਖਤਰੇ ਨੂੰ ਸਭ ਤੋਂ ਪਹਿਲਾਂ ਜਨਤਕ ਸਿਹਤ ਲਈ ਖਤਰੇ ਵਜੋਂ ਮਾਨਤਾ ਨਹੀਂ ਦਿੱਤੀ ਜਾਂਦੀ, ਉਦੋਂ ਤੱਕ ਭਾਰਤ ਦੇ ਸਭ ਤੋਂ ਗਰੀਬ ਲੋਕ ਸੁਸਤ ਨਾਅਰਿਆਂ ਦੀ ਬਲੀ ’ਤੇ ਸੁਰੱਖਿਅਤ ਜਨਤਕ ਥਾਵਾਂ ’ਤੇ ਆਪਣੀਆਂ ਜਾਨਾਂ ਦੇ ਹੱਕਾਂ ਤੋਂ ਵਾਂਝੇ ਰਹਿਣਗੇ।

# ਮਹਾਨ ਕ੍ਰਾਂਤੀਕਾਰੀ ਦੇਸ਼ ਭਗਤ : ਕਾਮਰੇਡ ਤੇਜਾ ਸਿੰਘ ਸੁਤੰਤਰ


ਬਲਵਿੰਦਰ ਬਾਲਮ
ਓਂਕਾਰ ਨਗਰ,
ਗੁਰਦਾਸਪੁਰ ਪੰਜਾਬ
ਮੋ. 98156-25409
(Punjab Mail USA)



ਮਹਾਨ ਕ੍ਰਾਂਤੀਕਾਰੀ ਦੇਸ਼ ਭਗਤ ਕਾਮਰੇਡ ਤੇਜਾ ਸਿੰਘ ਸੁੰਤਤਰ ਜੀ ਦਾ ਜਨਮ ਸ. ਕ੍ਰਿਪਾਲ ਸਿੰਘ ਉਰਫ ਦੇਸਾ ਸਿੰਘ ਦੇ ਗ੍ਰਹਿ ਵਿਖੇ 1901 ਵਿਚ ਪਿੰਡ ਅਲੂਣਾ ਜ਼ਿਲ੍ਹਾ ਗੁਰਦਾਸਪੁਰ ਵਿਖੇ ਹੋਇਆ। ਉਨ੍ਹਾਂ ਦੇ ਵੱਡੇ-ਵਡੇਰੇ ਕਿਸਾਨ ਘਰਾਣੇ ਨਾਲ ਸਬੰਧ ਰੱਖਦੇ ਸਨ। ਉਨ੍ਹਾਂ ਦੇ ਪਿਤਾ ਜੀ ਖੁਦ ਕ੍ਰਾਂਤੀਕਾਰੀ ਵਿਚਾਰਾਂ ਦੇ ਮਾਲਿਕ ਸਨ।

ਉਨ੍ਹਾਂ ਦੀ ਜੀਵਨ-ਸ਼ੈਲੀ ਉਚ-ਕੋਟੀ ਦੀ ਸੀ। ਉਨ੍ਹਾਂ ਦੇ ਆਪਣਾ ਸਵਾਸ-ਸਵਾਸ ਦੇਸ਼ ਸੇਵਾ ਦੇ ਲੇਖੇ ਲਾਇਆ। ਉਹ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਖੇ ਪੜ੍ਹੇ। ਜਲ੍ਹਿਆਂ ਵਾਲੇ ਬਾਗ਼ ਦੇ ਖ਼ੂਨੀ ਸਾਕੇ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਨੇ ਅੰਗਰੇਜ਼ਾਂ ਦੇ ਵਿਰੁੱਧ ਅਨੇਕਾਂ ਹੀ ਕ੍ਰਾਂਤੀਕਾਰੀ ਮੁਹਿੰਮਾਂ ਚਲਾਈਆਂ ਤੇ ਕਈ ਜਥੇਬੰਦੀਆਂ ਨੂੰ ਹੋਂਦ ਵਿਚ ਲਿਆਂਦਾ। ਭ੍ਰਿਸ਼ਟਾਚਾਰ, ਮਹੰਤਾਂ ਤੇ ਮਸੰਦਾਂ ਦੇ ਵਿਰੁੱਧ ਡੱਟ ਕੇ ਆਵਾਜ਼ ਉਠਾਈ। ਅਕਾਲੀ ਜਥੇ ਭਰਤੀ ਕੀਤੇ। ਉਹ ਦੇਸ਼ ਪ੍ਰਦੇਸ਼ ਦੇ ਪਰਪੰਕ ਭਾਸ਼ਾਈ ਗਿਆਤਾ ਪ੍ਰਚਾਰਕ ਸਨ। ਅਨੇਕਾਂ ਹੀ ਭਾਸ਼ਾਵਾਂ ਦੇ ਗਿਆਤਾ ਨੇ ਵਿਦੇਸ਼ੀ ਯੂਨੀਵਰਸਿਟੀਆਂ ਤੋਂ ਕਈ ਡਿਗਰੀਆਂ ਹਾਸਿਲ ਕੀਤੀਆਂ। ਉਨ੍ਹਾਂ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਵਿਦੇਸ਼ਾਂ ਵਿਚ ਰਹਿ ਕੇ ਜਹਾਜ਼ ਖ਼ਰੀਦੇ ਤੇ ਤੁਰਕੀ ਆਦਿ ਦੇਸ਼ਾਂ ਦੀ ਫ਼ੌਜ ਵਿਚ ਅਫ਼ਸਰ ਵੀ ਰਹੇ। ਖ਼ਾਸ ਕਰਕੇ ਈਸਟਰਨ ਯੂਨੀਵਰਸਿਟੀ ਮਾਸਕੋ ਤੋਂ ਫਲਸਫੇ ਤੇ ਤਕਨੀਕੀ ਸਿੱਖਿਆ ਦੇ ਕਈ ਕੋਰਸ ਪਾਸ ਕੀਤੇ। ਉਹ ਇਕ ਵਧੀਆ ਲੇਖਕ, ਆਲੋਚਕ ਤੇ ਸੰਪਾਦਕ ਵੀ ਸਨ। ਉਹ ਪੰਜਾਬ ਅਸੈਂਬਲੀ ਦੇ ਬਿਨਾਂ ਮੁਕਾਬਲਾ ਮੈਂਬਰ ਚੁਣੇ ਗਏ। ਇਸ ਤਰ੍ਹਾਂ ਦੀਆਂ ਅਨੇਕਾਂ ਹੀ ਪ੍ਰਾਪਤੀਆਂ, ਦੇਸ਼ ਭਗਤੀ ਦਾ ਜਜ਼ਬਾ ਤੇ ਨਿਸ਼ਕਾਮ ਸੇਵਾ ਲਈ ਉਨ੍ਹਾਂ ਦੀਆਂ ਕੁਰਬਾਨੀਆਂ ਹਮੇਸ਼ਾਂ ਲਈ ਯਾਦ ਕੀਤੀਆਂ ਜਾਇਆ ਕਰਨਗੀਆਂ।

**12 ਅਪ੍ਰੈਲ ਲਈ**




ਸੁਤੰਤਰ ਜੀ ਦੇ ਸਮੁੱਚੇ ਪਰਿਵਾਰ ਨੇ ਨਾਮਧਾਰੀ ਲਹਿਰ, ਗਦਰ ਲਹਿਰ, ਅਕਾਲੀ ਲਹਿਰ ਤੇ ਆਜ਼ਾਦੀ ਦੀ ਲਹਿਰ ਵਿਚ ਅਹਿਮ ਹਿੱਸਾ ਪਾਇਆ। ਉਨ੍ਹਾਂ ਦੇ ਗੁਪਤਵਾਸ ਸਮੇਂ ਉਨ੍ਹਾਂ ਦੇ ਦੋ ਛੋਟੇ ਭਾਈ, ਇਕ ਥਾਣਿਆਂ ਵਿਚ ਪੁਲਿਸ ਦੇ ਤਸੀਹੇ ਝੱਲ ਰਿਹਾ ਸੀ ਤੇ ਉਸ ਤੋਂ ਛੋਟਾ ਸ. ਮੇਦਨ ਸਿੰਘ ਮੇਦਨ ਬਰੇਲੀ ਸੈਂਟਰਲ ਜੇਲ੍ਹ ਵਿਚ ਉਮਰ ਕੈਦ ਸੀ। ਬਿਰਧ ਮਾਤਾ-ਪਿਤਾ, ਉਨ੍ਹਾਂ ਦੀ ਵਿਧਵਾ, ਛੋਟੀ ਭੈਣ, ਭਾਣਜਾ ਅਤੇ ਉਨ੍ਹਾਂ ਦੀ ਇਕਲੌਤੀ ਪੁੱਤਰੀ ਆਦਿ ਦੀਆਂ ਮੌਤਾ ਉਨ੍ਹਾਂ ਦੀ ਗੈਰ-ਹਾਜ਼ਰੀ ਵਿਚ ਹੀ ਹੋਈਆਂ। ਘਰ ਦੀ ਤਬਾਹੀ ਗਰੀਬੀ, ਤੰਗੀ, ਮਸੀਬਤਾਂ ਦੇ ਅਨੇਕਾਂ ਹੀ ਪਹਾੜ ਟੁੱਟੇ, ਉਮਰ ਕੈਦ ਕੱਟ ਰਹੇ ਮੇਦਨ ਜੀ ਦੀ ਧਰਮ ਪਤਨੀ ਦੀ ਚਿੱਠੀ ਵੀ ਉਨ੍ਹਾਂ ਨੂੰ ਜੇਲ੍ਹ ਵਿਚ ਹੀ ਮਿਲੀ, ਜਿਸ ਵਿਚ ਘਰ ਦੀ ਤਬਾਹੀ ਦਾ ਜ਼ਿਕਰ ਸੀ।

ਸੁਤੰਤਰ ਜੀ ਨੇ ਤੇਜਾ ਵਹੀਲਾ ਗੁਰਦੁਆਰਾ ਜੋ ਕਿਲ੍ਹੇ ਨੁਮਾ ਬਣਿਆ ਹੋਇਆ ਸੀ ਅਤੇ ਉਠੀਆਂ ਦਾ ਗੁਰਦੁਆਰਾ ਫੌਜੀ ਵਿਉਂਤਬੰਦੀ ਨਾਲ ਮਹੰਤਾਂ ਪਾਸੋਂ ਆਜ਼ਾਦ ਕਰਵਾਏ। ਇਸ ਮੁਹਿੰਮ ਵਿਚ ਕਿਸੇ ਨੂੰ ਚਪੇੜ ਵੀ ਨਾ ਮਾਰਨੀ ਪਈ। ਜਦਕਿ ਹੋਰਨਾਂ ਗੁਰਦੁਆਰਿਆਂ ਨੂੰ ਆਜ਼ਾਦ ਕਰਵਾਉਣ ਲਈ ਮਹੀਨੇ-ਮਹੀਨੇ ਤੇ ਸਾਲਾਂਬੱਧੀ ਲੱਗਦੇ ਰਹੇ। ਮੋਰਚੇ ਲੰਬੇ ਹੋ ਜਾਂਦੇ ਰਹੇ। ਗੁਰੂ ਕੇ ਬਾਗ਼ ਦਾ ਮੋਰਚਾ ਲੰਬਾ ਸਮਾਂ ਲੈਂਦਾ ਵੇਖ ਕੇ ਸੁਤੰਤਰ ਜੀ ਨੇ ਉਸ ਵੇਲੇ ਦੀ ਲੀਡਰਸ਼ਿਪ ਨੂੰ ਰਾਏ ਦਿੱਤੀ ਕਿ ਸ਼ਾਂਤਮਈ ਵਤੀਰਾ ਛੱਡ ਕੇ ਡੁਰਲੀ ਜਥੇ ਰਾਹੀਂ ਇਹ ਮੋਰਚਾ ਲੜਿਆ ਜਾਵੇ, ਆਖ਼ਿਰ ਉਸ ਜਥੇ ਵਿਚ ਆਪਣਾ ਸੁਤੰਤਰ ਸ਼ਹੀਦ ਜਥਾ ਮੋਹਰੇ ਲਿਆਂਦਾ ਤੇ ਗੁਰੂ ਦੇ ਬਾਗ਼ ਦਾ ਮੋਰਚਾ ਸਰ ਕਰ ਲਿਆ।

ਇਨ੍ਹਾਂ ਘਟਨਾਵਾਂ ਨੇ ਸੁਤੰਤਰ ਜੀ ਨੂੰ ਉਸ ਵਕਤ ਲੀਡਰਸ਼ਿਪ ਦੀ ਮੋਹਰਲੀ ਕਤਾਰ ਵਿਚ ਲਿਆ ਖੜ੍ਹੇ ਕੀਤਾ। ਉਹ ਉਸ ਸਮੇਂ ਦੇ ਲੀਡਰਾਂ ਨਾਲੋਂ ਸਭ ਤੋਂ ਛੋਟੇ ਸਨ। ਪਰ ਵਿੱਦਿਆ ਵਿਚ ਸਭ ਤੋਂ ਅੱਗੇ ਸਨ, ਤਾਂ ਹੀ ਸ਼੍ਰੋਮਣੀ ਅਕਾਲੀ ਦਲ ਦੇ ਸਿੱਖ ਧਰਮ ਦੇ ਪ੍ਰਚਾਰ ਲਈ ਉਨ੍ਹਾਂ ਨੂੰ ਅਫਗਾਨਿਸਤਾਨ ਭੇਜਿਆ, ਕਿਉਂਕਿ ਸੁਤੰਤਰ ਜੀ ਦੇ ਪਿਤਾ ਬਾਬਾ ਕ੍ਰਿਪਾਲ ਸਿੰਘ ਜੀ ਦੇ ਗਦਰੀਆਂ ਨਾਲ ਸਬੰਧ ਸਨ। ਇਸ ਲਈ ਕਾਬਲ ਵਿਚ ਉਹ ਗਦਰੀਆਂ ਦੇ ਸੰਪਰਕ ਵਿਚ ਆਏ, ਭਾਈ ਰਤਨ ਸਿੰਘ, ਮਾਸਟਰ ਊਧਮ ਸਿੰਘ, ਬਾਬਾ ਗੁਰਮੁੱਖ ਸਿੰਘ ਆਦਿ ਉਸ ਸਮੇਂ ਦੇ ਭਗੌੜੇ ਗਦਰੀਆਂ ਨਾਲ ਉਨ੍ਹਾਂ ਦਾ ਪੂਰਾ ਤਾਲ-ਮੇਲ ਹੋ ਗਿਆ।

ਤੁਰਕੀ ਤੇ ਅਫਗਾਨਿਸਤਾਨ ਦੀਆਂ ਹਕੂਮਤਾਂ ਅੰਗਰੇਜ਼ ਵਿਰੁੱਧੀ ਸਨ। ਇਨ੍ਹਾਂ ਹਕੂਮਤਾਂ ਦੀ ਪ੍ਰੇਰਣਾ ਨੇ ਸੁਤੰਤਰ ਜੀ ਨੂੰ ਤੁਰਕੀ ਫੌਜੀ ਦੀਆਂ ਵਿਦਿਆ ਲੈਣ ਲਈ ਤੁਰਕੀ ਭੇਜਿਆ, ਜਿਥੇ ਉਨ੍ਹਾਂ ਕੁਸਤੁਨਤਨੀਆਂ ਫੌਜੀ ਕਾਲਜ ਤੋਂ ਉਚ ਵਿਦਿਆ ਪ੍ਰਾਪਤ ਕੀਤੀ।

1929 ਵਿਚ ਅਮਰੀਕਾ ਦੀ ਗਦਰ ਪਾਰਟੀ ਟੁੱਟ-ਭੱਜ ਗਈ, ਅੰਗਰੇਜ਼ਾਂ ਦੀ ਸਾਜ਼ਿਸ਼ ਕਾਰਨ, ਉਨ੍ਹਾਂ ਦੇ ਖ਼ਰੀਦੇ ਗਦਾਰਾਂ ਨੇ ਭਾਈ ਸਿੰਘ ਵਰਗੇ ਗਦਰੀ ਮਰਵਾ ਦਿੱਤੇ, ਗਦਰ ਪਾਰਟੀ ਦੇ ਹੁਕਮ ਮੁਤਾਬਿਕ ਉਹ ਨੌਕਰੀ ਛੱਡ ਕੇ ਅਮਰੀਕਾ ਗਏ, ਉਥੇ ਜਾ ਕੇ ਉਨ੍ਹਾਂ ਗਦਰ ਅਖ਼ਬਾਰ ਕੱਢਿਆ ਤੇ ਉਹ ਵਿਚ ਲੰਬੇ-ਲੰਬੇ ਲੇਖ ਲਿਖ ਕੇ ਲੋਕਾਂ ਨੂੰ ਦੇਸ਼ ਦੀ ਆਜ਼ਾਦੀ ਲਈ ਲਾਮਬੰਦ ਕੀਤਾ ਅਤੇ ਇਸ ਦੇ ਨਾਲ ਹੀ ਗੁਰੀਲੇ ਜਥਾਬੰਦ ਕਰਕੇ 30 ਦੇ ਕਰੀਬ ਅੰਗਰੇਜ਼ਾਂ ਦੇ ਖ਼ਰੀਦੇ ਗਦਾਰਾਂ ਨੂੰ ਸੋਧਿਆ। ਅਮਰੀਕਾ ਵਿਚ ਉਸ ਸਮੇਂ ਤਹਿਲਕਾ ਮਚ ਗਿਆ, ਅੰਗਰੇਜ਼ਾਂ ਅਮਰੀਕਾ ਸਰਕਾਰ ਨੂੰ ਮਜਬੂਰ ਕੀਤਾ ਕਿ ਉਹ ਸੁਤੰਤਰ ਨੂੰ ਅਮਰੀਕਾ ’ਚੋਂ ਕੱਢ ਦੇਵੇ।

ਸੁਤੰਤਰ ਜੀ ਸ਼ਾਂਤ ਵਿਵਸਥਾ ਦੇ ਉਥੋਂ ਤੱਕ ਹਾਮੀ ਸਨ, ਜਿੱਥੋਂ ਤੱਕ ਲੋਕਾਂ ਨੂੰ ਜਾਗ੍ਰਿਤ ਤੇ ਲਾਮਬੰਦ ਕਰਨਾ ਹੁੰਦਾ ਹੈ ਪਰ ਇਸਦੇ ਨਾਲ-ਨਾਲ ਉਹ ਹਥਿਆਰਬੰਦੀ ਨੂੰ ਬਹੁਤ ਲਾਜ਼ਮੀ ਸਮਝਦੇ ਸਨ। ਉਹ ਕਿਹਾ ਕਰਦੇ ਸਨ ਕਿ ਕਿਸੇ ਇੰਨਕਲਾਬੀ ਲਹਿਰ ਲਈ ਤਕਰੀਰ ਤੇ ਸ਼ਮਸ਼ੀਰ ਦੋਵੇਂ ਹੋਣੀਆਂ ਲਾਜ਼ਮੀ ਨੇ ਅਤੇ ਇਨ੍ਹਾਂ ਦੀ ਵਰਤੋਂ ਲੋਕ ਸਮੇਂ ਕਰਨੀ ਚਾਹੀਦੀ ਹੈ।

ਸੁਤੰਤਰ ਜੀ ਨੇ ਹਿੰਦੁਸਤਾਨ ਦੀ ਅੱਸੀ ਫੀਸਦੀ ਕਿਸਾਨੀ ਨੂੰ ਜਥਾਬੰਦ ਕਰਨ ਵਿਚ ਮਹੱਤਵਪੂਰਨ ਰੋਲ ਅਦਾ ਕੀਤਾ ਅਤੇ ਉਹ ਕੁਲ ਹਿੰਦ ਕਿਸਾਨ ਦੇ ਪ੍ਰਧਾਨ ਵੀ ਰਹੇ, ਪੈਪਸੂ ਦੀ ਮੁਜ਼ਾਰਾ ਲਹਿਰ ਨੂੰ ਜਥਾਬੰਦ ਕਰਕੇ ਗੁਰੀਲਾ ਜਥੇ ਬਣਾਕੇ 171/2 ਏਕੜ ਜ਼ਮੀਨ ਮੁਜ਼ਾਰਿਆਂ ਨੂੰ ਬੇਜ਼ਮੀਨੇ ਲੋਕਾਂ ਵਿਚ ਵੰਡੀ। ਉਹ ਇਸ ਲਹਿਰ ਦੇ ਜਨਮ ਦਾਤਾ ਸਨ, ਉਹ ਭਾਰਤੀ ਜ਼ੁਬਾਨਾਂ ਤੋਂ ਇਲਾਵਾ 14 ਵਿਦੇਸ਼ੀ ਜ਼ੁਬਾਨਾਂ ਦੇ ਮਾਹਿਰ ਸਨ। ਉਹ ਇਕ ਮਹਾਨ ਜਰਨੈਲ, ਮਹਾਨ ਸਿਆਸਤਦਾਨ, ਲੇਖਕ, ਕੀਲ ਲੈਣ ਵਾਲੇ ਬੁਲਾਰੇ, ਆਗੂ, ਤਿਆਗੀ, ਤਪਸਵੀ ਤੇ ਸੂਰਮੇ ਦੇਸ਼ ਭਗਤ ਸਨ। ਉਨ੍ਹਾਂ ਦੀਆਂ ਅੱਖਾਂ ਵਿਚ ਮਿਕਨਾਤੀਸੀ ਖਿੱਚ ਹੁੰਦੀ ਸੀ। ਉਨ੍ਹਾਂ ਦੀ ਲਗਨ, ਲੋਕ ਸੇਵਾ, ਸਾਦਗੀ, ਨਿਸ਼ਕਾਮਤਾ ਆਪਣੇ ਆਪ ਵਿਚ ਇਕ ਮਿਸ਼ਾਲ ਹੈ। ਸਰਕਾਰ ਨੇ ਇਸ ਪਰਿਵਾਰ ਵੱਲ ਕਦੇ ਧਿਆਨ ਨਹੀਂ ਦਿੱਤਾ ਅਤੇ ਨਾ ਹੀ ਸਰਕਾਰ ਨੇ ਉਨ੍ਹਾਂ ਦੀ ਕੋਈ ਉਚੇਚੇ ਵੱਡੀ ਯਾਦਗਾਰ ਹੀ ਬਣਾਈ ਹੈ ਤੇ ਨਾ ਹੀ ਉਨ੍ਹਾਂ ਦੇ ਪਿੰਡ ਨੂੰ ਇਤਿਹਾਸਕ ਕਰਾਰ ਦਿੱਤਾ ਹੈ, ਉਨ੍ਹਾਂ ਦੇ ਪਿੰਡ ਦੇ ਮਕਾਨ ਦੇ ਨਜ਼ਦੀਕ ਉਨ੍ਹਾਂ ਦੀ ਇਕ ਛੋਟੀ ਜਿਹੀ ਸਮਾਧ ਜ਼ਰੂਰ ਬਣਾਈ ਗਈ ਹੈ। ਜਦਕਿ ਸਰਕਾਰ ਨੂੰ ਉਨ੍ਹਾਂ ਦੇ ਪਿੰਡ ਅਲੂਣਾ (ਹਰਦੋਛੰਨੀ) ਨੂੰ ਜਾਂਦੀ ਸੜਕ ਲਾ ਤੇਜਾ ਸਿੰਘ ‘ਸੁਤੰਤਰ ਮਾਰਗ’ ਰੱਖਣਾ ਚਾਹੀਦਾ ਹੈ। ਹਰ ਸਾਲ ਉਨ੍ਹਾਂ ਦੀ ਬਰਸੀ 12 ਅਪ੍ਰੈਲ ਨੂੰ ਮਨਾਈ ਜਾਂਦੀ ਹੈ।

# "ਮੂਕ ਭਾਸ਼ਾ"

## ਮਿੰਨੀ ਕਹਾਣੀ

ਕੈਲਾਸ਼ ਠਾਕੁਰ
ਨੰਗਲ ਟਾਊਨਸ਼ਿਪ
ਮੋਬਾਈਲ : 94646-88315
(Punjab Mail USA)



"ਮੰਮੀ, ਤੁਸੀਂ ਆਰਾਮ ਕਰੋ। ਮੈਂ ਤੇ ਸੁਖਦੀਪ ਬਾਜ਼ਾਰ ਜਾ ਕੇ ਆਏ, ਕੁੱਝ ਘਰ ਦਾ ਸਾਮਾਨ ਲਿਆਉਣ ਵਾਲਾ ਹੈ।" ਗੁਰਤੇਜ ਨੇ ਮਾਂ ਨੂੰ ਕਿਹਾ।

"ਹਾਂ-ਹਾਂ ਪੁੱਤ, ਜੋ ਕੰਮ ਕਰਨ ਵਾਲੇ ਹਨ, ਉਹ ਕਰੋ। ਮੇਰੀ ਚਿੰਤਾ ਨਾ ਕਰੋ।" ਚਰਨ ਕੌਰ ਨੇ ਕਿਹਾ।

ਨੂੰਹ-ਪੁੱਤ ਦੇ ਜਾਣ ਤੋਂ ਬਾਅਦ ਉਹ ਆਪਣੀਆਂ ਸੋਚਾਂ ਦੇ ਵਹਿਣ ਵਿਚ ਗੁਆਚ ਗਈ। ਜੇ ਗੁਰਤੇਜ ਦੇ ਭਾਪਾ ਜੀ ਜਿਉਂਦੇ ਹੁੰਦੇ, ਤਾਂ ਮੈਂ ਕਾਹਨੂੰ ਏਨੀ ਦੂਰ ਬੰਗਲੌਰ ਆਉਣਾ ਸੀ। ਪਤਾ ਨਹੀਂ ਕਿਉਂ ਗੁਰਤੇਜ ਜ਼ਬਰਦਸਤੀ ਏਨੀ ਦੂਰ ਲੈ ਆਇਆ। ਉੱਥੇ ਸਾਰਾ ਸ਼ਰੀਕਾ-ਕਬੀਲਾ ਸੀ। ਮੈਂ ਤਾਂ ਉੱਥੇ ਹੀ ਆਪਣੀਆਂ ਯਾਦਾਂ ਦੇ ਸਹਾਰੇ ਟੈਮ ਕੱਢ ਲੈਣਾ ਸੀ।"

ਬੀਤਿਆ ਸਮਾਂ ਯਾਦ ਕਰਕੇ ਉਸਦਾ ਦਿਲ ਘਬਰਾਉਣ ਲੱਗਾ। ਕੋਲ ਪਏ ਜੱਗ ਵਿਚੋਂ ਪਾਣੀ ਦਾ ਗਿਲਾਸ ਭਰ ਕੇ ਪੀਤਾ। ਪਰ ਅਜੇ ਵੀ ਦਿਲ ਘਾਉਂ-ਮਾਉਂ ਜਿਹਾ ਹੋ ਰਿਹਾ ਸੀ। ਜਿਵੇਂ ਅੱਜ ਫਿਰ ਢਿੱਡ ਵਿਚ ਗਮ ਦਾ ਗੋਲਾ ਘੇਰੂ ਪਾ ਰਿਹਾ ਹੋਵੇ। ਢਿੱਡ ਵਿਚ ਕੜੱਲ ਜਿਹੇ ਪੈਣ ਲੱਗੇ। ਪੀੜ ਨਾਲ ਆਪ-ਮੁਹਾਰੇ ਹਾਏ-ਹਾਏ ਨਿਕਲਣ ਲੱਗਿਆ। ਹਾਏ ਰੱਬਾ! ਹੁਣ ਮੈਂ ਕੀ ਕਰਾਂ? ਪਤਾ ਨਹੀਂ, ਗੁਰਤੇਜ ਕਦੋਂ ਵਾਪਸ ਆਊ। ਮਨ ਹੀ ਮਨ ਸੋਚਿਆ, ਜੇ ਮੈਂ ਪਿੰਡ ਹੁੰਦੀ, ਤਾਂ ਮੇਰੀ ਇੱਕ ਆਵਾਜ਼ 'ਤੇ ਪੂਰਾ ਪਿੰਡ ਇਕੱਠਾ ਹੋ ਜਾਂਦਾ। ਪਰ ਇੱਥੇ ਤਾਂ ਫੌਜੀ ਕਾਲੋਨੀ ਵਿਚ ਵਣ-ਵਣ ਦੀ ਲੱਕੜੀ ਹੈ - ਕੀ ਕਰਾਂ?

ਜਦੋਂ ਢਿੱਡ ਵਿਚ ਪੀੜ ਅਸਹਿ ਹੋ ਗਈ, ਤਾਂ ਉਸਨੇ ਦਰਵਾਜ਼ਾ ਖੋਲ੍ਹ ਕੇ ਸਾਹਮਣੇ ਵਾਲੇ ਕਵਾਟਰ ਦਾ ਦਰਵਾਜ਼ਾ ਖੜ੍ਹਕਾਇਆ। ਅੰਦਰੋਂ ਖ਼ੂਬਸੂਰਤ ਬੰਗਾਲੀ ਔਰਤ ਨਿਕਲੀ। ਚਰਨ ਕੌਰ ਨੇ ਲੜਖੜਾਉਂਦੀ ਨੇ ਪੰਜਾਬੀ ਵਿਚ ਇਸ਼ਾਰੇ ਨਾਲ ਸਮਝਾਇਆ ਕਿ ਉਹ ਸਾਹਮਣੇ ਕਵਾਟਰ ਵਿਚ ਰਹਿੰਦੇ ਗੁਰਤੇਜ ਦੀ ਮਾਂ ਹੈ ਤੇ ਢਿੱਡ ਨੂੰ ਫੜ ਕੇ ਹਾਏ-ਹਾਏ ਕਰਦੀ ਉੱਥੇ ਹੀ ਬੇਹੋਸ਼ ਹੋ ਗਈ।

ਜਦੋਂ ਹੋਸ਼ ਆਈ, ਤਾਂ ਆਪਣੇ ਆਪ ਨੂੰ ਫੌਜੀ ਹਸਪਤਾਲ ਦੇ ਬੈੱਡ 'ਤੇ ਪਏ ਵੇਖਿਆ। ਉਸ ਦੇ ਕੋਲ ਗੁਰਤੇਜ, ਸੁਖਦੀਪ ਤੇ ਉਹੀ ਬੰਗਾਲੀ ਔਰਤ ਖੜ੍ਹੀ ਸੀ। ਮਾਂ ਦੀਆਂ ਪ੍ਰਸ਼ਨਵਾਚਕ ਨਜ਼ਰ ਨੂੰ ਪੜ੍ਹਦਿਆਂ ਗੁਰਤੇਜ ਨੇ ਕਿਹਾ, "ਮੰਮੀ ਇਹ ਹੌਲਦਾਰ ਸੰਦੀਪ ਚੈਟਰਜੀ ਦੀ ਪਤਨੀ ਮਿਸਿਜ ਚੈਟਰਜੀ ਹਨ। ਇਨ੍ਹਾਂ ਨੇ ਫਟਾਫਟ ਫੋਨ ਕਰਕੇ ਐਂਬੂਲੈਂਸ ਨੂੰ ਬੁਲਾਇਆ ਤੇ ਨਾਲ ਹੀ ਮੈਨੂੰ ਫੋਨ ਕਰ ਦਿੱਤਾ। ਤੁਹਾਡੇ ਖ਼ੂਨ ਦੇ ਸੈਂਪਲ ਟੈਸਟ ਲਈ ਭੇਜੇ ਹਨ, ਘਬਰਾਉਣ ਦੀ ਲੋੜ ਨਹੀਂ।"

ਚਰਨ ਕੌਰ ਨੇ ਮਮਤਾ ਭਰੀਆਂ ਅੱਖਾਂ ਨਾਲ ਮਿਸਿਜ ਚੈਟਰਜੀ ਵੱਲ ਵੇਖਿਆ। ਦੋਨਾਂ ਨੇ ਭਾਸ਼ਾ ਦੇ ਵਖਰੇਵੇਂ ਦੇ ਬਾਵਜੂਦ ਅੱਖਾਂ ਦੀ ਮੂਕ ਭਾਸ਼ਾ ਪੜ੍ਹ ਲਈ। ਮਿਸਿਜ ਚੈਟਰਜੀ ਨੇ ਪਿਆਰ ਤੇ ਸਤਿਕਾਰ ਨਾਲ ਚਰਨ ਕੌਰ ਦਾ ਹੱਥ ਪਲੋਸਿਆ।

## ਦਮਦਮਾ ਸਾਹਿਬ ਦੀ ਵਿਸਾਖੀ

ਆਈ ਵਿਸਾਖੀ ਖੁਸ਼ੀਆਂ ਵਾਲ਼ੀ, ਦਮਦਮਾ ਸਾਹਿਬ ਨੂੰ ਚੱਲੀਏ।
ਤਖ਼ਤ ਸਾਹਿਬ ਚੱਲ ਟੇਕੀਏ ਮੱਥਾ, ਨਾਲ ਸੰਗਤ ਦੇ ਰਲ਼ੀਏ।

ਆਏ ਏਥੇ ਸਨ ਦਸਮ ਪਾਤਸ਼ਾਹ, ਚੱਲ ਕੇ ਢਾਬ ਖਿਦਰਾਣਾ।
ਨੌਂ ਮਹੀਨੇ ਨੌਂ ਦਿਨ ਸਤਿਗੁਰ, ਕੀਤਾ ਇੱਥੇ ਟਿਕਾਣਾ।

ਲੰਮੇ ਸਮੇਂ ਦੇ ਯੁੱਧਾਂ ਪਿੱਛੋਂ, ਕੀਤਾ ਗੁਰ ਬਿਸਰਾਮ।
ਏਸ ਜਗ੍ਹਾ ਨੂੰ ਸਤਿਗੁਰ ਦਿੱਤਾ, ਤਖ਼ਤ ਚੌਥੇ ਦਾ ਨਾਮ।

ਭਾਈ ਡੱਲੇ ਨੂੰ ਦਾਤੇ ਨੇ, ਦਿੱਤੀ ਸੀ ਵਡਿਆਈ।
ਸਿੰਘ ਸਜਾ ਕੇ ਗਲ਼ ਨਾਲ ਲਾਇਆ, ਉਸਦੀ ਪੈਜ ਰਖਾਈ।

ਮੌਜ 'ਚ ਆ ਕੇ ਦਸਮ ਗੁਰੂ ਨੇ, ਕਈ ਕੌਤਕ ਸਨ ਕੀਤੇ।
ਸੰਗਤ ਨੇ ਵੀ ਦਾਤੇ ਕੋਲ਼ੋਂ, ਘੁੱਟ ਅੰਮ੍ਰਿਤ ਦੇ ਪੀਤੇ।

'ਗੁਰੂ ਕਾਸ਼ੀ' ਅਖਵਾਏ ਧਰਤੀ, ਖੁੱਲ੍ਹੇ ਕਈ ਵਿਦਿਆਲੇ।
ਗੁਰ-ਦਾਤੇ ਦੀ ਅਜ਼ਮਤ ਤੋਂ, ਸਭ ਹੁੰਦੇ ਜਾਣ ਨਿਹਾਲੇ।

ਮੇਲੇ ਵਾਲ਼ੇ ਦਿਨਾਂ ਨੂੰ ਏਥੇ, ਲੱਗਣ ਅਜਬ ਬਹਾਰਾਂ।
ਗੁਰ-ਦਰਬਾਰ 'ਚ ਮੱਥਾ ਟੇਕਣ, ਬੰਨ੍ਹਣੀਆਂ ਪੈਣ ਕਤਾਰਾਂ।

ਚੋਜੀ ਪ੍ਰੀਤਮ ਕੋਲ਼ੋਂ ਓਹੀ, ਮਨਇੱਛਿਤ ਫ਼ਲ ਪਾਵੇ।
ਸ਼ਰਧਾ ਨਾਲ਼ 'ਸ਼ਨਾਨ ਕਰੇ, ਤੇ ਸੱਚੇ ਦਿਲੋਂ ਧਿਆਵੇ।

ਸਰਕਸ, ਝੂਲੇ, ਖਾਣ-ਪੀਣ ਦੀਆਂ, ਸਜੀਆਂ ਬਹੁਤ ਦੁਕਾਨਾਂ।
ਲੋਕਾਂ ਦੇ ਇਸ ਅਜਬ ਜਲੌਅ ਨੂੰ, ਖੜ੍ਹ ਕੇ ਵੇਖ ਜਵਾਨਾਂ।

ਕਿਧਰੇ ਕਵੀ, ਕਵੀਸ਼ਰ ਕਿਧਰੇ, ਢਾਡੀ ਵਾਰਾਂ ਗਾਉਂਦੇ।
ਮੱਲ 'ਖਾੜੇ ਵਿਚ ਦੂਰ ਪਰ੍ਹੇ, ਇੱਕ-ਦੂਜੇ ਨੂੰ ਪਏ ਢਾਹੁੰਦੇ।

ਦਸਮ ਪਿਤਾ ਦੇ ਦਰ ਤੇ ਸਾਰੇ, ਆਓ ਸੀਸ ਝੁਕਾਈਏ!
ਧੰਨ ਗੁਰੂ, ਧੰਨ ਅੰਮ੍ਰਿਤ-ਦਾਤਾ, ਨਾਲ਼ ਰੂਹੀ ਦੇ ਗਾਈਏ।



-ਪ੍ਰੋ. ਨਵ ਸੰਗੀਤ ਸਿੰਘ, ਬਠਿੰਡਾ
94176-92015.
(Punjab Mail USA)

## ਕੰਡਿਆਲ਼ਾ ਰਾਹ

ਹਿਜਰਾਂ ਦੀ ਪੀੜ ਕੁਲਹਿਣੀ ਜੇ ਹੱਡੀਂ ਬਹਿ ਜਾਂਦੀ,
ਹੌਲ਼ੇ ਜਿਹੇ ਆ ਕੇ ਫਿਰ ਦਿਲ ਵਿਚ ਲਹਿ ਜਾਂਦੀ।

ਚੰਦਰੀ ਇਸ਼ਕ ਬਿਮਾਰੀ ਦੁਨੀਆਂ ਹੈ ਕਹਿੰਦੀ,
ਨੈਣਾਂ ਰਾਹੀਂ ਅੰਦਰ ਆ ਕੇ ਸਾਹੀਂ ਵਸ ਬਹਿੰਦੀ।

ਲੱਭੇ ਨ ਇਲਾਜ ਕੋਈ ਲੁਕਮਾਨ ਜਿਹੇ ਝੁੱਕ ਜਾਂਦੇ ,
ਕਿੰਨੇ ਆਸ਼ਕ ਜੋ ਅਣਿਆਈ ਮੌਤ ਹੀ ਮੁੱਕ ਜਾਂਦੇ।

ਲੈਂਦੇ ਨੇ ਹਉਕੇ ਹਾਵੇ ਸੌਂਦੇ ਕੰਡਿਆਂ ਦੀ ਸੇਜ ਉੱਤੇ,
ਚੜ੍ਹੇ ਬਲੀ ਇਸ਼ਕ ਦੀ ਕਈ 'ਸ਼ਿਵ' ਜਵਾਨੀ ਰੁੱਤੇ।

ਕੱਚੇ ਪੱਕੇ ਨੂੰ ਪਰਖਦਾ ਕਦੇ ਕੰਢੇ ਝਨਾਂ ਦੇ ਉੱਤੇ,
ਸੱਸੀ ਨੂੰ ਰੋਲ ਥਲੀਂ ਕਦੇ ਟੰਗਕੇ ਤੀਰ ਜੰਡ ਉੱਤੇ।

ਛੱਡਦਾ ਨਾ ਕੱਖ ਪੱਲੇ ਨਾ ਇਹ ਪੱਲੇ ਪੈਣ ਦਿੰਦਾ,
ਕਰਦਾ ਲੰਬੀਆਂ ਵਾਟਾਂ ਨਾ ਚੁੱਪ ਰਹਿਣ ਦਿੰਦਾ।



ਸੇਵਾ ਸਿੰਘ "ਨੂਰਪੁਰੀ"
(Punjab Mail USA)

## ਗੰਧਲੀ ਸਿਆਸਤ

ਗੰਧਲੀ ਸਿਆਸਤ ਤੇ ਮੌਕਾਪ੍ਰਸਤ ਨਾਲ ਭਰਿਆ ਹੈ ਚਾਰ ਚੁਫ਼ੇਰਾ।
ਸੰਭਲੋ ਤੇ ਹੋਸ਼ ਕਰੋ ਨਹੀਂ ਤਾਂ ਚਾਨਣ ਨੂੰ ਖਾ ਜਾਵੇਗਾ ਘੁੱਪ ਹਨ੍ਹੇਰਾ।

ਲੱਗ ਜਾਂਦੀ ਨਜ਼ਰ ਛੇਤੀ ਜਾਂ ਕਹਿ ਲਵੋ ਪੰਜਾਬ ਦੀ ਤਕਦੀਰ ਮਾੜੀ,
ਆਪਣੇ ਹੀ ਖ਼ੁਸ਼ ਹੁੰਦੇ ਯਾਰੋ ਵੇਖ-ਵੇਖ ਕੇ ਆਪਣਿਆਂ ਦੀਆਂ ਲੇਰਾਂ।

ਇਹ ਇਤਿਹਾਸ ਦੀ ਖ਼ੂਬੀ ਹੈ ਜਾਂ ਫਿਰ ਮਾੜੀ ਆਦਤ ਕਹਿ ਲਵੋ,
ਦੁਹਰਾਅ ਜਾਂਦਾ ਹੈ ਇਹ ਖ਼ੁਦ ਨੂੰ ਇਥੇ ਚਲੇ ਨਾ ਜ਼ੋਰ ਤੇਰਾ ਮੇਰਾ।

ਬੜੇ ਉਤਾਰ-ਚੜ੍ਹਾਅ ਆਏ ਯਾਰੋ ਪੰਜਾਬ ਹੁਣ ਟੋਟੇ-ਟੋਟੇ ਹੋਇਆ,
ਇੱਕ ਸਮਾਂ ਸੀ ਉਹ ਵੀ ਯਾਰਾਂ ਇਸ ਦਾ ਕਾਬੁਲ ਤੱਕ ਸੀ ਘੇਰਾ।

ਸੱਚ ਦੀ ਆਵਾਜ਼ ਸੁਣੇ ਕੋਈ-ਕੋਈ, ਕੂੜ ਬਣਿਆ ਫਿਰੇ ਪ੍ਰਧਾਨ,
ਸੁੱਤੀਆਂ ਰੂਹਾਂ ਜਗਾਉਣ ਵਾਲੇ ਨੇ ਗਿੱਲ ਪਾਉਣਾ ਕਦੋਂ ਹੈ ਫੇਰਾ।

ਭਲਾ ਪਾਣੀ ਕਦੋਂ ਵੱਖ ਹੋਇਆ ਹੈ, ਜੇਕਰ ਕੋਈ ਮਾਰੀ ਜਾਵੇ ਡਾਂਗਾਂ,
ਨਾਹੀ ਲਗਿਆ ਮਨਦੀਪ ਕਦੇ ਵੀ ਦਿਲ ਦੇ ਰਿਸ਼ਤਿਆਂ 'ਤੇ ਪਹਿਰਾ।

-ਮਨਦੀਪ ਗਿੱਲ ਧੜਾਕ
99881-11134
(Punjab Mail USA)

## ਫ਼ਸਲ 'ਤੇ ਮਾਰ ਪੈ ਜਾਂਦੀ

ਦਿਲ ਦੀ ਗੱਲ ਜੱਟਾਂ ਦੀ ਦਿਲ ਵਿਚ ਰਹਿ ਜਾਂਦੀ
ਮਾਰ ਕਸੂਤੀ ਗੜਿਆਂ ਦੀ ਜਦ ਫਸਲ 'ਤੇ ਪੈ ਜਾਂਦੀ
ਦਿਲ ਦੀ ਗੱਲ ਦਿਲ ਵਿਚ ਰਹਿ ਜਾਂਦੀ, ਮਾਰ ਕਸੂਤੀ ਪੈ ਜਾਂਦੀ

ਪੁੱਤਾਂ ਵਾਂਗੂ ਪਾਲੀਆਂ ਫਸਲਾਂ ਜੋਬਨ 'ਤੇ ਆਈਆਂ
ਫਿਰ ਗਿਆ ਪਾਣੀ ਸਭਨਾਂ 'ਤੇ ਆਸਾਂ ਜੋ ਲਾਈਆਂ
ਧੀ ਲਈ ਦਾਜ ਲਿਆਉਣਾ ਸੀ ਫਿਰ ਢੇਰੀ ਢਹਿ ਜਾਂਦੀ
ਦਿਲ ਦੀ ਗੱਲ ਦਿਲ ਵਿਚ ਰਹਿ ਜਾਂਦੀ...

ਕੀੜੇ ਮਾਰ ਦਵਾਈਆਂ ਬੀਜ ਖਾਦਾਂ ਜੋ ਪਾਈਆਂ
ਬੈਂਕ ਆੜਤੀਆ ਕੋਲ ਜ਼ਮੀਨਾਂ ਗਹਿਣੇ ਨੇ ਪਾਈਆਂ
ਖੁਦਕੁਸ਼ੀਆਂ ਦਾ ਕਾਰਨ ਜੱਟ ਨੂੰ ਪੁੱਠੀ ਪੈ ਜਾਂਦੀ
ਦਿਲ ਦੀ ਗੱਲ ਦਿਲ ਵਿਚ ਰਹਿ ਜਾਂਦੀ....

ਮੌਕੇ ਦੀਆਂ ਸਰਕਾਰਾਂ ਵੀ ਤਾਂ ਡੰਗ ਟਪਾਉਂਦੀਆਂ ਨੇ
ਉਝ ਖ਼ਰਾਬਾ ਦੇਣਾ ਪੱਲੇ ਕੱਖ ਨਾ ਪਾਉਂਦੀਆਂ ਨੇ
ਉੱਤੋਂ ਸਾਡੇ ਆੜਤੀਏ ਦੀ ਬੇੜੀ ਬਹਿ ਜਾਂਦੀ
ਦਿਲ ਦੀ ਗੱਲ ਦਿਲ ਵਿਚ ਰਹਿ ਜਾਂਦੀ...

ਦਲਬੀਰ ਅੱਜ-ਕੱਲ੍ਹ ਜੱਟ ਜ਼ਮੀਨਾਂ ਦੇ ਤੋਤੇ ਉੱਡ ਗਏ ਨੇ
ਅੰਨਦਾਤੇ ਦੇ ਦੁਸ਼ਮਣ ਦੇ ਦਿਨ ਹੁਣ ਪੁੱਗ ਗਏ ਨੇ
ਪ੍ਰਧਾਨ ਮੰਤਰੀ ਦੀ ਕੁਰਸੀ ਹੁਣ ਜੱਟਾਂ ਨਾਲ ਖਹਿ ਜਾਂਦੀ
ਦਿਲ ਦੀ ਗੱਲ ਦਿਲ ਵਿਚ ਰਹਿ ਜਾਂਦੀ, ਮਾਰ ਕਸੂਤੀ ਪੈ ਜਾਂਦੀ...




ਦਲਬੀਰ ਸਿੰਘ ਕਲੇਰ
84277-13819
(Punjab Mail USA)

## ਗ਼ਜ਼ਲ

ਜੋ ਘਰ ਦੇ ਵਿਚ ਸਮਝੇ ਨਾ ਤੀਵੀਂ ਦੀ ਲੋੜ,
ਉਹ ਆਪਣੇ ਘਰ ਨੂੰ ਆਪੇ ਲੈਂਦਾ ਆ ਤੋੜ।
ਉਸ ਤੀਵੀਂ ਦਾ ਸਾਰੇ ਕਰਦੇ ਨੇ ਸਤਿਕਾਰ,
ਜੋ ਆਪਣੇ ਘਰ ਨੂੰ ਰੱਖੇ ਹਰ ਹੀਲੇ ਜੋੜ।
ਉਸ ਧੀ ਦਾ ਪਿੱਛਾ ਕਰਦਾ ਏ ਯਾਰੋ ਕੌਣ,
ਜੋ ਘਰ ਛੱਡ ਭੱਜ ਜਾਵੇ ਮਾਂ-ਪਿਉ ਦਾ ਦਿਲ ਤੋੜ।
ਵੱਢ ਕੇ ਉਨ੍ਹਾਂ ਨੂੰ ਐਵੇਂ ਖੁਸ਼ ਨਾ ਹੋਈ ਜਾਉ,
ਰੁੱਖਾਂ ਦੀ ਪੈਂਦੀ ਹੈ ਸਦਾ ਬੰਦੇ ਨੂੰ ਲੋੜ।
ਜਿਉਂਦੇ ਮਾਂ-ਪਿਉ ਦੀ ਕਰ ਲਉ ਰੱਜ ਕੇ ਤੁਸੀਂ ਸੇਵਾ,
ਮਰਿਆਂ ਨੂੰ ਫਿਰ ਕੋਈ ਲਿਆ ਨ੍ਹੀ ਸਕਦਾ ਮੋੜ।
ਉੱਨੇ ਜ਼ਿਆਦਾ ਪੱਕੇ ਹੋ ਜਾਂਦੇ ਨੇ ਪੈਰ,
ਰਾਹ ਦੇ ਵਿਚ ਜਿੰਨੇ ਜ਼ਿਆਦਾ ਹੁੰਦੇ ਨੇ ਰੋੜ।
ਇੱਕ ਦਿਨ ਉਨ੍ਹਾਂ ਨੇ ਤੇਰਾ ਕਰਨਾ ਬੁਰਾ ਹਾਲ,
ਐਵੇਂ ਖੁਸ਼ ਨਾ ਹੋ ਘਰ ਮਜ਼ਦੂਰਾਂ ਦੇ ਤੋੜ।



-ਮਹਿੰਦਰ ਸਿੰਘ ਮਾਨ, ਨਵਾਂ ਸ਼ਹਿਰ
99158-03554
(Punjab Mail USA)


REALTY ONE GROUP
FOR SALE & PURCHASE OF ANY KIND OF PROPERTY
Recently Sold Properties
Caravaggio, Sacramento
Stroman, Sacramento
Mason Ct, Tracy
Windsong Dr, Tracy
Oak Valley Way, Stockton
Van Eych, Sacramento
Valenda Ct, Elk Grove
Rodfo Ct, Sacramento
Masters St, Elk Grove
Little Harbor Ct, Elk Grove
Bond Road, Elk Grove
Bond Road, Elk Grove
New Listings
Elk Grove
Bradshaw
Bradshaw Road, Elk Grove
Neutra Way, Elk Grove
Pawcatuck Way, Rancho Cordova
Gurjatinder S. Randhawa
web: www.RealtorRandhawa.com
916-320-9444
garysingh123@yahoo.com
Gurjatinder S. Randhawa
REALTOR CA DRE licence # 01490567